ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 04 | 24 January 2018 to 30 January 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



**ਅੰਦਰ ਪੜ੍ਹੋ**

3 ਭਾਈਚਾਰਾ
ਸਿੱਖ ਯੂਥ ਆਫ ਅਮਰੀਕਾ ਨੂੰ ਹੋਰ ਸਰਗਰਮ ਕਰਨ ਦਾ ਅਹਿਦ



21 ਭਾਈਚਾਰਾ
ਕੈਪਟਨ ਦੇ ਰਾਹਾਂ ਵਿਚ ਕੰਡੇ ਬੀਜ ਰਹੇ ਨੇ ਉਸਦੇ ਦਰਬਾਰੀ



23 ਵਿਸ਼ੇਸ਼ ਰਿਪੋਰਟ
ਭਾਰਤ ਦੀਆਂ ਜੇਲ੍ਹਾਂ 'ਚ ਹੋ ਰਹੀ ਏ ਮਨੁੱਖੀ ਅਧਿਕਾਰਾਂ ਦੀ ਉਲੰਘਣਾ




# ਭਾਰਤ ਵਲੋਂ ਪਰਵਾਸੀ ਸਿੱਖਾਂ ਖਿਲਾਫ਼ ਕੂੜ ਪ੍ਰਚਾਰ ਤੇਜ

## *ਆਈਐੱਸਆਈ ਨਾਲ ਜੋੜ ਕੇ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ*

### ਭਾਰਤੀ ਗ੍ਰਹਿ ਮੰਤਰਾਲੇ ਨੇ ਖੁਫੀਆ ਏਜੰਸੀਆਂ ਦੀ ਝੂਠੀਆਂ ਰਿਪੋਰਟਾਂ 'ਤੇ ਬਿਆਨ ਦਾਗੇ ਕਿ ਬ੍ਰਿਟੇਨ ਤੋਂ ਬਾਅਦ ਨਿਊਯਾਰਕ 'ਚ ਭਾਰਤ ਵਿਰੋਧੀ ਸਰਗਰਮੀਆਂ ਲਈ ਖਾਲਿਸਤਾਨੀਆਂ ਨੇ ਕੀਤੀ ਫੰਡਿੰਗ

**ਨਵੀਂ ਦਿੱਲੀ/ਬਿਊਰੋ ਨਿਊਜ਼:** ਪ੍ਰਦੇਸੀ ਸਿੱਖਾਂ ਵੱਲੋਂ ਵਿਦੇਸ਼ਾਂ ਵਿਚ ਭਾਰਤੀ ਸਫਾਰਤਖਾਨਿਆਂ ਦੇ ਅਫਸਰਾਂ ਤੇ ਸਿਆਸਤਦਾਨਾਂ ਦਾ ਗੁਰਦੁਆਰਿਆਂ ਵਿਚ ਬਾਈਕਾਟ ਕਰਨ ਤੋਂ ਬਾਅਦ ਭਾਰਤੀ ਗ੍ਰਹਿ ਮੰਤਰਾਲੇ ਨੇ ਵਿਦੇਸ਼ਾਂ ਵਿਚ ਬੈਠੇ ਸਿੱਖਾਂ ਖ਼ਿਲਾਫ਼ ਪ੍ਰਚਾਰ ਤੇਜ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਰਤ ਸਰਕਾਰ ਅਨੁਸਾਰ ਪਾਕਿਸਤਾਨ ਖੁਫੀਆ ਏਜੰਸੀ ਆਈ. ਐੱਸ. ਆਈ. ਦੀ ਭਾਰਤ ਦੇ ਖ਼ਿਲਾਫ਼ ਇੱਕ ਹੋਰ ਸਾਜ਼ਿਸ਼ ਦਾ ਖੁਲਾਸਾ ਹੋਇਆ ਹੈ। ਗ੍ਰਹਿ ਮੰਤਰਾਲਾ ਨੇ ਦਾਅਵਾ ਕੀਤਾ ਹੈ ਕਿ ਇਸ ਸਬੰਧੀ ਖੁਫੀਆ ਜਾਣਕਾਰੀ ਮਿਲੀ ਹੈ ਕਿ ਆਈ. ਐੱਸ. ਆਈ. ਖਾਲਿਸਤਾਨੀ ਸਮੱਰਥਕ ਜਥੇਬੰਦੀਆਂ ਨੂੰ ਆਰਥਿਕ ਮਦਦ ਦੇ ਰਹੀ ਹੈ। ਆਈ. ਐੱਸ. ਆਈ. ਇਸ ਮਦਦ ਨਾਲ ਅਮਰੀਕਾ, ਯੂ. ਕੇ. ਅਤੇ ਕੈਨੇਡਾ ਵਿਚ ਮੌਜੂਦ ਖਾਲਿਸਤਾਨੀ ਹਮਾਇਤੀਆਂ ਨੂੰ ਭਾਰਤ ਦੇ ਖ਼ਿਲਾਫ਼ ਉਕਸਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਰਿਪੋਰਟ ਮੁਤਾਬਕ ਅਮਰੀਕਾ ਦੇ ਨਿਊਯਾਰਕ ਵਿਚ

**ਬਾਕੀ ਸਫ਼ਾ 27 'ਤੇ**

### ਭਾਰਤ ਸਰਕਾਰ ਸਿੱਖਾਂ ਨੂੰ ਕਰ ਰਹੀ ਏ ਬਦਨਾਮ : ਗੁਰਤੇਜ ਸਿੰਘ

**ਚੰਡੀਗੜ/ਬਿਊਰੋ ਨਿਊਜ਼:** ਪ੍ਰਸਿੱਧ ਸਿੱਖ ਵਿਦਵਾਨ ਗੁਰਤੇਜ ਸਿੰਘ ਆਈਏਐੱਸ ਨੇ ਕਿਹਾ ਕਿ ਭਾਰਤੀ ਗ੍ਰਹਿ ਮੰਤਰਾਲਾ ਹਮੇਸ਼ਾਂ ਸਿੱਖਾਂ ਨੂੰ ਅੱਤਵਾਦੀ ਤੇ ਆਈਐਸਆਈ ਦੇ ਏਜੰਟ ਕਹਿ ਕੇ ਬਦਨਾਮ



ਕਰਦਾ ਰਿਹਾ ਹੈ। ਵਿਦੇਸ਼ਾਂ ਵਿਚ ਭਾਰਤ ਸਫਾਰਤਖਾਨਿਆਂ ਦੇ ਅਫਸਰਾਂ ਦਾ ਗੁਰਦੁਆਰਿਆਂ ਵਿਚ ਬਾਈਕਾਟ ਭਾਰਤ ਸਰਕਾਰ ਨੂੰ ਬੁਰੀ ਤਰ੍ਹਾਂ ਚੁੱਭ ਰਿਹਾ। ਇਸੇ ਕਰਕੇ ਉਹ ਅਜਿਹੇ ਝੂਠ ਘੜ ਰਹੀ ਹੈ। ਇਸ ਦੇ ਕੋਈ ਸਬੂਤ ਨਹੀਂ ਹਨ। ਪਰ ਅਜਿਹਾ ਕਰਨਾ, ਕਿਸੇ ਕੌਮ ਨੂੰ ਬਦਨਾਮ ਕਰਨਾ ਅਪਰਾਧ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਅਜੇ ਤੱਕ 25 ਹਜ਼ਾਰ ਲਾਵਾਰਸ ਲਾਸ਼ਾਂ, ਝੂਠੇ ਪੁਲੀਸ ਮੁਕਾਬਲਿਆਂ, ਕਸ਼ਮੀਰ ਵਿਚ ਹੋਏ ਚਿੱਟੀਸਿੰਘਪੁਰਾ ਵਿਚ ਕਤਲੇਆਮ ਤੇ ਦਿੱਲੀ ਸਿੱਖ ਕਤਲੇਆਮ ਬਾਰੇ ਕੋਈ ਇਨਸਾਫ਼ ਨਹੀਂ ਦਿੱਤਾ। ਨਵੰਬਰ 1984 ਵਿੱਚ ਦਿੱਲੀ, ਕਾਨਪੁਰ,

**ਬਾਕੀ ਸਫ਼ਾ 27 'ਤੇ**

## ਸਹਿਜ਼ਾਦੀ ਸੋਫੀਆ ਦਲੀਪ ਸਿੰਘ ਦੀ ਡਾਕ ਟਿਕਟ ਜਾਰੀ ਕਰੇਗੀ ਇੰਗਲੈਂਡ ਦੀ ਰਾਇਲ ਮੇਲ ਕੰਪਨੀ



**ਚੰਡੀਗੜ੍ਹ/ਬਿਊਰੋ ਨਿਊਜ਼:** ਇੰਗਲੈਂਡ ਦੀ ਰਾਇਲ ਮੇਲ ਕੰਪਨੀ ਮਹਾਰਾਜਾ ਦਲੀਪ ਸਿੰਘ ਦੀ ਧੀ ਸਹਿਜ਼ਾਦੀ ਸੋਫੀਆ ਦਲੀਪ ਸਿੰਘ ਦੀ ਤਸਵੀਰ ਵਾਲੀ ਡਾਕ ਟਿਕਟ ਜਾਰੀ ਕਰੇਗੀ। ਸੋਫੀਆ ਦਲੀਪ ਸਿੰਘ ਦੀ ਹੈਰੀਟੇਜ ਡਾਕ ਟਿਕਟ ਜਾਰੀ ਕਰਨ ਦੇ ਫੈਸਲੇ ਦੁਨੀਆਂ ਭਰ ਦੀਆਂ ਜਾਗਰੂਕ ਔਰਤਾਂ ਸਮੇਤ ਭਾਰਤ ਅਤੇ ਇੰਗਲੈਂਡ ਤੋਂ ਇਲਾਵਾ ਦੁਨੀਆਂ ਦੇ ਹੋਰਨਾਂ ਦੇਸ਼ਾਂ ਵਿਚ ਵੀ ਭਰਵਾਂ ਸੁਆਗਤ ਕੀਤਾ ਜਾ ਰਿਹਾ ਹੈ।
ਇਹ ਡਾਕ ਟਿਕਟ ਇੰਗਲੈਂਡ ਵਿਚ ਔਰਤਾਂ ਨੂੰ ਵੋਟ ਦਾ ਹੱਕ ਦਿੱਤੇ ਜਾਣ ਦੀ 100 ਸਾਲਾ ਵਰ੍ਹੇਗੰਢ ਮੌਕੇ ਜਾਰੀ ਕੀਤੀ ਜਾ ਰਹੀ ਹੈ।
ਰਾਇਲ ਮੇਲ, ਇੰਗਲੈਂਡ ਦੀ ਸਭ ਤੋਂ ਵੱਧ ਵਿਸ਼ਵਾਸ ਪੂਰਨ ਡਾਕ ਅਤੇ ਕੋਰੀਅਰ ਸਰਵਿਸ

**ਬਾਕੀ ਸਫ਼ਾ 29 'ਤੇ**

# ਮੋਦੀ ਦਾ ਕੇਜਰੀਵਾਲ ਸਰਕਾਰ ਉੱਤੇ ਕੋਝਾ ਵਾਰ

## ਰਾਸ਼ਟਰਪਤੀ ਵਲੋਂ 'ਆਪ' ਦੇ 20 ਵਿਧਾਇਕ ਅਯੋਗ ਕਰਾਰ ਦੇਣ ਨੂੰ ਪ੍ਰਵਾਨਗੀ

### *ਬਹੁਮਤ ਕਾਰਨ ਕੇਜਰੀਵਾਲ ਦੀ ਸਰਕਾਰ ਨੂੰ ਨਹੀਂ ਕੋਈ ਖ਼ਤਰਾ*

**ਨਵੀਂ ਦਿੱਲੀ/ਬਿਊਰੋ ਨਿਊਜ਼:** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਲਾਭ ਵਾਲੇ ਅਹੁਦੇ ਰੱਖਣ ਲਈ ਦਿੱਲੀ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਦੇ 20 ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਸਬੰਧੀ ਚੋਣ ਕਮਿਸ਼ਨ ਦੀ ਸਿਫਾਰਸ਼ ਨੂੰ ਪ੍ਰਵਾਨ ਕਰਨ ਨਾਲ ਭਾਰਤ ਦੀ ਕੌਮੀ ਰਾਜਧਾਨੀ ਵਾਲੇ ਦਿੱਲੀ ਸ਼ਹਿਰ ਵਿੱਚ ਰਾਜਸੀ ਗਰਗਰਮੀਆਂ ਸਿਖ਼ਰਾਂ ਉੱਤੇ ਹਨ। ਭਾਵੇਂ ਰਾਜ ਵਿਧਾਨ ਸਭਾ ਵਿੱਚ ਅਜੇ ਵੀ ਬਹੁਮਤ ਹੋਣ ਕਾਰਨ ਕੇਜਰੀਵਾਲ ਦੀ ਸਰਕਾਰ ਨੂੰ ਨਹੀਂ ਕੋਈ ਖ਼ਤਰਾ ਪਰ ਭਾਜਪਾ ਤੇ ਕਾਂਗਰਸ 'ਆਪ' ਸਰਕਾਰ ਵਿਰੁੱਧ ਹੋਈਆਂ ਇਕੱਠੀਆਂ ਹੋ ਕੇ ਅਰਵਿੰਦ ਕੇਜਰੀਵਾਲ ਨੂੰ ਅਹੁਦੇ ਤੋਂ ਲਾਹੁਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਕੇਂਦਰ ਸਰਕਾਰ ਦੇ ਕਾਨੂੰਨ ਮੰਤਰਾਲੇ ਨੇ ਜਾਰੀ ਨੋਟੀਫਿਕੇਸ਼ਨ ਵਿਚ ਰਾਸ਼ਟਰਪਤੀ ਦੇ ਹਵਾਲੇ ਨਾਲ ਕਿਹਾ ਕਿ ਚੋਣ ਕਮਿਸ਼ਨ ਵਲੋਂ ਜ਼ਾਹਿਰ ਕੀਤੀ ਰਾਇ ਦੀ ਰੌਸ਼ਨੀ ਵਿਚ ਦਿੱਲੀ ਵਿਧਾਨ ਸਭਾ ਦੇ 20 ਮੈਂਬਰ ਨੂੰ ਅਯੋਗ ਕਰਾਰ




ਦਿੱਤਾ ਗਿਆ ਹੈ। ਚੋਣ ਕਮਿਸ਼ਨ ਨੇ 'ਆਪ' ਨੂੰ ਝਟਕਾ ਦਿੰਦਿਆਂ ਬੀਤੇ ਸ਼ੁੱਕਰਵਾਰ 19 ਜਨਵਰੀ ਨੂੰ ਰਾਸ਼ਟਰਪਤੀ ਨੂੰ ਸਿਫਾਰਿਸ਼ ਕੀਤੀ ਸੀ ਕਿ ਉਹ ਇਸ ਦੇ 20 ਵਿਧਾਇਕਾਂ ਨੂੰ ਅਯੋਗ ਕਰਾਰ ਦੇ ਦੇਵੇ। ਚੋਣ ਕਮਿਸ਼ਨ ਦੇ ਇਸ ਫ਼ੈਸਲੇ ਨੂੰ 'ਆਪ' ਨੇ ਦਿੱਲੀ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ ਪਰ ਅਦਾਲਤ ਨੇ ਵੀ

**ਬਾਕੀ ਸਫ਼ਾ 29 'ਤੇ**

# ਆਲਮੀ ਆਰਥਿਕ ਸੰਮੇਲਨ ਮੌਕੇ ਮੋਦੀ ਨੇ ਕੀਤੀ 'ਵਿਸ਼ਵ ਇਕ ਪਰਿਵਾਰ' ਦੇ ਫਲਸਫ਼ੇ ਦੀ ਵਕਾਲਤ

**ਦਾਵੋਸ/ਬਿਊਰੋ ਨਿਊਜ਼:** ਨਰਿੰਦਰ ਮੋਦੀ ਇਥੇ ਆਲਮੀ ਆਰਥਿਕ ਫੋਰਮ (ਡਬਲਿਊਈਐਫ) ਨੂੰ ਸੰਬੋਧਨ ਕਰਨ ਵਾਲੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣ ਗਏ ਹਨ। ਇਸ ਦੌਰਾਨ ਉਨ੍ਹਾਂ ਨੇ ਵਿਸ਼ਵ ਨੂੰ ਦਰਪੇਸ਼ ਅਤਿਵਾਦ ਸਮੇਤ ਹੋਰ 'ਗੰਭੀਰ' ਚੁਣੌਤੀਆਂ ਬਾਰੇ ਗੱਲ ਕੀਤੀ। ਜਲਵਾਯੂ ਤਬਦੀਲੀ ਅਤੇ ਅਤਿਵਾਦ ਨੂੰ ਵਿਸ਼ਵ ਲਈ ਗੰਭੀਰ ਚਿੰਤਾਵਾਂ ਦੱਸਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਅਤਿਵਾਦ ਖ਼ਤਰਨਾਕ ਹੈ ਪਰ 'ਚੰਗੇ ਅਤਿਵਾਦ' ਅਤੇ 'ਮਾੜੇ ਅਤਿਵਾਦ' ਦਰਮਿਆਨ ਕੀਤਾ ਜਾਂਦਾ 'ਮਸਨੂਈ ਫ਼ਰਕ' ਵੀ ਅਤਿਵਾਦ ਜਿੰਨਾ ਹੀ ਘਾਤਕ ਹੈ।
ਡਬਲਿਊਈਐਫ ਸਾਲਾਨਾ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਕੁੱਝ ਨੌਜਵਾਨਾਂ

**ਬਾਕੀ ਸਫ਼ਾ 27 'ਤੇ**

### ਡੈਮੋਕਰੇਟਾਂ ਦੀ ਹਮਾਇਤ ਬਾਅਦ ਹੀ ਖੁਲ੍ਹ ਸਕਿਆ ਅਮਰੀਕੀ ਖਜ਼ਾਨੇ ਦਾ ਜਿੰਦਰਾ

**ਵਾਸ਼ਿੰਗਟਨ/ਬਿਊਰੋ ਨਿਊਜ਼,** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਸਰਕਾਰੀ ਖਰਚ ਨਾਲ ਸਬੰਧਤ ਇਕ ਥੋੜ੍ਹੇ ਸਮੇਂ ਦੇ ਬਿੱਲ 'ਤੇ ਸਹੀ ਪਾਉਣ ਨਾਲ ਤਿੰਨ ਦਿਨਾਂ ਤੋਂ ਬੰਦ ਪਿਆ ਸਰਕਾਰੀ ਕੰਮਕਾਜ ਮੁੜ ਲੀਹਾਂ 'ਤੇ ਪੈ ਗਿਆ ਹੈ। ਨਵੇਂ ਬਿੱਲ ਦੀ ਮਿਆਦ 8 ਫਰਵਰੀ ਤਕ ਰਹੇਗੀ ਤੇ ਉਦੋਂ ਤਕ ਟਰੰਪ ਸਰਕਾਰ ਨੂੰ ਸਰਕਾਰੀ ਕੰਮਕਾਜ ਲਈ ਫੰਡ ਮਿਲਦੇ ਰਹਿਣਗੇ। ਉਂਜ ਖਰਚਾ ਬਿੱਲ ਪਾਸ ਕਰਾਉਣ ਵਿੱਚ ਡੈਮੋਕਰੈਟਾਂ ਨੇ ਸੱਤਾਧਾਰੀ

**ਬਾਕੀ ਸਫ਼ਾ 27 'ਤੇ**
















# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

**Truck Parking Available for 500+ Trucks**

i5 TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

# ਸਿੱਖ ਯੂਥ ਆਫ ਅਮਰੀਕਾ ਨੂੰ ਹੋਰ ਸਰਗਰਮ ਕਰਨ ਦਾ ਅਹਿਦ

## ਭਾਈ ਜਸਵਿੰਦਰ ਸਿੰਘ ਜੰਡੀ ਨੂੰ ਸੌਂਪੀ ਵੈਸਟ ਕੋਸਟ ਦੀ ਕਮਾਂਡ



### ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਵਿਖੇ ਵੱਡੇ ਇਕੱਠ 'ਚ ਅਹਿਮ ਪੰਥਕ ਮਸਲੇ ਵਿਚਾਰੇ

**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ:** ਮੀਰੀ-ਪੀਰੀ ਦੇ ਸਿਧਾਂਤ ਅਧੀਨ ਖਾਲਿਸਤਾਨ ਦੀ ਪ੍ਰਾਪਤੀ ਲਈ ਦਹਾਕਿਆਂ ਤੋਂ ਲੋਕਤੰਤਰੀ ਢੰਗ ਨਾਲ ਕਾਰਜ ਕਰ ਰਹੀ ਵਡੀ ਜਥੇਬੰਦੀ ਸਿੱਖ ਯੂਥ ਆਫ ਅਮਰੀਕਾ ਦੇ ਪੱਛਮੀ ਤੱਟ ਸੈਨ ਫਰਾਂਸਿਸਕੋ ਬੇਅ ਏਰੀਆ ਦਾ ਵੱਡਾ ਇਕੱਠ ਹੋਇਆ ਪਿਛਲੇ ਦਿਨੀ ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਵਿਖੇ ਹੋਇਆ। ਜਥੇਬੰਦੀ ਦੇ ਮੋਢੀ ਮੈਂਬਰ ਤੇ ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਦੀ ਪ੍ਰਧਾਨਗੀ ਵਿਚ ਬਹੁਤ ਸਾਰੀਆਂ ਵੀਚਾਰਾ ਹੋਈਆਂ। ਜਥੇਬੰਦੀ ਦੇ ਮੋਢੀ ਮੈਂਬਰ ਤੇ ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਦੀ ਪ੍ਰਧਾਨਗੀ ਹੇਠ ਹੋਏ ਇਸ ਇਕੱਠ 'ਚ ਜਥੇਬੰਦੀ ਦੇ ਮੋਢੀ ਤੇ ਨਵੇਂ ਆ ਕੇ ਰਲਣ ਵਾਲੇ ਮੈਂਬਰਾਂ ਵਲੋਂ ਪੰਥਕ ਮਸਲਿਆਂ ਸਬੰਧੀ ਅਹਿਮ ਵਿਚਾਰ-ਵਟਾਂਦਰਾ ਕੀਤਾ ਗਿਆ। ਭਾਈ ਜਸਵੰਤ ਸਿੰਘ ਹੋਠੀ ਨੇ ਇਸ ਮੌਕੇ ਬੋਲਦਿਆਂ ਜਥੇਬੰਦੀ ਵਿਚ ਆਈ ਖੜੋਤ ਤੋੜਨ ਲਈ ਮੁੱਢਲੇ ਯਤਨਾਂ ਦੀ ਅਰੰਭਤਾ ਕਰਦਿਆਂ ਕਿਹਾ ਕਿ ਦੇਸ਼ ਪੰਜਾਬ ਤੇ ਵਿਦੇਸ਼ਾਂ ਵਿਚ ਸਿੱਖ ਕੌਮ ਲਈ ਹਾਲਾਤ ਬਹੁਤ ਨਾਜ਼ਕ ਹਨ ਤੇ ਜਥੇਬੰਦੀ ਨੂੰ ਸਿਰ ਜੋੜ ਕੇ ਵਿਚਾਰਾਂ ਕਰਨੀਆਂ ਚਾਹੀਦੀਆਂ ਹਨ।

ਸਿੱਖ ਯੂਥ ਆਫ ਦੇ ਸੀਨੀਅਰ ਮੈਂਬਰ ਭਾਈ ਜਸਜੀਤ ਸਿੰਘ ਨੇ ਬੜੇ ਜ਼ੋਰ ਨਾਲ ਕਿਹਾ ਕਿ ਇਹ ਜਥੇਬੰਦੀ ਖਾਲਿਸਤਾਨ ਦੀ ਪ੍ਰਾਪਤੀ ਲਈ ਕਾਰਜ ਕਰਦੀ ਰਹੀ ਹੈ, ਕਰ ਰਹੀ ਹੈ ਤੇ ਕਰਦੀ ਰਹੇਗੀ। ਸਾਨੂੰ ਨਵੀਂ ਸਿੱਖ ਪੀੜ੍ਹੀ ਦਾ ਸੁਆਗਤ ਕਰਦਿਆਂ, ਮੋਢੇ ਨਾਲ ਮੋਢਾ ਜੋੜ ਕੇ ਅੱਗੇ ਵਧਣਾ ਚਾਹੀਦਾ ਹੈ ਤੇ ਰਲ ਮਿਲ ਕੇ ਸਿੱਖ ਕੌਮ ਦੀ ਸੇਵਾ ਕਰਦਿਆਂ ਅੱਗੇ ਵਧਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਥਾਨਕ ਮੁਸ਼ਕਲਾਂ ਨੂੰ ਆਪਸੀ ਵਿਚਾਰ ਵਟਾਂਦਰੇ ਰਾਹੀਂ ਮਿਲਜੁਲ ਕੇ ਹੱਲ ਕਰਦਿਆਂ ਭਵਿੱਖ ਵੱਲ ਪੁਲਾਂਘ ਪੁੱਟਣੀ ਚਾਹੀਦੀ ਹੈ।

ਏਜੀਪੀਸੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਕੌਮ ਦੇ ਨਿਸ਼ਾਨੇ ਰਾਜ ਕਰੇਗਾ ਖਾਲਸਾ ਦੀ ਸੇਧ ਵਿਚ ਕਾਰਜ ਕਰਨਾ ਚਾਹੀਦਾ ਹੈ। ਬਤੌਰ ਇਕ ਸਿੱਖ ਦੇ ਗੁਰੂ ਘਰਾਂ ਦੇ ਹਰ ਕਾਰਜ ਵਿਚ ਹਿੱਸਾ ਲੈਣਾ ਚਾਹੀਦਾ ਹੈ ਤੇ ਸੇਵਾ ਦੇ ਜਜ਼ਬੇ ਨੂੰ ਮੁੱਖ ਰਖਦਿਆਂ ਸਿੱਖੀ ਕਦਰਾਂ ਕੀਮਤਾਂ ਦੀ ਰਖਵਾਲੀ ਕਰਨੀ ਚਾਹੀਦੀ ਹੈ। ਵੱਖ ਵੱਖ ਪੰਥਕ ਜਥੇਬੰਦੀਆਂ ਤੇ ਗੁਰਦੁਆਰਾ ਪ ?ਬੰਧਕ ਕਮੇਟੀਆਂ ਨਾਲ ਤਾਲਮੇਲ ਕਰਕੇ ਸਿੱਖੀ ਸ਼ਾਨ ਦੀ ਬੇਹਤਰੀ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ। ਜਥੇਬੰਦੀ ਦੇ ਮੋਢੀ ਮੈਂਬਰਾਂ ਵਿਚੋਂ ਹੀ ਭਾਈ ਕੁਲਵੰਤ ਸਿੰਘ ਸੈਨ ਫਰਾਂਸਿਸਕੋ ਨੇ ਵੀ ਜਥੇਬੰਦੀ ਦੀਆਂ ਸਰਗਰਮੀਆਂ ਵਧਾਉਣ ਤੇ ਜ਼ਿੰਮੇਵਾਰੀ ਸਾਂਝੀ ਕਰਨ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਜਥੇਬੰਦੀ ਦੇ ਨਵੇਂ ਤੇ ਤਜ਼ਰਬੇਕਾਰ ਮੈਂਬਰਾਂ ਦਾ ਸਹਿਯੋਗ ਵਧਾਂਉਂਦਿਆਂ ਖਾਲਿਸਤਾਨ ਦੇ ਨਿਸ਼ਾਨੇ ਵੱਲ ਅੱਗੇ ਵਧਣਾ ਚਹੀਦਾ ਹੈ। ਜਥੇਬੰਦੀ ਦੇ ਨੌਜਵਾਨ ਮੈਂਬਰ ਭਾਈ ਸੰਦੀਪ ਸਿੰਘ ਜੰਟੀ ਨੇ ਵੀ ਸਭ ਦੇ ਵੀਚਾਰਾਂ ਦੀ ਹਾਮੀ ਭਰਦਿਆਂ ਕਿਹਾ ਕਿ ਮਸਲਾ ਖਾਲਸਾ ਪੰਥ ਲਈ ਸ਼ੁਭ ਕਾਰਜ ਕਰਨ ਦਾ ਹੈ ਤੇ ਸਭ ਦਾ ਸਤਿਕਾਰ ਕਰਦਿਆਂ ਸਿੱਖ ਸਰਗਰਮੀਆਂ ਨੂੰ ਵਧਾਉਣ ਦੀ ਲੋੜ ਹੈ।

**ਬਾਕੀ ਸਫ਼ਾ 29 'ਤੇ**

# ਗੁਰਦੁਆਰਾ ਸਾਹਿਬ ਫਰੀਮਾਂਟ 'ਚੋਣ-2018' ਲਈ ਮੈਦਾਨ ਭਖ਼ਣ ਲੱਗਾ

## ਸਿੱਖ ਪੰਚਾਇਤ ਵਲੋਂ ਸਰਬਸੰਮਤੀ ਨਾਲ ਚੋਣ ਕਰਾਉਣ ਦੀਆਂ ਕੋਸ਼ਿਸ਼ਾਂ

**ਫਰੀਮਾਂਟ/ਬਿਊਰੋ ਨਿਊਜ਼:** ਕੈਲੀਫੋਰਨੀਆ ਦੇ ਖਾਲਿਸਤਾਨੀ ਗੜ੍ਹ ਸਮਝੇ ਜਾਂਦੇ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਇਸ ਸਾਲ ਹੋਣ ਵਾਲੀਆਂ ਚੋਣਾਂ ਲਈ ਵੋਟਾਂ ਬਣਨ ਦਾ ਕੰਮ ਸ਼ੁਰੂ ਹੋਣ ਨਾਲ ਚੋਣ ਮੈਦਾਨ ਵੀ ਭਖ਼ਣਾ ਸ਼ੁਰੂ ਹੋ ਗਿਆ ਹੈ। ਵਰਨਣਯੋਗ ਹੈ ਕਿ ਬੇਅ-ਏਰੀਆ ਦੇ ਕੇਂਦਰ ਵਿਚਲੇ ਇਸ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ, ਜਿਹੜੀ ਅੱਗੋਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਨਿਓਯੁਕਤ ਕਰਦੀ ਹੈ, ਲਈ ਹਰ ਦੋ ਸਾਲ ਬਾਅਦ ਵੋਟਾਂ ਪੈਂਦੀਆਂ ਹਨ। ਇਨ੍ਹੀਂ ਦਿਨੀਂ ਨਵੀਆਂ ਵੋਟਾਂ ਬਣਨ ਦਾ ਕੰਮ ਚੱਲ ਰਿਹਾ ਹੈ ਅਤੇ ਨਾਲ-ਨਾਲ ਸਾਰੀਆਂ ਪਾਰਟੀਆਂ ਦੇ ਜੋੜ-ਤੋੜ ਦਾ ਸਿਲਸਿਲਾ ਵੀ ਜਾਰੀ ਹੈ।

ਵਰਨਣਯੋਗ ਹੈ ਕਿ ਇਸ ਏਰੀਏ ਦੇ ਸਿੱਖਾਂ ਦੀਆਂ ਤਿੰਨ ਪ੍ਰਮੁੱਖ ਧਿਰਾਂ ਨੇ ਅੱਜ ਤੋਂ 6 ਸਾਲ ਪਹਿਲਾਂ ਇਕੱਠੇ ਹੋ ਕੇ ਸਿੱਖ ਪੰਚਾਇਤ ਬਣਾ ਲਈ ਸੀ ਅਤੇ ਇੱਕ ਨਵੇਂ ਕਿਸਮ ਦਾ ਮਾਡਲ ਉਸਾਰਿਆ ਸੀ, ਜਿਸ ਵਿੱਚ ਪਾਰਟੀਆਂ ਦੀ ਤਾਕਤ ਘਟਾ ਕੇ ਗੁਣਵੱਤਾ ਨੂੰ ਤਰਜੀਹ ਦਿੱਤੀ ਗਈ ਸੀ। ਇਸ ਮਾਡਲ ਰਾਹੀਂ ਕਈ ਨਵੇਂ ਚਿਹਰੇ ਸਾਹਮਣੇ ਆਏ ਅਤੇ ਗੁਰਦੁਆਰਾ ਸਾਹਿਬ ਵਿੱਚ ਸ਼ਾਂਤੀ ਦੇ ਮਾਹੌਲ ਦੇ ਨਾਲ-ਨਾਲ 3 ਮਿਲੀਅਨ ਡਾਲਰ ਤੋਂ ਉਪਰ ਸਕੂਲ ਦੀ ਇਮਾਰਤ ਵੀ ਬਿਨਾ ਕਰਜ਼ਾ ਲਏ ਮੁਕੰਮਲ ਕੀਤੀ ਗਈ। ਇਸ ਸਿਸਟਮ ਨਾਲ ਸਿੱਖ ਪੰਚਾਇਤ ਦਿਨੋ-ਦਿਨ ਮਜ਼ਬੂਤ ਹੁੰਦੀ ਗਈ। ਇਸ ਸਾਲ 'ਸਿੱਖ ਪੰਚਾਇਤ' ਨੇ ਬਾਕੀ ਪਾਰਟੀਆਂ ਨੂੰ ਵੀ ਪੰਚਾਇਤ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਅਤੇ ਬੜੀ ਸ਼ਿੱਦਤ ਨਾਲ ਇਹ ਕੰਮ ਆਰੰਭਿਆ। ਸਭ ਤੋਂ ਪਹਿਲਾਂ ਸਿੱਖ ਯੂਥ ਆਫ਼ ਅਮਰੀਕਾ ਨੇ ਆਪਣੇ ਦੋਫਾੜ ਹੋਏ ਗਰੁੱਪ ਨੂੰ ਦੁਬਾਰਾ ਜਥੇਬੰਦ ਕੀਤਾ ਅਤੇ ਭਾਈ ਜਸਵਿੰਦਰ ਸਿੰਘ ਜੰਡੀ ਦੀ ਕਮਾਂਡ ਹੇਠ 5 ਮੈਂਬਰ ਕਮੇਟੀ ਬਣਾਉਣ ਦਾ ਐਲਾਨ ਕੀਤਾ। ਇੱਕ ਹੋਰ ਗਰੇਵਾਲ ਗਰੁੱਪ ਵਲੋਂ ਜਾਣੀ ਜਾਂਦੀ 'ਬਾਸਾ' ਵੀ ਦੋਫਾੜ ਹੋ ਚੁੱਕੀ ਹੈ ਅਤੇ ਇਕ ਗਰੁੱਪ ਜਿਸ ਦੀ ਅਗਵਾਈ ਅਮਰਜੀਤ ਸਿੰਘ ਸਿੱਧੂ ਕਰਦੇ ਹਨ ਦੇ ਪੰਚਾਇਤ ਦੇ ਪਲੇਟ ਫਾਰਮ 'ਤੇ ਆਉਣ ਦੇ ਆਸਾਰ ਹਨ।

ਇਸੇ ਦੌਰਾਨ ਤਾਜ਼ਾ ਜਾਣਕਾਰੀ ਅਨੁਸਾਰ ਇਕ ਛੋਟੇ ਜਿਹੇ ਗਰੁੱਪ, ਜਿਸ ਦੀ ਅਗਵਾਈ ਜਸਵੀਰ ਸਿੰਘ ਤੱਖਰ ਕਰਦੇ ਹਨ, ਨੇ ਸਿੱਖ ਪੰਚਾਇਤ ਵਿਚ ਆਉਣ ਦੀ ਬਜਾਏ ਚੋਣਾਂ ਲੜਨ ਦਾ ਫੈਸਲਾ ਲਿਆ ਹੈ। ਇਹ ਵੀ ਸਮਝਿਆ ਜਾਂਦਾ ਹੈ ਕਿ ਇਹ ਧੜਾ ਆਪਣਾ ਭਾਰ ਬਣਾਉਣ ਲਈ ਹੀ ਇਹ ਐਲਾਨ ਕਰ ਰਿਹਾ ਹੈ ਤਾਂ ਜੋ ਸਿੱਖ ਪੰਚਾਇਤ ਵਿੱਚ ਢੁੱਕਵੀਂ ਜਗ੍ਹਾ ਮਿਲ ਸਕੇ। ਪਰ ਸਿੱਖ ਪੰਚਾਇਤ ਦੇ ਇੱਕ ਸੀਨੀਅਰ ਮੈਂਬਰ ਨੇ ਕਿਹਾ ਹੈ ਕਿ ਇਸ ਧੜੇ ਨੂੰ ਪੰਚਾਇਤ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਵਿਚਲੇ ਬੰਦੇ ਭਾਰਤੀ ਕੌਂਸਲੇਟ ਦੇ ਚਹੇਤੇ ਹਨ। ਉਸ ਨੇ ਦਸਿਆ ਕਿ ਸਾਰੇ ਗੁਰਦੁਆਰਿਆਂ ਨੇ ਭਾਰਤੀ ਕੌਂਸਲੇਟ ਨਾਲ ਕੋਈ ਰਾਬਤਾ ਨਾ ਰੱਖਣ ਦੀ ਅਪੀਲ ਕੀਤੀ ਹੈ ਅਤੇ ਹੋ ਸਕਦਾ ਹੈ ਕਿ ਅਜਿਹੇ ਉਮੀਦਵਾਰਾਂ ਦੇ ਪੇਪਰ ਹੀ ਰੱਦ ਕਰ ਦਿੱਤੇ ਜਾਣ।

ਦੂਜੇ ਪਾਸੇ ਕਈ ਸਾਲਾਂ ਤੋਂ ਪੰਥਕ ਧਿਰਾਂ ਵਿਰੁੱਧ ਲੜਾਈ ਲੜ ਰਹੇ ਹਰਦੇਵ ਸਿੰਘ ਗਰੇਵਾਲ ਹਾਲ ਦੀ ਘੜੀ ਚੁੱਪ ਹਨ। ਉਮੀਦਵਾਰਾਂ ਵਲੋਂ ਕਾਗਜ਼ ਭਰਨ ਦੀ ਆਖਰੀ ਤਰੀਕ ਫਰਵਰੀ ਦੇ ਪਹਿਲੇ ਹਫ਼ਤੇ ਹੈ ਅਤੇ ਉਸ ਤੋਂ ਬਾਅਦ ਹੀ ਸਾਰੀ ਸਥਿਤੀ ਸ਼ਪੱਸ਼ਟ ਹੋਵੇਗੀ। ਪਰ ਸਿੱਖ ਪੰਚਾਇਤ ਇਸ ਸਾਲ ਚੋਣਾਂ ਤੋਂ ਬਗ਼ੈਰ ਹੀ ਸਰਬਸੰਮਤੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।




# ਹਰਿੰਦਰ ਕੌਰ ਮੱਲ੍ਹੀ ਕਨੇਡਾ 'ਚ ਮੰਤਰੀ ਬਣੀ

## 84 ਕਤਲੇਆਮ ਬਾਰੇ ਪੇਸ਼ ਕੀਤਾ ਸੀ ਸੰਸਦ 'ਚ ਮਤਾ ਪੇਸ਼

**ਓਟਵਾ/ਬਿਊਰੋ ਨਿਊਜ਼:** ਭਾਰਤੀ ਮੂਲ ਦੀਆਂ ਦੋ ਕਾਨੂੰਨਸਾਜ਼ ਮਹਿਲਾਵਾਂ ਜਿਨ੍ਹਾਂ ਵਿਚੋਂ ਇਕ ਨੇ ਬੀਤੇ ਵਰ੍ਹੇ ਅਪਰੈਲ ਵਿੱਚ ਸੰਸਦ ਵਿੱਚ 84 ਸਿੱਖ ਕਤਲੇਆਮ ਬਾਰੇ ਮਤਾ ਪੇਸ਼ ਕੀਤਾ ਸੀ, ਨੂੰ ਵੀਰਵਾਰ ਨੂੰ ਪ੍ਰਧਾਨ ਮੰਤਰੀ



ਕੈਥਲੀਨ ਵੇਅਨ ਨੇ ਮੰਤਰੀ ਮੰਡਲ ਵਿੱਚ ਸ਼ਾਮਲ ਕਰ ਲਿਆ। ਵੇਅਨ ਨੇ ਬਰੈਂਪਟਨ ਸਪ੍ਰਿੰਗਡੇਲ ਦੀ ਸੂਬਾਈ ਸੰਸਦ ਦੀ ਲਿਬਰਲ ਮੈਂਬਰ ਹਰਿੰਦਰ ਕੌਰ ਮੱਲ੍ਹੀ (38 ਸਾਲ) ਨੂੰ ਔਰਤਾਂ ਦੀ ਭਲਾਈ ਬਾਰੇ ਮੰਤਰੀ ਬਣਾਇਆ ਹੈ। ਉਹ ਕੈਨੇਡਾ ਦੇ ਪਹਿਲੇ ਸਿੱਖ ਸੰਸਦ ਮੈਂਬਰ ਗੁਰਬਖ਼ਸ਼ ਸਿੰਘ ਮੱਲ੍ਹੀ ਦੀ ਧੀ ਹੈ। ਮੱਲ੍ਹੀ ਵੱਲੋਂ ਪੇਸ਼ ਮਤੇ ਨੂੰ ਕੈਨੇਡਾ ਸਰਕਾਰ ਨੇ ਪਾਸ ਕਰਦਿਆਂ 84 ਦੇ ਦੰਗਿਆਂ ਨੂੰ ਸਿੱਖ ਕਤਲੇਆਮ ਕਰਾਰ ਦਿੱਤਾ ਸੀ ਜਦੋਂ ਕਿ ਭਾਰਤ ਸਰਕਾਰ ਨੇ ਇਸ ਨੂੰ ਕੁਰਾਹੇ ਪਾਉਣ ਵਾਲਾ ਕਰਾਰ ਦੇਕੇ ਨਕਾਰ ਦਿੱਤਾ ਸੀ। ਭਾਰਤੀ ਮੂਲ ਦੀ ਇਕ ਹੋਰ ਮਹਿਲਾ ਇੰਦਰਾ ਨਾਇਡੂ ਹੈਰਿਸ ਜੋ ਹਾਲਟਨ ਸੂਬਾਈ ਸੰਸਦ ਦੀ ਮੈਂਬਰ ਹੈ ਨੂੰ ਵੀ ਤਰੱਕੀ ਦੇ ਕੇ ਸਿੱਖਿਆ ਮੰਤਰੀ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਉਹ ਬਾਲ ਭਲਾਈ ਮੰਤਰੀ ਦੀ ਜ਼ਿੰਮੇਵਾਰੀ ਵੀ ਨਿਭਾਉਣਗੇ।

# ਗੁਰਬੀਰ ਸਿੰਘ ਨੇ ਨਿਊਜਰਸੀ ਦੇ ਪਹਿਲੇ ਸਿੱਖ ਏਜੀ ਵਜੋਂ ਸਹੁੰ ਚੁੱਕੀ

**ਨਿਊ ਯਾਰਕ/ਬਿਊਰੋ ਨਿਊਜ਼:** ਉੱਘੇ ਵਕੀਲ ਗੁਰਬੀਰ ਸਿੰਘ ਗਰੇਵਾਲ (44) ਨੂੰ ਅਮਰੀਕਾ ਦੇ ਸੂਬੇ ਨਿਊ ਜਰਸੀ ਦਾ ਅਟਾਰਨੀ ਜਨਰਲ (ਏਜੀ) ਨਿਯੁਕਤ ਕਰਨ ਸਬੰਧੀ ਬਕਾਇਦਾ ਪ੍ਰਵਾਨਗੀ ਮਿਲ ਗਈ ਹੈ। ਸੂਬੇ ਦੀ ਸੈਨੇਟ ਵੱਲੋਂ ਸਰਬਸੰਮਤੀ ਨਾਲ ਨਾਮਜ਼ਦਗੀ ਨੂੰ ਪ੍ਰਵਾਨਗੀ ਦਿੱਤੇ ਜਾਣ ਮਗਰੋਂ ਗੁਰਬੀਰ ਸਿੰਘ ਨਿਊ ਜਰਸੀ ਦਾ ਪਹਿਲਾ ਸਿੱਖ ਅਟਾਰਨੀ ਜਨਰਲ ਬਣ ਗਿਆ ਹੈ। ਉਸ ਨੂੰ 29 ਵੋਟਾਂ ਮਿਲੀਆਂ ਜਦਕਿ ਵਿਰੋਧ 'ਚ ਇਕ ਵੀ ਵੋਟ ਨਹੀਂ ਪਈ। ਉਸ ਨੇ ਨਿੱਜੀ ਸਮਾਗਮ ਦੌਰਾਨ ਅਹੁਦੇ ਦੀ ਸਹੁੰ ਚੁੱਕ ਲਈ। ਸੈਨੇਟ ਦੀ ਜੁਡੀਸ਼ਰੀ ਕਮੇਟੀ ਵੱਲੋਂ ਮਨਜ਼ੂਰੀ ਦਿੱਤੇ ਜਾਣ ਮਗਰੋਂ ਸ੍ਰੀ ਗਰੇਵਾਲ ਨੇ ਕਿਹਾ,"ਮੈਂ ਕਦੇ ਵੀ ਸੋਚਿਆ ਨਹੀਂ ਸੀ ਕਿ ਮੈਂ ਇਸ ਮੁਕਾਮ 'ਤੇ ਪਹੁੰਚਾਂਗਾ।" ਸ੍ਰੀ ਗਰੇਵਾਲ ਨੂੰ ਦਸੰਬਰ 'ਚ ਅਗਲੇ ਅਟਾਰਨੀ ਜਨਰਲ ਵਜੋਂ ਸੇਵਾਵਾਂ ਦੇਣ ਲਈ ਨਾਮਜ਼ਦ ਕੀਤਾ ਗਿਆ ਸੀ ਅਤੇ ਮਨੋਨੀਤ ਗਵਰਨਰ ਫਿਲ ਮਰਫੀ ਨੇ ਉਨ੍ਹਾਂ ਦੇ ਨਾਮ ਦੀ ਪੇਸ਼ਕਸ਼ ਕੀਤੀ ਸੀ।



# ਰਾਜਸਥਾਨ ਹਾਈਕੋਰਟ ਨੇ ਸਰਕਾਰ ਨੂੰ ਭਾਈ ਦਇਆ ਸਿੰਘ ਲਾਹੌਰੀਆ ਦੀ ਪੱਕੀ ਪੇਰੋਲ ਦਾ ਮਾਮਲਾ ਵਿਚਾਰਨ ਲਈ ਕਿਹਾ

**ਜੈਪੁਰ/ਸਿੱਖ ਸਿਆਸਤ ਬਿਊਰੋ:** ਰਾਜਸਥਾਨ ਹਾਈਕੋਰਟ ਨੇ ਸੂਬਾ ਸਰਕਾਰ ਨੂੰ ਹਦਾਇਤ ਦਿੱਤੀ ਹੈ ਕਿ ਸਿੱਖ ਸਿਆਸੀ ਕੈਦੀ ਭਾਈ ਦਇਆ ਸਿੰਘ ਲਾਹੌਰੀਆ ਦਾ ਮਾਮਲਾ ਪੱਕੀ ਪੇਰੋਲ' 'ਤੇ ਰਿਹਾਈ ਲਈ ਵਿਚਾਰਿਆ ਜਾਵੇ। ਇਹ ਹੁਕਮ ਰਾਜਸਥਾਨ ਹਾਈ ਕੋਰਟ ਦੇ ਚੀਫ ਜਸਟਿਸ ਪ੍ਰਦੀਪ ਨੰਦਰਾਯੋਗ ਅਤੇ ਜੀ. ਆਰ. ਮੂਲਚੰਦਾਨੀ ਦੀ ਅਗਵਾਈ ਵਾਲੇ ਬੈਂਚ ਨੇ ਸੁਣਾਇਆ ਹੈ।



ਭਾਈ ਦਇਆ ਸਿੰਘ ਲਾਹੌਰੀਆ ਕਾਂਗਰਸ ਆਗੂ ਰਾਮਨਿਵਾਸ ਮਿਰਧਾ ਦੇ ਪੁੱਤਰ ਰਜਿੰਦਰ ਮਿਰਧਾ ਨੂੰ ਅਗਵਾਹ ਕਰਨ ਦੇ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ।

ਰਾਜਸਥਾਨ ਦੀ ਇਕ ਰੋਜ਼ਾਨਾ ਅਖਬਾਰ ਦੀ ਰਿਪੋਰਟ ਅਨੁਸਾਰ ਵਧੀਕ ਐਡਵੋਕੇਟ ਜਨਰਲ ਬੀ. ਐਨ. ਸੰਧੂ ਨੇ ਅਦਾਲਤ ਵਿਚ ਬਹਿਸ ਦੌਰਾਨ ਕਿਹਾ ਕਿ ਦਇਆ ਸਿੰਘ ਲਾਹੌਰੀਆ ਇਸ ਵੇਲੇ ਤਿਹਾੜ ਜੇਲ੍ਹ ਵਿਚ ਬੰਦ ਹੈ ਅਤੇ ਉਸ ਨੂੰ ਹਵਾਲਗੀ ਸੰਧੀ ਰਾਹੀ ਅਮਰੀਕਾ ਤੋਂ ਭਾਰਤ ਲਿਆਦਾ ਗਿਆ ਸੀ। ਉਸਨੇ ਕਿਹਾ ਕਿ ਦਇਆ ਸਿੰਘ ਲਾਹੌਰੀਆ ਨੂੰ 20 ਸਾਲ ਤੋਂ ਪਹਿਲਾਂ ਕੈਦ ਵਿਚ ਰਿਆਇਤ ਨਹੀਂ ਦਿੱਤੀ ਜਾ ਸਕਦੀ। ਭਾਈ ਦਇਆ ਸਿੰਘ ਲਾਹੌਰੀਆ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੇ ਜੇਲ੍ਹ ਵਿਚ 20 ਸਾਲ ਪੂਰੇ ਕਰ ਲਏ ਹਨ ਪਰ ਰਾਜ ਸਰਕਾਰ ਨੇ ਪੱਕੀ ਪੈਰੋਲ' ਲਈ ਉਨ੍ਹਾਂ ਦੇ ਮਾਮਲੇ 'ਤੇ ਵਿਚਾਰ ਨਹੀਂ ਕਰ ਰਹੀ।

ਅਦਾਲਤ ਨੇ ਦੋ ਸਫ਼ਿਆਂ ਦੇ ਅਪਣੇ ਫੈਸਲੇ ਵਿੱਚ ਕਿਹਾ ਹੈ ਕਿ ਪੇਰੋਲ ਕਮੇਟੀ ਦੀ ਅਗਲੀ ਬੈਠਕ ਵਿੱਚ ਭਾਈ ਦਇਆ ਸਿੰਘ ਲਾਹੌਰੀਆ ਦੀ ਪੱਕੀ ਪੈਰੋਲ ਤੇ ਰਹਾਈ ਦਾ ਮਾਮਲਾ ਵਿਚਾਰਿਆ ਜਾਵੇ। ਅਦਾਲਤ ਨੇ ਕਿਹਾ ਕਿ ਜੇਕਰ ਕਮੇਟੀ ਵੱਲੋਂ ਭਾਈ ਦਇਆ ਸਿੰਘ ਨੂੰ ਪੱਕੀ ਪੈਰੋਲ 'ਤੇ ਰਿਹਾ ਕਰ ਦਿੱਤਾ ਜਾਦਾ ਹੈ ਤਾਂ ਇਸ ਨੂੰ ਵਿਚਾਰ ਹੇਠ ਪਟੀਸ਼ਨ ਦਾ ਆਖਰੀ ਨਿਬੇੜਾ ਮੰਨਿਆ ਜਾਵੇਗਾ ਪਰ ਜੇਕਰ ਕਮੇਟੀ ਵੱਲੋਂ ਭਾਈ ਦਇਆ ਸਿੰਘ ਨੂੰ ਰਿਹਾਈ ਨਹੀਂ ਦਿੱਤੀ ਜਾਂਦੀ ਤਾਂ ਉਨ੍ਹਾਂ ਕੋਲ ਕਾਨੂੰਨ ਮੁਤਾਬਕ ਅਗਲੇਰੀ ਕਾਰਵਾਈ ਕਰਨ ਦਾ ਹੱਕ ਹੋਵੇਗਾ।

# ਕੈਨੇਡਾ ਦੇ ਇੱਕ ਕਲੱਬ 'ਚ ਸਿੱਖ ਨੂੰ ਦਸਤਾਰ ਨਾ ਉਤਾਰਨ ਬਦਲੇ ਧਮਕੀ ਅਤੇ ਇਤਰਾਜ਼ਯੋਗ ਨਸਲੀ ਟਿਪਣੀ

**ਔਟਵਾ/ਬਿਊਰੋ ਨਿਊਜ਼:**
ਕੈਨੇਡੀਅਨ ਕਲੱਬ ਵਿੱਚ ਇਕ ਔਰਤ ਨੇ ਸਿੱਖ ਵਿਅਕਤੀ ਨੂੰ ਦਸਤਾਰ ਲਾਹੁਣ ਲਈ ਕਿਹਾ। ਦਸਤਾਰ ਲਾਹੁਣ' ਦੀ ਧਮਕੀ ਤੋਂ ਇਲਾਵਾ ਸਿੱਖ ਵਿਅਕਤੀ ਖ਼ਿਲਾਫ਼ ਨਸਲੀ ਟਿੱਪਣੀਆਂ ਵੀ ਕੀਤੀਆਂ ਗਈਆਂ। ਸੀਬੀਸੀ ਨਿਊਜ਼ ਦੀ ਰਿਪੋਰਟ ਅਨੁਸਾਰ ਸਾਬਕਾ ਕੈਨੇਡੀਅਨ ਫੌਜੀਆਂ ਦੀ ਆਰਗੇਨਾਈਜੇਸ਼ਨ ਰਾਇਲ ਕੈਨੇਡੀਅਨ ਲੀਜਨ' ਵਿੱਚ ਜਸਵਿੰਦਰ ਸਿੰਘ ਧਾਲੀਵਾਲ ਆਪਣੇ ਦੋਸਤਾਂ ਨਾਲ ਸਨੂਕਰ ਖੇਡ ਰਿਹਾ ਸੀ। ਇਸ ਆਰਗੇਨਾਈਜੇਸ਼ਨ ਦੇ ਪ੍ਰਬੰਧਕ ਉਨ੍ਹਾਂ ਕੋਲ ਆਏ ਅਤੇ ਸ੍ਰੀ ਧਾਲੀਵਾਲ ਨੂੰ ਦਸਤਾਰ ਉਤਾਰਨ ਲਈ ਕਿਹਾ ਕਿਉਂਕਿ ਸੀਨੀਅਰ ਫ਼ੌਜੀਆਂ ਦੇ ਸਨਮਾਨ ਵਿੱਚ ਸਿਰ 'ਤੇ ਪਹਿਨੀ ਵਸਤ ਉਤਾਰਨਾ ਉਨ੍ਹਾਂ ਦੀ ਨੀਤੀ ਹੈ। ਹਾਲਾਂਕਿ ਧਾਰਮਿਕ ਚਿੰਨ੍ਹਾਂ ਨੂੰ ਛੋਟ ਦਿੱਤੀ ਗਈ ਹੈ। ਇਹ ਘਟਨਾ ਬੁੱਧਵਾਰ ਨੂੰ ਕੈਨੇਡਾ ਦੇ ਪ੍ਰਿੰਸ ਐਡਵਰਡ ਟਾਪੂ 'ਤੇ ਟਿਗਨਿਸ਼ ਸ਼ਹਿਰ ਵਿੱਚ ਹੋਈ।



ਇਸ ਘਟਨਾ ਦੀ ਵੀਡੀਓ ਵਿੱਚ ਇਕ ਔਰਤ ਦਸਤਾਰ 'ਲਾਹੁਣ' ਦੀ ਧਮਕੀ ਦੇ ਰਹੀ ਹੈ ਅਤੇ ਬਾਰ ਦਾ ਇਕ ਸਰਪ੍ਰਸਤ ਭੱਦੇ ਇਸ਼ਾਰੇ ਕਰਦਾ ਕਹਿ ਰਿਹਾ ਹੈ ਕਿ ਦਸਤਾਰ ਉਤਾਰਨੀ ਚਾਹੀਦੀ ਹੈ ਕਿਉਂਕਿ 'ਇਹ ਕਾਨੂੰਨ ਹੈ'। ਇਸ ਰਿਪੋਰਟ ਮੁਤਾਬਕ 'ਰਾਇਲ ਕੈਨੇਡੀਅਨ ਲੀਜਨ' ਦੇ ਪ੍ਰਧਾਨ ਸਟੀਫਨ ਗਲੈਂਟ ਨੇ ਕਿਹਾ ਕਿ ਉਨ੍ਹਾਂ ਦੀ ਨੀਤੀ 'ਚ ਧਾਰਮਿਕ ਵਸਤਰਾਂ ਨੂੰ ਛੋਟ ਦਿੱਤੀ ਗਈ ਹੈ। ਗਲੈਂਟ ਨੇ ਕਿਹਾ, 'ਦਸਤਾਰ ਦੇ ਧਾਰਮਿਕ ਵਸਤਰ ਹੋਣ ਬਾਰੇ ਭੁਲੇਖਾ ਸੀ, ਜਿਸ ਕਾਰਨ ਅਣਜਾਣੇ ਵਿੱਚ ਇਹ ਗਲਤੀ ਹੋ ਗਈ। ਇਸ ਵਾਸਤੇ ਮੈਂ ਮੁਆਫ਼ੀ ਮੰਗਦਾ ਹਾਂ। ਮੈਂ ਆਪਣੇ ਸਟਾਫ ਅਤੇ ਇਥੋਂ ਤਕ ਕੇ ਪੂਰੇ ਲੀਜਨ ਪਰਿਵਾਰ ਵੱਲੋਂ ਮੁਆਫ਼ੀ ਮੰਗਦਾ ਹਾਂ। ਅਸੀਂ ਧਾਰਮਿਕ ਚਿੰਨ੍ਹਾਂ ਤੇ ਵਸਤਰਾਂ ਬਾਰੇ ਆਪਣੇ ਸਟਾਫ ਨੂੰ ਸਿਖਲਾਈ ਦੇਵਾਂਗੇ ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਨਾ ਹੋਵੇ।'


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS





Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CIS CALIFORNIA
IMMIGRATION SERVICES
(Registered & Bonded)
➢ FAMILY IMMIGRATION
➢ GREEN CARD PETITION
➢ CITIZENSHIP
➢ OCI CARD / INDIAN PASSPORT
➢ BUSINESS / VISITOR VISA
➢ H-1 B VISA PETITION
➢ STUDENT VISA
➢ RELIGIOUS VISA
➢ LEGAL SERVICES







Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ





ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਮਾਤਾ ਜਰਨੈਲ ਕੌਰ ਜੀ ਦੇ ਅਕਾਲ ਚਲਾਣੇ ਨਾਲ ਗਿੱਲ ਪਰਿਵਾਰ ਨੂੰ ਭਾਰੀ ਸਦਮਾ

### *ਸਸਕਾਰ ਤੇ ਅੰਤਮ ਅਰਦਾਸ 27 ਜਨਵਰੀ ਸ਼ਨਿਚਰਵਾਰ ਨੂੰ*

**ਸੈਕਰਾਮੈਂਟੋ/ਬਿਊਰੋ ਨਿਊਜ਼:** ਅਮਰੀਕਾ ਦੇ ਉੱਘੇ ਸਿੱਖ ਫਾਰਮਰ ਗਿੱਲ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਜਰਨੈਲ ਕੌਰ ਗਿੱਲ ਜੀ ਅਚਾਨਕ ਸਦੀਵੀ ਵਿਛੋੜਾ ਦੇ ਗਏ। ਬੜੇ ਹੀ ਮਿਲਾਪੜੇ ਸੁਭਾਅ ਵਾਲੇ ਮਾਤਾ ਜਰਨੈਲ ਕੌਰ ਗਿੱਲ ਵਾਹਿਗੁਰੂ ਵਲੋਂ ਬਖਸ਼ੀ 91 ਸਾਲ ਦੀ ਉਮਰ ਭੋਗ ਕੇ ਆਪਣੇ ਪਿਛੇ ਇੱਕ ਵੱਡਾ ਹੱਸਦਾ-ਵਸਦਾ ਗੁਰਸਿੱਖੀ ਨਾਲ ਜੁੜਿਆ ਖੁਸ਼ਹਾਲ ਪਰਿਵਾਰ ਛੱਡ ਕੇ ਗਏ ਹਨ। ਉਨ੍ਹਾਂ ਦੇ ਪਤੀ ਸਵਰਗਵਾਸੀ ਸ: ਬਹਾਦਰ ਸਿੰਘ ਗਿੱਲ ਸਾਲ 1998 ਵਿੱਚ ਆਪਣੇ ਸਵਾਸਾਂ ਦੀ ਪੂੰਜੀ ਭੋਗ ਕੇ ਸਦੀਵੀਂ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਪਿਛਲਾ ਪਿੰਡ ਚੋਟੀਆਂ ਖੁਰਦ, ਜ਼ਿਲ੍ਹਾ ਮੋਗਾ ਸੀ। ਮਾਤਾ ਜਰਨੈਲ ਕੌਰ ਗਿੱਲ ਤਕਰੀਬਨ 41 ਸਾਲ ਪਹਿਲਾਂ ਅਮਰੀਕਾ ਆਏ ਸਨ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਯੂਬਾ ਸਿਟੀ ਵਿਖੇ ਅਤੇ ਹੋਰ ਗੁਰੂ ਘਰਾਂ 'ਚ ਹਮੇਸ਼ਾ ਹੀ ਇੱਕ ਨਿਮਾਣੇ ਸਿੱਖ ਵਜੋਂ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ। ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਸਿੱਖੀ ਦੀਆਂ ਮਹਾਨ ਗੌਰਵਮਈ ਰਵਾਇਤਾਂ ਨਾਲ ਜੋੜਿਆ। ਅੱਜ ਉਨ੍ਹਾਂ ਦਾ ਇੱਕ ਵੱਡਾ ਅਤੇ ਵਿਸ਼ਾਲ ਗਿੱਲ ਪਰਿਵਾਰ ਜਿਥੇ ਉਨ੍ਹਾਂ ਦੀਆਂ ਦੁਆਵਾਂ ਅਤੇ ਸੇਵਾਵਾਂ ਨਾਲ ਖੁਸ਼ਹਾਲ ਪਰਿਵਾਰ ਹੈ ਉਥੇ ਸਮੂਹ ਗਿੱਲ ਪਰਿਵਾਰ ਹਮੇਸ਼ਾ ਹੀ ਸਿੱਖੀ ਦੀਆਂ ਕਦਰਾਂ ਕੀਮਤਾਂ ਨਾਲ ਜੁੜਿਆ ਹੋਇਆ ਹੈ ਅਤੇ ਸ਼ਰਧਾਵਾਨ ਨਿਮਾਣੇ ਸਿੱਖਾਂ ਵਾਂਗ ਸਿੱਖੀ ਦੀ ਸੇਵਾ ਕਰਦਾ ਆ ਰਿਹਾ ਹੈ। ਮਾਤਾ ਜਰਨੈਲ ਕੌਰ ਗਿੱਲ ਆਪਣੇ ਪਿਛੇ 10 ਪੋਤੇ-ਪੋਤੀਆਂ, 9 ਦੋਹਤੇ-ਦੋਹਤੀਆਂ ਅਤੇ 15 ਪੜਪੋਤੇ-ਪੜਪੋਤੀਆਂ ਛੱਡ ਗਏ। ਭਾਵੇਂ ਮਾਤਾ ਜਰਨੈਲ ਕੌਰ ਗਿੱਲ ਜੀ ਅੱਜ ਸਾਡੇ ਵਿੱਚ ਨਹੀਂ ਹਨ ਪਰ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ। ਮਾਤਾ ਜਰਨੈਲ ਕੌਰ ਗਿੱਲ ਦਾ ਸਸਕਾਰ 27 ਜਨਵਰੀ 2018 ਸ਼ਨਿਚਰਵਾਰ ਨੂੰ ਸਵੇਰੇ 10:00 ਵਜੇ ਤੋਂ 12:00 ਵਜੇ North Sacramento Funeral Home, 725 El Camino Ave, Sacramento, CA 95815 ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ, 2301 Evergreen Ave, West Sacramento, CA 95691 ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ ਗੁਰਮੇਜ਼ ਸਿੰਘ ਗਿੱਲ (530) 681-3112, ਗੁਰਜੰਟ ਸਿੰਘ ਗਿੱਲ-(559) 352-7509, ਕੁਲਵੰਤ ਸਿੰਘ ਗਿੱਲ (916) 285-0936 ਅਤੇ ਸੁਖਵੰਤ ਸਿੰਘ ਗਿੱਲ-(916) 997-5163 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਅਮਰੀਕਾ ਵੱਲੋਂ ਪਾਕਿਸਤਾਨ ਨੂੰ ਤਾਲਿਬਾਨ ਆਗੂਆਂ ਖ਼ਿਲਾਫ਼ ਕਾਰਵਾਈ ਦਾ ਸੱਦਾ

**ਵਾਸ਼ਿੰਗਟਨ/ਬਿਊਰੋ ਨਿਊਜ਼:** ਕਾਬੁਲ ਵਿੱਚ ਇਕ ਹੋਟਲ ਉਤੇ ਅਤਿਵਾਦੀਆਂ ਦੇ ਗਰੁੱਪ ਵੱਲੋਂ ਕੀਤੇ ਗਏ ਹਮਲੇ, ਜਿਸ 'ਚ 14 ਵਿਦੇਸ਼ੀਆਂ ਸਮੇਤ 22 ਵਿਅਕਤੀ ਮਾਰੇ ਗਏ ਸਨ, ਦੇ ਕੁੱਝ ਦਿਨਾਂ ਬਾਅਦ ਅਮਰੀਕਾ ਨੇ ਪਾਕਿਸਤਾਨ ਨੂੰ ਕਿਹਾ ਕਿ ਸਰਹੱਦ ਪਾਰ ਅਫ਼ਗਾਨਿਸਤਾਨ ਵਿੱਚ ਅਤਿਵਾਦੀ ਹਮਲੇ ਕਰਨ ਵਾਲੇ ਤਾਲਿਬਾਨ ਲੀਡਰਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਜਾਂ ਦੇਸ਼ ਵਿੱਚੋਂ ਬਾਹਰ ਕੱਢਿਆ ਜਾਵੇ। ਤਾਲਿਬਾਨ ਵੱਲੋਂ ਕਾਬੁਲ 'ਚ ਇੰਟਰ-ਕੌਂਟੀਨੈਂਟਲ ਹੋਟਲ ਉਤੇ ਹਮਲੇ ਦੀ ਜ਼ਿੰਮੇਵਾਰੀ ਲੈਣ ਬਾਅਦ ਵ੍ਹਾਈਟ ਹਾਊਸ ਦਾ ਇਹ ਸੰਖੇਪ ਬਿਆਨ ਆਇਆ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਸਾਰ੍ਹਾ ਸੈਂਡਰਜ਼ ਨੇ ਪੱਤਰਕਾਰਾਂ ਨੂੰ ਦੱਸਿਆ, 'ਅਸੀਂ ਪਾਕਿਸਤਾਨ ਨੂੰ ਤਾਲਿਬਾਨ ਆਗੂਆਂ ਨੂੰ ਤੁਰੰਤ ਗ੍ਰਿਫ਼ਤਾਰ ਜਾਂ ਬਾਹਰ ਕੱਢਣ ਅਤੇ ਇਸ ਜਥੇਬੰਦੀ ਨੂੰ ਅਪਰੇਸ਼ਨਾਂ ਲਈ ਪਾਕਿ ਦੀ ਸਰਜ਼ਮੀਂ ਦੀ ਵਰਤੋਂ ਨਾ ਕਰਨ ਦੇਣ ਦਾ ਸੱਦਾ ਦਿੱਤਾ ਹੈ। ਅਫ਼ਗਾਨਿਸਤਾਨ ਵਿੱਚ ਨਾਗਰਿਕਾਂ 'ਤੇ ਅਜਿਹੇ ਹਮਲੇ ਸਾਡੇ ਅਫ਼ਗਾਨ ਭਾਈਵਾਲ ਦੇ ਸਮਰਥਨ ਵਾਲੇ ਸਾਡੇ ਇਰਾਦੇ ਨੂੰ ਹੋਰ ਦ੍ਰਿੜ੍ਹ ਕਰਦੇ ਹਨ। ਅਸੀਂ ਅਫ਼ਗਾਨ ਸੁਰੱਖਿਆ ਬਲਾਂ ਦੀ ਤੇਜ਼ ਅਤੇ ਅਸਰਦਾਰ ਜਵਾਬੀ ਕਾਰਵਾਈ ਦੀ ਪ੍ਰਸੰਸਾ ਕਰਦੇ ਹਾਂ। ਅਫ਼ਗਾਨ ਬਲ ਸਾਡੇ ਸਮਰਥਨ ਨਾਲ ਅਫ਼ਗਾਨਿਸਤਾਨ ਦੇ ਦੁਸ਼ਮਣਾਂ ਨੂੰ ਹਰਾਉਣ ਲਈ ਅਣਥੱਕ ਯਤਨ ਕਰ ਰਹੇ ਹਨ।' ਦੱਸਣਯੋਗ ਹੈ ਕਿ ਅਮਰੀਕਾ ਵੱਲੋਂ ਅਤਿਵਾਦੀ ਜਥੇਬੰਦੀਆਂ ਖ਼ਿਲਾਫ਼ ਕਾਰਵਾਈ ਅਤੇ ਉਨ੍ਹਾਂ ਦੀਆਂ ਸੁਰੱਖਿਅਤ ਠਾਹਰਾਂ ਤਬਾਹ ਕਰਨ ਲਈ ਪਾਕਿਸਤਾਨ 'ਤੇ ਦਬਾਅ ਪਾਇਆ ਜਾ ਰਿਹਾ ਹੈ।

ਪਿਛਲੇ ਦਿਨੀਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਸੀ ਕਿ ਪਾਕਿਸਤਾਨ ਨੇ ਅਮਰੀਕਾ ਨੂੰ 'ਝੂਠ ਅਤੇ ਫਰੇਬ' ਤੋਂ ਸਿਵਾਏ ਕੁੱਝ ਨਹੀਂ ਦਿੱਤਾ। ਅਮਰੀਕਾ ਨੇ ਪਾਕਿ ਨੂੰ 2 ਅਰਬ ਅਮਰੀਕੀ ਡਾਲਰ ਦੀ ਸੁਰੱਖਿਆ ਸਹਾਇਤਾ ਵੀ ਰੋਕ ਦਿੱਤੀ ਸੀ। ਅਫ਼ਗਾਨਿਸਤਾਨ ਦੇ ਗ੍ਰਹਿ ਮੰਤਰਾਲੇ ਦੇ ਤਰਜਮਾਨ ਨੇ ਕੱਲ੍ਹ ਦੱਸਿਆ ਸੀ ਕਿ ਹੋਟਲ 'ਤੇ ਹਮਲਾ ਕਰਨ ਵਾਲੇ ਛੇ ਅਤਿਵਾਦੀ ਮਾਰ ਦਿੱਤੇ ਗਏ ਹਨ ਅਤੇ ਅਫ਼ਗਾਨ ਸੁਰੱਖਿਆ ਬਲਾਂ ਨੇ ਇਸ ਹੋਟਲ ਨੇੜੇ ਖੜ੍ਹੇ ਵਾਹਨ ਵਿੱਚ ਲੱਦੀ ਧਮਾਕਾਖੇਜ਼ ਸਮੱਗਰੀ ਨੂੰ ਨਕਾਰਾ ਕਰ ਦਿੱਤਾ ਹੈ।

## ਮਾਤਾ ਸੁਰਜੀਤ ਕੌਰ ਦਾ ਅਕਾਲ ਚਲਾਣਾ, *ਸਸਕਾਰ ਤੇ ਅੰਤਮ ਅਰਦਾਸ 28 ਜਨਵਰੀ ਨੂੰ*

**ਫਰਿਜ਼ਨੋ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਪੰਜਾਬੀ ਭਾਈਚਾਰੇ ਦੀ ਚੋਖੀ ਵਸੋਂ ਵਾਲੇ ਸ਼ਹਿਰ ਫਰਿਜ਼ਨੋ ਨਿਵਾਸੀ ਮਾਤਾ ਸੁਰਜੀਤ ਕੌਰ (ਪਤਨੀ ਸ. ਪਿਆਰਾ ਸਿੰਘ) ਬੀਤੇ ਦਿਨੀ ਅਕਾਲ ਚਲਾਣਾ ਕਰ ਗਏ। ਉਹ ਪਿਛਲੇ 12 ਸਾਲਾ ਤੋਂ ਫਰਿਜ਼ਨੋ ਰਹਿ ਰਹੇ ਸਨ। ਉਹ ਇਸ ਵੇਲੇ ਲਗਭਗ 70 ਸਾਲਾਂ ਦੇ ਸਨ । ਪੰਜਾਬ ਵਿੱਚ ਉਨ੍ਹਾਂ ਪਿਛਲਾ ਪਿੰਡ ਡੱਲਾ, ਨਜ਼ਦੀਕ ਜਗਰਾਉ ਸੀ। ਮਾਤਾ ਸੁਰਜੀਤ ਕੌਰ ਸਸਕਾਰ ਅਤੇ ਸ਼ਰਧਾਜਲੀਆਂ 28 ਜਨਵਰੀ 2018, ਦਿਨ ਐਤਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' ਫਰਿਜ਼ਨੋ ਵਿਖੇ 11:00 ਵਜੇ ਤੋਂ 1:00 ਵਜੇ ਹੋਣਗੀਆਂ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ 'ਗੁਰਦੁਆਰਾ ਨਾਨਕਸਰ ਚੈਰੀ ਐਵਨਿਊ ਵਿਖੇ ਹੋਵੇਗੀ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਹਰਜਿੰਦਰ ਸਿੰਘ ਨਾਲ ਫੋਨ ਨੰਬਰ (559) 433-5614 ਸੰਪਰਕ ਕਰ ਸਕਦੇ ਹੋ।



## ਸ਼੍ਰੋਮਣੀ ਕਮੇਟੀ ਨੇ ਹਰਿਮੰਦਰ ਸਾਹਿਬ ਦੀ ਤਰਜ਼ ਉੱਤੇ ਗੁਰਦੁਆਰੇ ਬਣਾਉਣ ਸਬੰਧੀ ਜਾਂਚ ਕਮੇਟੀ ਬਣਾਈ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਬਣਾਏ ਜਾ ਰਹੇ ਗੁਰਦੁਆਰੇ ਦੇ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਂਚ ਕਮੇਟੀ ਬਣਾਈ ਗਈ ਹੈ।

ਇਸ ਸਬੰਧੀ ਜਾਰੀ ਬਿਆਨ ਰਾਹੀਂ ਸ੍ਰੀ ਲੌਂਗੋਵਾਲ ਨੇ ਦੱਸਿਆ ਕਿ ਮਸਤੂਆਣਾ ਸਾਹਿਬ ਵਿਖੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਾਂਗ ਬਣਾਏ ਜਾ ਰਹੇ ਅਸਥਾਨ ਦੀ ਜਾਂਚ ਲਈ ਚਾਰ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ।

ਇਸ ਜਾਂਚ ਕਮੇਟੀ ਵਿੱਚ ਅੰਤ੍ਰਿੰਗ ਕਮੇਟੀ ਮੈਂਬਰ ਹਰਿੰਦਰ ਸਿੰਘ ਰੋਗਲਾ, ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ, ਭੁਪਿੰਦਰ ਸਿੰਘ ਭਲਵਾਨ ਅਤੇ ਮਲਕੀਤ ਸਿੰਘ ਚੰਗਾਲ ਨੂੰ ਸ਼ਾਮਲ ਕਰਦਿਆਂ ਇਸ ਦੇ ਕੋਆਰਡੀਨੇਟਰ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਸੰਗਰੂਰ ਦੇ ਮੈਨੇਜਰ ਨੂੰ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਜਾਂਚ ਕਮੇਟੀ ਅਕਾਲ ਤਖ਼ਤ ਵੱਲੋਂ ਇਸ ਸਬੰਧੀ ਬੀਤੇ ਸਮੇਂ ਵਿੱਚ ਦਿੱਤੇ ਜਾ ਰਹੇ ਨਿਰਦੇਸ਼ ਦੀ ਪਾਲਣਾ ਬਾਰੇ ਪਤਾ ਲਗਾ ਕੇ ਆਪਣੀ ਰਿਪੋਰਟ ਦੇਵੇਗੀ।

ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਜਿਹਾ ਹੋਰ ਕੋਈ ਅਸਥਾਨ ਨਹੀਂ ਬਣਾਇਆ ਜਾ ਸਕਦਾ। ਉਨ੍ਹਾਂ ਇਸ ਮਾਮਲੇ ਸਬੰਧੀ ਮਰਨ ਵਰਤ 'ਤੇ ਬੈਠੇ ਜਥੇਦਾਰ ਪ੍ਰਸ਼ੋਤਮ ਸਿੰਘ ਫੱਗੂਵਾਲਾ ਨੂੰ ਅਪੀਲ ਕੀਤੀ ਕਿ ਅਜਿਹੇ ਮਸਲੇ ਮਰਨ ਵਰਤ ਨਾਲ ਨਹੀਂ, ਸਗੋਂ ਮਿਲ ਬੈਠ ਕੇ ਵਿਚਾਰਾਂ ਉਪਰੰਤ ਸੰਜੀਦਾ ਯਤਨਾਂ ਨਾਲ ਹੀ ਹੱਲ ਹੋ ਸਕਦੇ ਹਨ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਇਹ ਮਾਮਲਾ ਅਕਾਲ ਤਖ਼ਤ 'ਤੇ ਵਿਚਾਰਿਆ ਜਾ ਚੁੱਕਾ ਹੈ ਅਤੇ ਇਸ ਗੁਰਦੁਆਰੇ ਦੀ ਉਸਾਰੀ 'ਤੇ ਰੋਕ ਲਾਈ ਗਈ ਸੀ। ਇਸ ਦੇ ਸਰੋਵਰ ਨੂੰ ਮਿੱਟੀ ਨਾਲ ਪੂਰਨ ਦੇ ਵੀ ਆਦੇਸ਼ ਦਿੱਤੇ ਗਏ ਸਨ।


# ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

## Gurdwara Sahib Fremont

### Supreme Council Election Schedule 2018

| Activity | Date | Time |
|---|---|---|
| New Voter Registration Day 1 | Sunday, January 14, 2018 | 10:00 - 3:00 pm |
| New Voter Registration Day 2 | Wednesday, January 17, 2018 | 6:00 - 8:00 pm |
| New Voter Registration Day 3 | Sunday, January 21, 2018 | 10:00 - 3:00 pm |
| New Voter Registration Day 4 | Wednesday, January 24, 2018 | 6:00 - 8:00 pm |
| New Voter Registration Day 5 | Sunday, January 28, 2018 | 10:00 - 3:00 pm |
| New Voter Registration Day 6 | Wednesday, January 31, 2018 | 6:00 - 8:00 pm |

***Last Date for Supreme Council Application Submission, Sunday, February 4, 2018, 5:00 PM***
***Last date for Supreme Council Application withdrawal, Saturday, February 10, 2018, 5:00 PM***

Introduction of SC Candidates to Sangat, Sunday, February 25, 2018, 12:00 PM

**Voting Day Sunday, March 11, 2018, 9:00 am to 6:00 pm**

# ਗੁਜਰਾਤ ਧਮਾਕਿਆਂ ਦੀ ਸਕੀਮ ਘੜਣ ਵਾਲਾ ਅਬਦੁਲ ਸੁਭਾਨ ਕੁਰੈਸ਼ੀ ਦਿੱਲੀ 'ਚੋਂ ਗ੍ਰਿਫਤਾਰ

**ਨਵੀਂ ਦਿੱਲੀ/ਬਿਊਰੋ ਨਿਊਜ਼:** ਗਣਤੰਤਰ ਦਿਵਸ ਤੋਂ ਕੁਝ ਦਿਨ ਪਹਿਲਾਂ ਦਿੱਲੀ ਪੁਲੀਸ ਨੇ ਸਫ਼ਲਤਾ ਹਾਸਿਲ ਕਰਦਿਆਂ ਮੁਕਾਬਲੇ ਤੋਂ ਬਾਅਦ 2008 ਦੇ ਗੁਜਰਾਤ ਲੜੀਵਾਰ ਬੰਬ ਧਮਾਕਿਆਂ ਦੇ ਮੁੱਖ ਸਾਜ਼ਿਸ਼ਕਰਤਾ ਅਬਦੁਲ ਸੁਭਾਨ ਕੁਰੈਸ਼ੀ (46 ਸਾਲ) ਨੂੰ ਗ੍ਰਿਫ਼ਤਾਰ ਕਰ ਲਿਆ। ਪੁਲੀਸ ਮੁਤਾਬਕ ਕੁਰੈਸ਼ੀ ਇੰਡੀਅਨ ਮੁਜਾਹਦੀਨ (ਆਈਐਮ) ਦਾ ਸਹਿ ਸੰਸਥਾਪਕ ਅਤੇ ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ਼ ਇੰਡੀਆ (ਸਿਮੀ) ਨਾਲ ਜੁੜਿਆ ਹੋਇਆ ਸੀ। ਉਸ ਨੂੰ ਪੂਰਬੀ ਦਿੱਲੀ ਦੇ ਗਾਜ਼ੀਪੁਰ ਤੋਂ ਸਨਿੱਚਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ। ਡਿਪਟੀ ਕਮਿਸ਼ਨਰ ਆਫ਼ ਪੁਲੀਸ (ਸਪੈਸ਼ਲ ਸੈੱਲ) ਪੀ ਐਸ ਕੁਸ਼ਵਾਹ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਹ ਮਿਲੀ ਸੀ ਕਿ ਕੁਰੈਸ਼ੀ ਗਾਜ਼ੀਪੁਰ 'ਚ ਆਪਣੇ ਪੁਰਾਣੇ ਸਾਥੀ ਨੂੰ ਮਿਲਣ ਲਈ ਆ ਰਿਹਾ ਹੈ। ਉਸ ਦਾ ਪਿੱਛਾ ਸਪੈਸ਼ਲ ਸੈੱਲ ਅਤੇ ਖ਼ੁਫ਼ੀਆ ਏਜੰਸੀਆਂ ਦੀਆਂ ਟੀਮਾਂ ਵੱਲੋਂ ਕੀਤਾ ਜਾ ਰਿਹਾ ਸੀ। ਸ੍ਰੀ ਕੁਸ਼ਵਾਹ ਨੇ ਪ੍ਰੈੱਸ ਕਾਨਫਰੰਸ 'ਚ ਦੱਸਿਆ ਕਿ ਕੁਰੈਸ਼ੀ ਜਾਅਲੀ ਨਾਮ ਨਾਲ ਨੇਪਾਲ 'ਚ ਰਹਿ ਰਿਹਾ ਸੀ ਅਤੇ ਉਹ 2015 ਤੋਂ 2017 ਦਰਮਿਆਨ ਸਾਊਦੀ ਅਰਬ ਗਿਆ ਸੀ। ਉਹ ਸਿਮੀ ਦੇ ਰਸਾਲੇ ਦਾ ਸੰਪਾਦਕ ਸੀ ਅਤੇ ਉਸ ਨੂੰ ਚੰਗਾ ਪ੍ਰਬੰਧਕ ਮੰਨਿਆ ਜਾਂਦਾ ਸੀ। ਪੁਲੀਸ ਅਧਿਕਾਰੀ ਨੇ ਕਿਹਾ ਕਿ ਜਾਂਚ ਦੌਰਾਨ ਉਸ ਦਾ ਨਾਮ ਮੁੰਬਈ ਅਤੇ ਬੰਗਲੌਰ ਲੜੀਵਾਰ ਧਮਾਕਿਆਂ 'ਚ ਵੀ ਆਇਆ ਸੀ। ਜ਼ਿਕਰਯੋਗ ਹੈ ਕਿ 26 ਜੁਲਾਈ 2008 ਨੂੰ ਅਹਿਮਦਾਬਾਦ ਸ਼ਹਿਰ 'ਚ ਲੜੀਵਾਰ 20 ਬੰਬ ਧਮਾਕੇ ਹੋਏ ਸਨ ਜਿਨ੍ਹਾਂ 'ਚ 50 ਤੋਂ ਵਧ ਵਿਅਕਤੀ ਹਲਾਕ ਹੋ ਗਏ ਸਨ।



# ਰਾਜਸਥਾਨ ਦੇ ਸਿੱਖਾਂ ਵਲੋਂ ਆਪਣੀਆਂ ਮੰਗਾਂ ਲਈ ਲੜਾਈ ਜਾਰੀ ਰੱਖਣ ਦਾ ਫੈਸਲਾ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਰਾਜਸਥਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਬੈਠਕ ਗੁਰਦੁਆਰਾ ਸਿੰਘ ਸਭਾ ਗੰਗਾਨਗਰ ਵਿਖੇ ਹੋਈ ਇਸ ਬੈਠਕ ਵਿਚ ਰਾਜਸਥਾਨ ਵਿਚ ਪੰਜਾਬੀ ਭਾਸ਼ਾ ਨਾਲ ਹੋ ਰਹੇ ਵਿਤਕਰੇ, ਪੰਜਾਬੀ ਭਾਸ਼ਾ ਦੇ ਗਠਨ ਅਤੇ ਰਾਜਸਥਾਨ ਵਿਚ ਗੁਰਦੁਆਰਿਆਂ ਦੇ ਸਰਕਾਰੀਕਰਨ ਕਰਨ ਤੇ ਚਰਚਾ ਕੀਤੀ ਗਈ। ਇਸ ਮੀਟਿੰਗ ਵਿਚ ਪੰਜਾਬੀ ਭਾਸ਼ਾ ਨਾਲ ਸਰਕਾਰੀ ਵਿਤਕਰੇ ਦੀ ਨਿਖੇਦੀ ਕਰਦਿਆਂ ਸਿੱਖ ਨੁਮਾਇੰਦਿਆਂ ਦੇ ਰੋਲ ਨੂੰ ਮੰਦਭਾਗਾ ਦੱਸਿਆ। ਇਸ ਦੇ ਪੰਜਾਬੀ ਭਾਸ਼ਾ ਪ੍ਰਚਾਰ ਸਭਾ ਦੇ ਪੰਜਾਬੀ ਭਾਸ਼ਾ ਬਚਾਉ ਮਾਰਚ ਨੂੰ ਸਮਰਥਨ ਦੇਣ ਦਾ ਫੈਸਲਾ ਕੀਤਾ ਗਿਆ ਤੇ ਮੁਖ ਮੰਤਰੀ ਨਾਲ ਗੱਲਬਾਤ ਕਰਨ ਦਾ ਫੈਸਲਾ ਕੀਤਾ ਗਿਆ। ਰਾਜਸਥਾਨ ਦੇ ਗੁਰਦੁਆਰਿਆਂ ਨੂੰ ਦੇਵ ਸਥਾਨ ਮਹਿਕਮੇ ਤੋਂ ਬਾਹਰ ਕੱਢਣ ਦੀ ਮੰਗ ਕੀਤੀ ਜਿਸ ਨਾਲ ਸਿੱਖਾਂ ਦੇ ਧਾਰਮਿਕ ਥਾਵਾਂ ਤੇ ਸਰਕਾਰੀ ਦਖ਼ਲ ਬੰਦ ਹੋ ਸਕੇ।



**ਰਾਜਸਥਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰਾਂ ਦੀ ਬੈਠਕ ਤੋਂ ਬਾਅਦ ਦੀ ਤਸਵੀਰ।**

ਰਾਜਸਥਾਨ ਵਿਚ ਆਨੰਦ ਮੈਰਿਜ ਐਕਟ ਨੂੰ ਲਾਗੂ ਕਰਨ ਦੀ ਮੰਗ ਕੀਤੀ ਗਈ। ਕੈਨੇਡਾ ,ਅਮਰੀਕਾ ਅਤੇ ਯੂ ਕੇ ਦੇ ਗੁਰਦੁਆਰਿਆਂ ਕਮੇਟੀਆਂ ਵਲੋਂ ਉਨ੍ਹਾਂ ਅਨਸਰਾਂ ਦੇ ਦਾਖ਼ਲੇ ਬੰਦ ਕਰਨ ਤੇ ਖੁਸ਼ੀ ਪ੍ਰਗਟ ਕੀਤੀ ਗਈ ਜੋ ਕਿ ਗੁਰਮਤਿ ਦੇ ਉਲਟ ਅਤੇ ਸਿੱਖਾਂ ਵਿਚ ਆਪਸੀ ਟਕਰਾਓ ਦਾ ਕਾਰਨ ਬਣ ਰਹੇ ਸਨ । ਗੰਗਾਨਗਰ ਵਿਚ ਬਣ ਰਹੇ ਮੈਡੀਕਲ ਕਾਲਜ ਦਾ ਸਮਰਥਨ ਕੀਤਾ ਗਿਆ। ਇਸ ਮੌਕੇ ਰਾਜਸਥਾਨ ਕਮੇਟੀ ਦੇ ਮੌਜੂਦਾ ਢਾਂਚਾ ਭੰਗ ਕਰ ਕੇ ਇਸਦੇ ਨਵੇਂ ਗਠਨ ਦੇ ਅਧਿਕਾਰ ਹਰਦੀਪ ਸਿੰਘ ਡਿਬਡਿਬਾ ਨੂੰ ਦਿਤੇ ਗਏ। ਇਸ ਮੌਕੇ ਪ੍ਰੋ ਬਲਜਿੰਦਰ ਸਿੰਘ ਮੋਰਜੰਡ, ਜਸਵੀਰ ਸਿੰਘ , ਗੁਰਜੀਤ ਸਿੰਘ, ਇਕਬਾਲ ਸਿੰਘ, ਦਿਆਲ ਸਿੰਘ ਹਨੂਮਾਨ ਗੜ੍ਹ, ਲਖਵਿੰਦਰ ਸਿੰਘ ਢਬਲੀ ਰਾਠਾਂ, ਰੂਪ ਸਿੰਘ ਲਾਲਗੜ੍ਹ, ਹਰਿਮੰਦਰ ਸਿੰਘ ਮਲੋਕਕਾ, ਟੇਕ ਸਿੰਘ ਰਿਦਮਲਸਰ ਸਮੇਤ ਸੈਂਕੜੇ ਸਿੱਖ ਆਗੂ ਹਾਜਰ ਸਨ।

# ਅੰਮ੍ਰਿਤਸਰ ਦੇ ਮੇਅਰ ਦੀ ਚੋਣ ਦਾ ਨਵਜੋਤ ਸਿੱਧੂ ਦੇ ਹਮਾਇਤੀ 15 ਕੌਂਸਲਰਾਂ ਨੇ ਕੀਤਾ ਬਾਈਕਾਟ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਗ਼ੈਰਹਾਜ਼ਰੀ ਵਿੱਚ ਹੋਏ ਸਮਾਗਮ ਵਿੱਚ ਨਗਰ ਨਿਗਮ ਦੇ ਚੁਣੇ ਗਏ ਕੌਂਸਲਰਾਂ ਨੇ ਮੰਗਲਵਾਰ ਨੂੰ ਸਹੁੰ ਚੁੱਕੀ। ਕਰਮਜੀਤ ਸਿੰਘ ਰਿੰਟੂ ਨੂੰ ਨਗਰ ਨਿਗਮ ਦਾ ਮੇਅਰ ਨਾਮਜ਼ਦ ਕੀਤਾ ਗਿਆ ਹੈ। ਰਮਨ ਬਖਸ਼ੀ ਨੂੰ ਸੀਨੀਅਰ ਡਿਪਟੀ ਮੇਅਰ ਅਤੇ ਯੂਨਿਸ ਕੁਮਾਰ ਨੂੰ ਡਿਪਟੀ ਮੇਅਰ ਬਣਾਇਆ ਗਿਆ ਹੈ। ਸ੍ਰੀ ਸਿੱਧੂ ਵਾਂਗ ਉਨ੍ਹਾਂ ਦੇ 15 ਹਮਾਇਤੀ ਕੌਂਸਲਰ ਵੀ ਸਮਾਗਮ ਵਿੱਚੋਂ ਗੈਰਹਾਜ਼ਰ ਰਹੇ।

ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੀ ਨਿਗਰਾਨੀ ਹੇਠ ਹੋਏ ਸਮਾਗਮ ਵਿੱਚ ਨਵੇਂ ਚੁਣੇ ਗਏ ਕੌਂਸਲਰਾਂ ਨੇ ਅਹੁਦੇ ਦੀ ਸਹੁੰ ਚੁੱਕੀ। ਇਜਲਾਸ ਦੀ ਸ਼ੁਰੂਆਤ ਜਲੰਧਰ ਦੇ ਡਿਵੀਜ਼ਨਲ ਕਮਿਸ਼ਨਰ ਰਾਜ ਕੰਵਲ ਚੌਧਰੀ ਦੀ ਪ੍ਰਧਾਨਗੀ ਵਿੱਚ ਹੋਈ। ਸਮਾਗਮ ਦੌਰਾਨ ਵਿਧਾਇਕ ਓ.ਪੀ. ਸੋਨੀ, ਜੋ ਕਿ ਨਿਗਮ ਦੇ ਸਦਨ ਦੇ ਬਤੌਰ ਵਿਧਾਇਕ ਮੈਂਬਰ ਹਨ, ਵੱਲੋਂ ਮੇਅਰ ਦੇ ਅਹੁਦੇ ਲਈ ਕੌਂਸਲਰ ਕਰਮਜੀਤ ਸਿੰਘ ਰਿੰਟੂ ਦਾ ਨਾਂ ਪੇਸ਼ ਕੀਤਾ ਗਿਆ, ਜਿਸ ਨੂੰ ਨਿਰਵਿਰੋਧ ਚੁਣ ਲਿਆ ਗਿਆ।



**ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਵਿਧਾਇਕ ਓ.ਪੀ.ਸੋਨੀ ਅੰਮ੍ਰਿਤਸਰ ਨਗਰ ਨਿਗਮ ਦੇ ਨਵੇਂ ਮੇਅਰ ਕਰਮਜੀਤ ਸਿੰਘ ਰਿੰਟੂ (ਖੱਬੇ) ਨੂੰ ਗੁਲਦਸਤਾ ਭੇਟ ਕਰਦੇ ਹੋਏ।**

ਮਗਰੋਂ ਸੀਨੀਅਰ ਡਿਪਟੀ ਮੇਅਰ ਵਜੋਂ ਰਮਨ ਬਖਸ਼ੀ ਦਾ ਨਾਂ ਵਿਧਾਇਕ ਸੁਨੀਲ ਦੱਤੀ ਅਤੇ ਡਿਪਟੀ ਮੇਅਰ ਵਜੋਂ ਯੂਨਿਸ ਕੁਮਾਰ ਦਾ ਨਾਂ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਪੇਸ਼ ਕੀਤਾ। ਹਾਊਸ ਮੈਂਬਰਾਂ ਵੱਲੋਂ ਇਸ ਤਜਵੀਜ਼ ਦਾ ਸਵਾਗਤ ਕੀਤਾ ਗਿਆ। ਇਸ ਦੌਰਾਨ ਵਿਰੋਧੀ ਧਿਰ ਵੱਲੋਂ ਕੋਈ ਹੋਰ ਨਾਂ ਨਾ ਪੇਸ਼ ਹੋਣ 'ਤੇ ਇਨ੍ਹਾਂ ਦੀ ਚੋਣ ਨੂੰ ਅੰਤਿਮ ਕਰਾਰ ਦਿੱਤਾ ਗਿਆ। ਸਰਬਸੰਮਤੀ ਨਾਲ ਚੁਣੇ ਗਏ ਮੇਅਰ ਤੇ ਹੋਰਨਾਂ ਨੂੰ ਨਿਗਮ ਦੀ ਕਮਿਸ਼ਨਰ ਸ੍ਰੀਮਤੀ ਸੋਨਾਲੀ ਗਿਰੀ ਤੇ ਹੋਰ ਅਧਿਕਾਰੀਆਂ ਨੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਕਰਮਜੀਤ ਸਿੰਘ ਰਿੰਟੂ ਅੰਮ੍ਰਿਤਸਰ ਨਗਰ ਨਿਗਮ ਦੇ 8ਵੇਂ ਮੇਅਰ ਬਣੇ ਹਨ। ਮਗਰੋਂ ਸ੍ਰੀ ਬਾਜਵਾ ਨੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਨੂੰ ਉਨ੍ਹਾਂ ਦੀਆਂ ਕੁਰਸੀਆਂ 'ਤੇ ਬਿਠਾਇਆ ਤੇ ਵਧਾਈ ਦਿੱਤੀ। ਸ੍ਰੀ ਸਿੱਧੂ ਤੇ ਉਨ੍ਹਾਂ ਦੇ ਹਮਾਇਤੀ ਕੌਂਸਲਰਾਂ ਦੀ ਗ਼ੈਰਹਾਜ਼ਰੀ ਕਾਰਨ ਸਮਾਗਮ ਫਿੱਕਾ ਰਿਹਾ। ਇਨ੍ਹਾਂ ਕੌਂਸਲਰਾਂ ਨੇ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੇਅਰ ਤੇ ਹੋਰਨਾਂ ਅਹੁਦੇਦਾਰਾਂ ਦੀ ਚੋਣ ਵੇਲੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਦੀ ਰਾਇ ਨਹੀਂ ਲਈ ਗਈ। ਸਿੱਧੂ ਹਮਾਇਤੀ ਕੌਂਸਲਰਾਂ ਵਿੱਚ ਦਮਨਦੀਪ ਸਿੰਘ, ਸੁਖਦੇਵ ਸਿੰਘ ਚਾਹਲ, ਜਤਿੰਦਰ ਸਿੰਘ ਮੋਤੀ ਭਾਟੀਆ ਆਦਿ ਸ਼ਾਮਲ ਸਨ। ਇਨ੍ਹਾਂ ਨੇ ਸਹੁੰ ਵੀ ਨਹੀਂ ਚੁੱਕੀ। ਇਨ੍ਹਾਂ ਦੀ ਗੈਰਹਾਜ਼ਰੀ ਬਾਰੇ ਸ੍ਰੀ ਬਾਜਵਾ ਨੇ ਕਿਹਾ ਕਿ ਇਨ੍ਹਾਂ ਕੌਂਸਲਰਾਂ ਵਿੱਚੋਂ ਕੁਝ ਬਾਅਦ ਵਿੱਚ ਸਮਾਗਮ ਵਿੱਚ ਪੁੱਜ ਗਏ ਸਨ ਜਦਕਿ ਬਾਕੀਆਂ ਨੂੰ ਵੀ ਜਲਦੀ ਨਾਲ ਲੈ ਲਿਆ ਜਾਵੇਗਾ।

ਉਧਰ ਨਵੇਂ ਬਣੇ ਮੇਅਰ ਕਰਮਜੀਤ ਸਿੰਘ ਰਿੰਟੂ ਨੇ ਤੁਰੰਤ ਬਾਅਦ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਸਾਫ਼ ਸਫ਼ਾਈ ਅਤੇ ਟਰੈਫਿਕ ਵਿਵਸਥਾ ਨੂੰ ਠੀਕ ਕਰਨਾ ਤਰਜੀਹੀ ਕੰਮ ਹੋਵੇਗਾ। ਸ੍ਰੀ ਸਿੱਧੂ ਦੀ ਗੈਰਹਾਜ਼ਰੀ ਬਾਰੇ ਉਨ੍ਹਾਂ ਕਿਹਾ ਕਿ ਮੰਤਰੀ ਦੀ ਉਨ੍ਹਾਂ ਨਾਲ ਕੋਈ ਨਾਰਾਜ਼ਗੀ ਨਹੀਂ ਹੈ। ਉਹ ਖੁਦ ਉਨ੍ਹਾਂ ਦੇ ਘਰ ਜਾ ਕੇ ਧੰਨਵਾਦ ਕਰਨਗੇ।

ਪਟਿਆਲਾ: ਪਟਿਆਲਾ ਨਗਰ ਨਿਗਮ ਦੇ ਚੌਥੇ ਹਾਊਸ ਦੇ ਕੌਂਸਲਰਾਂ ਨੂੰ ਇੱਥੇ ਨਿਗਮ ਦਫ਼ਤਰ ਵਿੱਚ ਸਹੁੰ ਚੁਕਾਏ ਜਾਣ ਦੀ ਰਸਮ ਅਦਾ ਹੋਣ ਤੋਂ ਤੁਰੰਤ ਬਾਅਦ ਕਾਂਗਰਸ ਆਗੂ ਸੰਜੀਵ ਸ਼ਰਮਾ ਬਿੱਟੂ ਨੂੰ ਨਵਾਂ ਮੇਅਰ ਚੁਣ ਲਿਆ ਗਿਆ ਹੈ। ਇਸੇ ਤਰ੍ਹਾਂ ਯੋਗਿੰਦਰ ਸਿੰਘ ਯੋਗੀ ਨੂੰ ਸੀਨੀਅਰ ਡਿਪਟੀ ਮੇਅਰ ਅਤੇ ਵਿਨਤੀ ਸੰਗਰ ਨੂੰ ਡਿਪਟੀ ਮੇਅਰ ਚੁਣਿਆ ਗਿਆ। ਕੁੱਲ 60 ਵਿੱਚੋਂ 59 ਕੌਂਸਲਰ ਕਾਂਗਰਸ ਦੇ ਹੋਣ ਕਾਰਨ ਇਹ ਤਿੰਨੇ ਅਹੁਦੇਦਾਰ ਵੀ ਕਾਂਗਰਸ ਦੇ ਹੀ ਚੁਣੇ ਗਏ ਹਨ।




# ਨਵਜੋਤ ਸਿੱਧੂ ਨੂੰ ਨਜ਼ਰਅੰਦਾਜ਼ ਕੀਤੇ ਜਾਣ ਬਾਅਦ ਵੱਧ ਸਕਦੈ ਕਾਂਗਰਸ ਦਾ ਅੰਦਰੂਨੀ ਕਾਟੋ-ਕਲੇਸ਼

**ਚੰਡੀਗੜ੍ਹ/ਬਿਊਰੋ ਨਿਊਜ਼:** ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਅੰਮ੍ਰਿਤਸਰ ਮੇਅਰ ਦੀ ਚੋਣ ਮੌਕੇ ਨਜ਼ਰਅੰਦਾਜ਼ ਕੀਤੇ ਜਾਣ ਨੂੰ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਨਾਰਾਜ਼ ਹਨ। ਜਾਣਕਾਰੀ ਅਨੁਸਾਰ ਕੈਬਨਿਟ ਮੰਤਰੀ ਕੋਲ ਸਥਾਨਕ ਸਰਕਾਰ ਵਿਭਾਗ ਹੈ, ਜਿਸ ਅਧੀਨ ਨਗਰ ਨਿ.ਗਮ ਆਉਂਦੇ ਹਨ। ਸ੍ਰੀ ਸਿੱਧੂ ਆਪਣੇ ਹੀ ਸ਼ਹਿਰ ਦੇ ਮੇਅਰ ਦੀ ਚੋਣ ਲਈ ਹੋਈ ਮੀਟਿੰਗ ਵਿੱਚ ਕੋਈ ਸੱਦਾ ਨਾ ਮਿਲਣ ਤੋਂ ਨਾਰਾਜ਼ ਹਨ। ਸਿੱਧੂ ਨੂੰ ਗਿਲਾ ਹੈ ਕਿ ਅੰਮ੍ਰਿਤਸਰ ਦੇ ਮੇਅਰ ਦੀ ਚੋਣ ਦੇ ਮਾਮਲੇ 'ਚ ਉਨ੍ਹਾਂ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ। ਇਸੇ ਕਰਕੇ ਮੇਅਰ ਦੀ ਚੋਣ ਸਮੇਂ ਉਨ੍ਹਾਂ ਦੇ ਹਮਾਇਤੀ ਕੌਂਸਲਰ ਵੀ ਚੋਣ ਤੋਂ ਦੂਰ ਰਹੇ। ਕੌਂਸਲਰਾਂ ਨੇ ਐਲਾਨ ਕੀਤਾ ਕਿ ਜਦੋਂ ਤਕ ਕੈਬਨਿਟ ਮੰਤਰੀ ਨੂੰ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ ਜਾਂਦਾ, ਉਹ ਨਾ ਸਹੁੰ ਚੁੱਕਣਗੇ ਤੇ ਨਾ ਹੀ ਮੀਟਿੰਗਾਂ ਵਿੱਚ ਜਾਣਗੇ। ਲਿਹਾਜ਼ਾ ਨਿਗਮ ਦਾ ਕੰਮਕਾਜ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਾਂਗਰਸ ਪਾਰਟੀ ਧੜਿਆਂ ਵਿੱਚ ਵੰਡੀ ਨਜ਼ਰ ਆਈ।

ਉਧਰ ਚੋਣ ਨਿਗਰਾਨ ਤੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਮੇਅਰ ਦੀ ਚੋਣ ਤੋਂ ਪਹਿਲਾਂ ਅੱਜ ਸਵੇਰੇ ਸ੍ਰੀ ਸਿੱਧੂ ਦੇ ਘਰ ਗਏ, ਪਰ ਉਨ੍ਹਾਂ ਨੂੰ ਇਹ ਕਹਿ ਕੇ ਮੋੜ ਦਿੱਤਾ ਗਿਆ ਕਿ ਮੰਤਰੀ ਘਰ ਵਿੱਚ ਮੌਜੂਦ ਨਹੀਂ। ਸ੍ਰੀ ਬਾਜਵਾ ਨੇ ਦਾਅਵਾ ਕੀਤਾ ਕਿ ਸਿੱਧੂ ਉਸ ਵੇਲੇ ਘਰ ਵਿੱਚ ਹੀ ਸਨ। ਇਸ ਦੌਰਾਨ ਕਾਂਗਰਸ ਹਲਕਿਆਂ ਦਾ ਕਹਿਣਾ ਹੈ ਕਿ ਕੌਂਸਲਰਾਂ ਸਮੇਤ ਕੈਬਨਿਟ ਮੰਤਰੀ ਸਿੱਧੂ ਨੇ ਮੁੱਖ ਮੰਤਰੀ ਨੂੰ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਦੇ ਅਧਿਕਾਰ ਦਿੱਤੇ ਸਨ ਤੇ ਇਸ ਲਈ ਉਨ੍ਹਾਂ ਦੀ ਨਰਾਜ਼ਗੀ ਦਾ ਕੋਈ ਅਧਾਰ ਨਹੀਂ ਬਣਦਾ।

## ਜਾਖੜ ਨੇ ਰਿਪੋਰਟ ਮੰਗੀ

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਅੰਮ੍ਰਿਤਸਰ ਨਗਰ ਨਿਗਮ ਦੇ ਅਹੁਦੇਦਾਰਾਂ ਦੀ ਹੋਈ ਚੋਣ ਦੀ ਰਿਪੋਰਟ ਤਲਬ ਕਰ ਲਈ ਹੈ। ਇਕ ਸੀਨੀਅਰ ਆਗੂ ਨੇ ਕਿਹਾ ਕਿ ਮੇਅਰਾਂ ਦੀ ਚੋਣ ਦਾ ਫੈਸਲਾ ਭਾਵੇਂ ਦਿੱਲੀ ਵਿੱਚ ਕੀਤਾ ਗਿਆ ਸੀ, ਪਰ ਫਿਰ ਵੀ ਸਥਾਨਕ ਸਰਕਾਰਾਂ ਬਾਰੇ ਮੰਤਰੀ ਹੋਣ ਕਰਕੇ ਸਿੱਧੂ ਨੂੰ ਚੋਣ ਅਮਲ ਵਿੱਚ ਹਿੱਸੇਦਾਰ ਬਣਾਇਆ ਜਾਣਾ ਚਾਹੀਦਾ ਸੀ।

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
"The opinions expressed in this newspaper donot necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

# ਭਾਰਤ ਵਿਚ ਦਲਿਤਾਂ ’ਤੇ ਹਮਲਿਆਂ ਲਈ ਭਗਵੇਂਵਾਦ ਨੂੰ ਜ਼ਿੰਮੇਵਾਰ ਠਹਿਰਾਇਆ

## • ਲੰਡਨ ਦੀਆਂ ਸੜਕਾਂ ’ਤੇ ਗੂੰਜੇ ਮੋਦੀ ਵਿਰੁੱਧ ਲੱਗੇ ਨਾਅਰੇ • ਭਾਰਤੀ ਸਫਾਰਤਖਾਨੇ ਨੇ ਮੰਗ ਪੱਤਰ ਲੈਣਨੋਂ ਕੀਤੀ ਨਾਂਹ

**ਲੰਡਨ/ਬਿਊਰੋ ਨਿਊਜ਼:** ਭਾਰਤ ਵਿਚ ਦਲਿਤਾਂ ’ਤੇ ਹੋ ਰਹੇ ਕਥਿਤ ਅੱਤਿਆਚਾਰਾਂ ਦੇ ਖ਼ਿਲਾਫ਼ ਅਵਾਜ਼ ਉਠਾਇਉਣ ਲਈ ਲੰਡਨ ਵਿੱਚ ਰਹਿੰਦੇ ਦੱਖਣ ਏਸ਼ਿਆਈ ਭਾਈਚਾਰੇ ਦੇ ਲੋਕਾਂ ਨੇ ਇੱਥੋਂ ਦੀਆਂ ਸੜਕਾਂ ’ਤੇ ਸ਼ਨੀਵਾਰ ਨੂੰ ਇੱਕ ਰੈਲੀ ਕੱਢੀ ਗਈ। ਇਸ ਵਿਰੋਧ ਪ੍ਰਦਰਸ਼ਨ ਵਿਚ ਲੰਡਨ ਤੋਂ ਇਲਾਵਾ ਬਰਮਿੰਘਮ ਅਤੇ ਵੁਲਵਰਹੈਂਪਟਨ ਤੋਂ ਵੀ ਲੋਕ ਹਿੱਸਾ ਲੈਣ ਆਏ ਸਨ। ਸਾਰੇ ਪ੍ਰਦਰਸ਼ਨਕਾਰੀ ਪਹਿਲਾਂ ਪਾਰਲੀਮੈਂਟ ਸਕਵਾਇਰ ’ਤੇ ਇਕੱਠੇ ਹੋਏ ਅਤੇ ਫਿਰ ਉੱਥੋਂ ਉਨ੍ਹਾਂ ਨੇ ਭਾਰਤੀ ਸਫਾਰਤਖਾਨੇ ਤੱਕ ਰੈਲੀ ਕੱਢੀ। ਮੂਲ ਨਿਵਾਸੀ ਭਾਈਚਾਰੇ ਦੇ ਲੋਕ ਇਸ ਰੋਸ ਮਾਰਚ ਵਿਚ ਹਿੱਸਾ ਲੈ ਰਹੇ ਸਨ। ਇਸ ਤੋਂ ਇਲਾਵਾ ਦੱਖਣ ਏਸ਼ਿਆਈ ਭਾਈਚਾਰੇ ਦੇ ਹੋਰ ਲੋਕਾਂ ਨੇ ਵੀ ਰੈਲੀ ਵਿਚ ਹਿੱਸਾ ਲਿਆ। ਪ੍ਰਦਰਸ਼ਨਕਾਰੀ ਸੜਕਾਂ ’ਤੇ ਮੋਦੀ ਵਿਰੋਧੀ ਨਾਅਰੇ ਲਗਾ ਰਹੇ ਸਨ। ਪ੍ਰਦਰਸ਼ਨ ਦੇ ਦੌਰਾਨ ਮੋਦੀ ਸਰਕਾਰ ‘ਹਾਏ ਹਾਏ’ ਅਤੇ ਆਰ. ਐੱਸ. ਐੱਸ. ਡਾਊਨ ਡਾਊਨ ਜਿਵੇਂ ਨਾਅਰੇ ਗੂੰਜ ਰਹੇ ਸਨ।

ਦੱਖਣੀ ਏਸ਼ੀਆਈ ਏਕਤਾ ਭਾਈਚਾਰੇ ਦੀ ਇੱਕ ਮੈਂਬਰ ਕਲਪਨਾ ਵਿਲਸਨ ਨੇ ਕਿਹਾ, “ਮੇਰੇ ਖ਼ਿਆਲ ਨਾਲ ਮੋਦੀ ਸਰਕਾਰ ਨੂੰ ਇਹ ਸੁਨੇਹਾ ਦੇਣਾ ਬਹੁਤ ਜ਼ਰੂਰੀ ਹੈ ਕਿ ਦੁਨੀਆਂ ਭਰ ਦੇ ਲੋਕ ਦੇਖ ਰਹੇ ਹਨ ਕਿ ਭਾਰਤ ਵਿੱਚ ਕੀ ਹੋ ਰਿਹਾ ਹੈ, ਦਲਿਤਾਂ ’ਤੇ ਹਮਲੇ ਹੋ ਰਹੇ ਹਨ, ਮੁਸਲਮਾਨਾਂ ਅਤੇ ਘੱਟ ਗਿਣਤੀਆਂ ਨੂੰ ਭਗਵੀਆਂ ਭੀੜਾਂ ਦੁਆਰਾ ਮਾਰਿਆ ਜਾ ਰਿਹਾ ਹੈ। ਅਸੀਂ ਲੋਕਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਭਾਰਤ ਵਿਚ ਲੋਕਤੰਤਰ ਖ਼ਤਰੇ ਵਿਚ ਹੈ।

ਲੰਡਨ ਵਿਚ ਰਹਿਣ ਵਾਲੀ ਵੰਦਨਾ ਸੰਜਯ ਡੋਮੈਸਟਿਕ ਵਾਇਲੈਂਸ ਅਫਸਰ ਹੈ, ਉਨ੍ਹਾਂ ਨੇ ਕਿਹਾ, “ਅਸੀਂ ਇੱਥੇ ਭਾਰਤੀ ਸਫਾਰਤਖਾਨੇ ਵਿਚ ਆਪਣੀ ਅਰਜ਼ੀ ਦਾਇਰ ਕਰਨ ਆਏ ਹਾਂ। ਸਾਨੂੰ ਆਸ ਹੈ ਕਿ ਇਸ ਨਾਲ ਭਾਰਤ ਸਰਕਾਰ ’ਤੇ ਕੁਝ ਅਸਰ ਪਵੇਗਾ।”




ਲੰਡਨ ਦੇ ਨਜ਼ਦੀਕ ਚੇਲਮਸਫੋਰਡ ਇਲਾਕੇ ਤੋਂ ਆਏ ਸੰਦੀਪ ਲੇਟਮੋਰ ਨੇ ਦੱਸਿਆ, “ਭੀਮਾ ਕੋਰੇਗਾਓਂ ਵਿਚ ਹੋਈ ਹਿੰਸਾ ਨੇ ਸਾਨੂੰ ਇੱਥੇ ਇਕਮੁੱਠ ਹੋਣ ’ਤੇ ਮਜਬੂਰ ਕੀਤਾ ਹੈ। ਜੇਕਰ ਭਾਰਤ ਵਿਚ ਦਲਿਤਾਂ ’ਤੇ ਜ਼ੁਲਮ ਹੋ ਰਹੇ ਹਨ ਤਾਂ ਸਾਨੂੰ ਉਸ ਖ਼ਿਲਾਫ਼ ਅਵਾਜ਼ ਉਠਾਉਣੀ ਚਾਹੀਦੀ ਹੈ। ਪਿਛਲੇ ਸਮੇਂ ਤੋਂ ਆਰ. ਐੱਸ. ਐੱਸ. ਸੰਚਾਲਕ ਮੋਦੀ ਸਰਕਾਰ ਆਪਣਾ ਹਿੰਦੂਤਵੀ ਏਜੰਡਾ ਲਾਗੂ ਕਰਨ ਲਈ ਘੱਟ ਗਿਣਤੀ, ਖਾਸਕਰ ਮੁਸਲਮਾਨਾਂ, ਦਲਿਤਾਂ ਤੇ ਯੋਜਨਾਬੱਧ ਹਮਲੇ ਕਰ ਰਹੀ ਹੈ। ਗਊ ਹੱਤਿਆ ਦਾ ਰੌਲਾ ਪਾ ਕੇ ਚਮੜੇ ਦਾ ਕਾਰੋਬਾਰ ਕਰਨ ਵਾਲੇ ਦਲਿਤਾਂ ਤੇ ਜ਼ੁਲਮ ਕਰਕੇ ਉਨ੍ਹਾਂ ਦੇ ਕਾਰੋਬਾਰ ਬੰਦ ਕਰਵਾ ਦਿੱਤਾ। ਮੋਦੀ ਸਰਕਾਰ ਦੇ ਦਲਿਤ ਵਿਰੋਧੀ ਰਵੱਈਏ ਕਾਰਨ ਦਲਿਤ ਪੂਰੇ ਦੇਸ਼ ਅੰਦਰ ਬਰਾਬਰੀ ਦਾ ਹੱਕ ਲੈਣ ਲਈ ਜ਼ਮੀਨ ਦੀ ਲੜਾਈ ਲੜ ਰਹੇ ਹਨ, ਜਿਸ ਨੂੰ ਮੋਦੀ ਸਰਕਾਰ, ਪੁਲਸ ਅਤੇ ਅਖੌਤੀ ਗਊ ਰੱਖਿਅਕਾਂ ਰਾਹੀਂ ਕੁਚਲਣ ਦੇ ਰਾਹ ਪਈ ਹੈ ਪਰ ਦਲਿਤ ਹੁਣ ਜਾਗਰੂਕ ਹੋ ਚੁੱਕੇ ਹਨ ਤੇ ਬਰਾਬਰੀ ਲਈ ਹੱਕ ਦੀ ਲੜਾਈ ਜਾਰੀ ਰੱਖੀ ਜਾਵੇਗੀ।

ਸੰਦੀਪ ਟੇਲਮੋਰ ਨੇ ਕਿਹਾ ਕਿ ਪਿਛਲੇ 200 ਸਾਲਾਂ ਤੋਂ ਭਾਰਤ ਵਿਚ ਜਾਤੀ ਦੇ ਆਧਾਰ ’ਤੇ ਭੇਦਭਾਵ ਚੱਲ ਰਿਹਾ ਹੈ। ਜਦੋਂ ਤੋਂ ਕੇਂਦਰੇ ਵਿਚ ਮੋਦੀ ਦੀ ਅਗਵਾਈ ਹੇਠ ਭਾਜਪਾ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਹੀ ਆਰ.ਐਸ.ਐਸ. ਦੀ ਅਗਵਾਈ ਹੇਠ ਸੰਘ ਪਰਿਵਾਰ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨ ਲਈ ਕਾਹਲਾ ਪਿਆ ਹੋਇਆ ਹੈ। ਮੁਲਕ ਦੇ ਸਭਨਾਂ ਅਹਿਮ ਅਦਾਰਿਆਂ ਤੇ ਸੰਸਥਾਵਾਂ ‘ਚ ਹਿੰਦੂ ਮੂਲਵਾਦੀ ਤੇ ਸੰਘ ਪਰਿਵਾਰ ਦੇ ਵਫਾਦਾਰਾਂ ਨੂੰ ਭਰਤੀ ਕਰਨ ਦੀ ਜੋਰਦਾਰ ਮੁਹਿੰਮ ਚਲਾਈ ਹੋਈ ਹੈ। ਇਹਨਾਂ ਅਦਾਰਿਆਂ /ਸੰਸਥਾਵਾਂ ਦਾ ਭਗਵਾਂਕਰਨ ਕਰਨ ਲਈ ਤੇਜ-ਰਫਤਾਰ ਕਦਮ ਚੁੱਕੇ ਜਾ ਰਹੇ ਹਨ। ਹਕੂਮਤੀ ਸਤਾ ਦੀ ਦੁਰਵਰਤੋਂ ਕਰਕੇ ਸੰਘ ਪਰਿਵਾਰ ਨਾਲ ਜੁੜੀਆਂ ਇਸ ਦੀਆਂ ਹੱਥ-ਠੋਕਾ ਜਥੇਬੰਦੀਆਂ ਦੀ ਹਰ ਖੇਤਰ ‘ਚ ਘੁਸਪੈਂਠ ਨੂੰ ਹੱਲਾਸ਼ੇਰੀ ਤੇ ਹਮਾਇਤ ਦਿੱਤੀ ਜਾ ਰਹੀ ਹੈ । ਹਕੂਮਤੀ ਤਾਕਤ ਦੀ ਦੁਰਵਰਤੋਂ ਅਤੇ ਆਪਣੀਆਂ ਫਿਰਕੂ-ਫਾਸ਼ੀ ਜਥੇਬੰਦੀਆਂ ਤੇ ਸੈਨਾਵਾਂ ਦੀ ਲੱਠਮਾਰ ਤੇ ਧੌਂਸਬਾਜ ਤਾਕਤ ਦੇ ਜੋਰ ਭਾਰਤ ਦੀ ਗੈਰ-ਹਿੰਦੂ ਵਸੋਂ ਉੱਪਰ ਹਿੰਦੂ ਧਾਰਮਕ ਘੱਟ-ਗਿਣਤੀਆਂ, ਖਾਸ ਕਰਕੇ ਮੁਸਲਮ ਤੇ ਇਸਾਈ ਭਾਈਚਾਰੇ ਦੇ ਲੋਕਾਂ ਅਤੇ ਦਲਿਤਾਂ ਤੇ ਆਦਿਵਾਸੀਆਂ ਜਿਹੇ ਗਰੀਬ ਵਰਗਾਂ ਦੇ ਲੋਕਾਂ ਨੂੰ ਦਹਿਸ਼ਤਜਦਾ ਕੀਤਾ ਤੇ ਧੌਂਸ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਯੂਨੀਵਰਸਿਟੀਆਂ ਤੇ ਵਿਦਿਅਕ ਸੰਸਥਾਵਾਂ ਦੇ ਭਗਵੇਂਕਰਨ ਦੀ ਮੁਹਿੰਮ ਦੌਰਾਨ ਸੰਘ ਪਰਿਵਾਰ ਨਾਲ ਜੁੜੇ ਕੇਂਦਰੀ ਮੰਤਰੀਆਂ ਅਤੇ ਏ.ਬੀ.ਵੀ.ਪੀ. ਦੇ ਕਾਰਕੁੰਨਾਂ ਨੇ ਕੇਂਦਰੀ ਯੂਨੀਵਰਸਿਟੀ ਹੈਦਰਾਬਾਦ ਦੇ ਇੱਕ ਹੋਣਹਾਰ ਤੇ ਸੂਖਮ-ਚਿੱਤ ਦਲਿਤ ਸਕਾਲਰ ਰੋਹਿਤ ਵੇਮੁੱਲਾ ਨੂੰ ਜ਼ਲੀਲ ਤੇ ਪ੍ਰੇਸ਼ਾਨ ਕਰਕੇ ਖੁਦਕੁਸ਼ੀ ਲਈ ਮਜ਼ਬੂਰ ਕਰ ਦਿੱਤਾ ਸੀ। ਇਸ ਦਰਦਨਾਕ ਘਟਨਾ ਨੇ ਭਾਜਪਾ ਤੇ ਸੰਘ ਪਰਿਵਾਰ ਦਾ ਦਲਿਤ-ਵਿਰੋਧੀ ਤੇ ਧੌਂਸਬਾਜ ਕਿਰਦਾਰ ਤੇ ਵਿਹਾਰ ਸ਼ਰੇਆਮ ਬੇਪੜਦ ਕਰ ਦਿੱਤਾ ਸੀ । ਪਰ ਇਸ ਘਟਨਾ ਤੋਂ ਸਬਕ ਸਿੱਖ ਕੇ ਰਾਹ-ਰਸਤੇ ਤੇ ਆਉਣ ਦੀ ਥਾਂ ਸੰਘ ਪਰਿਵਾਰ ਆਪਣੇ ਮਕਸਦਾਂ ਦੀ ਪੂਰਤੀ ਲਈ ਹੋਰ ਭੇੜੂ, ਹਮਲਾਵਰ ਤੇ ਹਿੰਸਕ ਹੋ ਗਿਆ। ਸੰਘ ਪਰਿਵਾਰ ਦੀਆਂ ਅਨੇਕ ਧੱਕੜ ਤੇ ਫਿਰਕੂ ਜਾਂ ਜਨੂੰਨੀ ਕਾਰਵਾਈਆਂ ਤੇ ਗਊ-ਰੱਖਿਆ ਦੇ ਨਾਂ ਹੇਠ ਬੁਰਛਾਗਰਦੀ ਇਸ ਗੱਲ ਦੀ ਹੀ ਸ਼ਾਹਦੀ ਭਰਦੀਆਂ ਹਨ ਕਿ ਵਿਆਪਕ ਨਿਖੇਧੀ ਤੋਂ ਬੇਪ੍ਰਵਾਹ ਸੰਘ ਪਰਿਵਾਰ ਮੁਲਕ ਦਾ ਭਗਵਾਂਕਰਨ ਕਰਨ ਦੇ ਆਪਣੇ ਰਾਹ ਅੱਗੇ ਵਧਣ ਉੱਪਰ ਉਤਾਰੂ ਹੈ। ਇਸ ਦੇ ਖ਼ਿਲਾਫ਼ ਸਾਨੂੰ ਅਵਾਜ਼ ਬੁਲੰਦ ਕਰਨੀ ਹੋਵੇਗੀ।

### ਭਾਰਤੀ ਸਫਾਰਤਖਾਨੇ ਨੇ ਮੰਗ ਪੱਤਰ ਲੈਣ ਤੋਂ ਕੀਤੀ ਨਾਂਹ

ਪਾਰਲੀਮੈਂਟ ਸਕਵਾਇਰ ਤੋਂ ਸ਼ੁਰੂ ਹੋਇਆ ਵਿਰੋਧ ਪ੍ਰਦਰਸ਼ਨ ਲੰਡਨ ਸਥਿਤ ਭਾਰਤੀ ਸਫਾਰਤਖਾਨੇ ਤੱਕ ਚਲਿਆ। ਪ੍ਰਦਰਸ਼ਨਕਾਰੀਆਂ ਨੇ ਭਾਰਤੀ ਸਫਾਰਤਖਾਨੇ ਤੋਂ ਬਾਹਰ ਆ ਕੇ ਅਫਸਰਾਂ ਨੂੰ ਗੱਲ ਕਰਨ ਦੀ ਮੰਗ ਕੀਤੀ। ਇੱਕ ਹੋਰ ਪ੍ਰਦਰਸ਼ਨਕਾਰੀ ਅੰਮ੍ਰਿਤ ਵਿਲਸਨ ਨੇ ਕਿਹਾ ਕਿ ਅਸੀਂ ਭਾਰਤੀ ਸਫਾਰਤਖਾਨੇ ਨੂੰ ਮੰਗ ਪੱਤਰ ਸੌਂਪਣਾ ਚਾਹੁੰਦੇ ਸਾਂ ਪਰ ਉਨ੍ਹਾਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਤੋਂ ਇਸ ਤਰ੍ਹਾਂ ਦਾ ਮੰਗ ਪੱਤਰ ਸਵੀਕਾਰ ਨਾ ਕਰਨ ਦੇ ਹੁਕਮ ਮਿਲੇ ਹਨ। ਭਾਰਤੀ ਸਫਾਰਤਖਾਨੇ ਨਾਲ ਇਸ ਸੰਬੰਧ ਵਿਚ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਕੋਈ ਜੁਆਬ ਨਹੀਂ ਮਿਲਿਆ।

ਦੱਖਣ ਏਸ਼ਿਆਈ ਏਕਤਾ ਭਾਈਚਾਰੇ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਜਰਾਤ ਵਿਚ ਹੁਣੇ ਜਿਹੇ ਚੁਣੇ ਗਏ ਐੱਮਐੱਲਏ ਜਿਗਨੇਸ਼ ਮੇਵਾਣੀ ਵੱਲੋਂ ਵੀ ਸੰਦੇਸ਼ ਮਿਲਿਆ ਹੈ, ਜਿਸ ਵਿਚ ਉਨ੍ਹਾਂ ਨੇ ਇਸ ਪ੍ਰਦਰਸ਼ਨ ਦਾ ਸਮਰਥਨ ਕੀਤਾ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਜੱਜ ਲੋਆ ਦੇ ਮਿੱਤਰ ਐਡਵੋਕੇਟ ਉਦੈ ਗਵਾਰੇ ਨੇ ਸੈਮੀਨਾਰ ਦੌਰਾਨ ਉਠਾਏ ਸਨਸਨੀਖੇਜ ਸਵਾਲ

## *'ਅਮਿਤ ਸ਼ਾਹ ਨੂੰ ਬਰੀ ਕਰਨ ਵਾਲੇ ਜੱਜ ਨੇ ਦਸ ਹਜ਼ਾਰ ਪੰਨਿਆਂ ਦੀ ਰਿਪੋਰਟ ਨੂੰ 15 ਦਿਨਾਂ ਵਿਚ ਕਿਵੇਂ ਪੜ੍ਹ ਲਿਆ'*

**ਨਵੀਂ ਦਿੱਲ/ਬਿਊਰੋ ਨਿਊਜ਼:**
ਸੀਬੀਆਈ ਦੇ ਵਿਸ਼ੇਸ਼ ਜੱਜ ਬੀ ਐਚ ਲੋਯਾ ਦੀ ਸ਼ੱਕੀ ਮੌਤ 'ਤੇ ਚਰਚਾ ਸਬੰਧੀ ਬੀਤੇ ਦਿਨੀਂ ਇੱਥੇ ਗਏ ਇੱਕ ਸਮਾਗਮ ਜੱਜ ਲੋਆ ਦੇ ਮਿੱਤਰ ਐਡਵੋਕੇਟ ਉਦੈ ਗਵਾਰੇ ਨੇ ਸਨਸਨੀਖੇਜ ਸਵਾਲ ਉਠਾਏ। ਇਸ ਸਮਾਗਮ ਵਿਚ ਪੱਤਰਕਾਰ ਨਿਰੰਜਨ ਟਾਕਲੇ, ਕਾਰਵਾ ਦੇ ਰਾਜਨੀਤਕ ਸੰਪਾਦਕ ਹਰਤੋਸ਼ ਸਿੰਘ ਬੱਲ, ਐਡਵੋਕੇਟ ਉਦੈ ਗਵਾਰੇ ਤੇ ਸੁਪਰੀਮ ਕੋਰਟ ਦੀ ਮਸ਼ਹੂਰ ਵਕੀਲ ਇੰਦਰਾ ਜੈ ਸਿੰਘ ਸ਼ਾਮਲ ਹੋਈ। ਇਸ ਸਮਾਗਮ ਵਿਚ ਵਕੀਲਾਂ ਤੇ ਪੱਤਰਕਾਰਾਂ ਨੇ ਸੰਬੋਧਨ ਦੌਰਾਨ ਕਈ ਸੁਆਲ ਉਠਾਏ ਜੋ ਸੋਚਣ 'ਤੇ ਮਜ਼ਬੂਰ ਕਰ ਦਿੰਦੇ ਹਨ। ਜੱਜ ਲੋਆ ਦੇ ਮਿੱਤਰ, ਲਾਨੂਰ ਬਾਰ ਐਸੋਸੀਏਸ਼ਨ ਦੇ ਐਡਵੋਕੇਟ ਉਦੈ ਗਵਾਰੇ ਨੇ ਕਿਹਾ ਕਿ ਲੋਆ ਦੀ ਮੌਤ ਦੇ ਬਾਅਦ ਉਨ੍ਹਾਂ ਦੇ ਅੰਤਮ ਸਸਕਾਰ ਵਿਚ ਸ਼ਾਮਲ ਹੋਣ ਲਈ ਜਿਹੜੇ ਜੱਜ ਆਏ ਸਨ, ਉਹ ਸਭ ਕਹਿ ਰਹੇ ਸਨ ਕਿ ਤੁਹਾਡੇ ਦੋਸਤ ਦੇ ਨਾਲ ਧੋਖਾ ਹੋ ਗਿਆ ਹੈ। ਇਸ ਦੇਸ਼ ਵਿਚ ਜੇਕਰ ਅੱਜ ਵੀ ਇਸ ਗੱਲ 'ਤੇ ਚਰਚਾ ਹੋ ਸਕਦੀ ਹੈ ਕਿ ਮਹਾਤਮਾ ਗਾਂਧੀ ਚਾਰ ਗੋਲੀਆਂ ਨਾਲ ਮਰੇ ਜਾਂ ਤਿੰਨ ਗੋਲੀਆਂ ਨਾਲ ਤਾਂ ਤਿੰਨ ਸਾਲ ਪਹਿਲਾਂ ਜੱਜ ਲੋਆ ਦੀ ਸ਼ੱਕੀ ਮੌਤ 'ਤੇ ਚਰਚਾ ਕਿਉਂ ਨਹੀਂ ਹੋਣੀ ਚਾਹੀਦੀ? ਉਦੈ ਨੇ ਅੱਗੇ ਕਿਹਾ ਕਿ ਇਕ ਦਸੰਬਰ ਨੂੰ ਜਸਟਿਸ ਲੋਆ ਦੀ ਮੌਤ ਹੋ ਜਾਂਦੀ ਹੈ। 15 ਦਸੰਬਰ ਨੂੰ ਨਵੇਂ ਜੱਜ ਐਮਬੀ ਗੋਸਾਈ ਇਸ ਮਾਮਲੇ ਬਾਰੇ ਫੈਸਲੇ ਦੇ ਲਈ ਆ ਜਾਂਦੇ ਹਨ। ਦਸ ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਗੋਸਾਈ ਕਿਵੇਂ ਪੜ੍ਹ ਲੈਂਦੇ ਹਨ? ਪਤਾ ਨਹੀਂ?




2005 ਤੋਂ ਚਲ ਰਿਹਾ ਕੇਸ 9 ਸਾਲ ਤੱਕ ਚੱਲਦਾ ਹੈ। ਸੀਬੀਆਈ ਦਸ ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦਾਖਲ ਕਰਦੀ ਹੈ ਤੇ ਗੋਸਾਈ ਸਿਰਫ 15 ਦਿਨਾਂ ਵਿਚ ਪੂਰੇ ਕੇਸ ਨੂੰ ਸਮਝ ਲੈਂਦੇ ਹਨ ਤੇ 2014 ਨੂੰ ਅਮਿਤ ਸ਼ਾਹ ਨੂੰ ਇਹ ਕਹਿੰਦੇ ਹੋਏ ਬਰੀ ਕਰ ਦਿੰਦੇ ਹਨ ਕਿ ਅਮਿਤ ਸ਼ਾਹ ਨੂੰ ਰਾਜਨੀਤਕ ਕਾਰਨਾਂ ਕਾਰਨ ਫਸਾਇਆ ਗਿਆ ਹੈ। ਇਸ ਨਿਆਂਪਾਲਿਕਾ ਵਿਚ ਇਕ ਪਾਸੇ ਜਸਟਿਸ ਲੋਆ ਹੈ, ਦੂਸਰੇ ਪਾਸੇ ਜਸਟਿਸ ਗੋਸਾਈ ਹੈ। ਸਾਨੂੰ ਤੈਅ ਕਰਨਾ ਪਵੇਗਾ ਕਿ ਇਨ੍ਹਾਂ ਵਿਚੋਂ ਸਾਨੂੰ ਕਿਹੜਾ ਜੱਜ ਚਾਹੀਦਾ ਹੈ? ਉਦੈ ਦੀਆਂ ਗੱਲਾਂ ਕਿਸੇ ਨੂੰ ਵੀ ਸੋਚਣ ਦੇ ਲਈ ਮਜ਼ਬੂਰ ਕਰ ਦਿੰਦੀਆਂ ਹਨ ਕਿ ਆਖਿਰ ਜਸਟਿਸ ਗੋਸਾਈ ਨੇ 9 ਸਾਲ ਤੋਂ ਚਲ ਰਹੇ ਕੇਸ ਨੂੰ ਸਿਰਫ਼ 15 ਦਿਨ ਵਿਚ ਸਮਝ ਲਿਆ ਤੇ ਫੈਸਲਾ ਸੁਣਾ ਦਿੱਤਾ। ਕੀ 15 ਦਿਨਾਂ ਵਿਚ 10 ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਪੜ੍ਹ ਕੇ ਪੂਰਾ ਮਾਮਲਾ ਸਮਝ ਜਾਣਾ ਅਜੀਬ ਗੱਲ ਨਹੀਂ?

ਜੱਜ ਲੋਆ ਜਿਸ ਸਹੁਰਾਬੋਦੀਨ ਐਨਕਾਊਟਰ ਮਾਮਲੇ ਦੀ ਸੁਣਵਾਈ ਕਰ ਰਹੇ ਸਨ, ਉਸ ਨੂੰ ਵੀ ਸਮਝਣਾ ਜ਼ਰੂਰੀ ਹੈ। ਹੁਣੇ ਜਿਹੇ ਬੀਬੀਸੀ ਵਿਚ ਇਕ ਪ੍ਰਕਾਸ਼ਿਤ ਰਿਪੋਰਟ ਦੇ ਮੁਤਾਬਕ ਸਾਲ 2005 ਵਿਚ ਗੁਜਰਾਤ ਪੁਲੀਸ ਨੇ ਕਥਿਤ ਤੌਰ 'ਤੇ ਸਹੁਰਾਬੋਦੀਨ ਦਾ ਅਹਿਮਦਾਬਾਦ ਏਅਰ ਪੋਰਟ ਦੇ ਪਿੱਛੇ ਇਕ ਸਥਾਨ 'ਤੇ ਕਥਿਤ ਐਨਕਾਊਟਰ ਕੀਤਾ ਸੀ। ਸਹੁਰਾਬੋਦੀਨ 'ਤੇ ਲਸ਼ਕਰੇ ਤੋਅਬਾ ਦੇ ਨਾਲ ਜੁੜੇ ਹੋਣ ਤੇ ਗੁਜਰਾਤ ਮੱਧ ਪ੍ਰਦੇਸ਼ ਰਾਜਸਥਾਨ ਤੇ ਆਂਧਰਾ ਪ੍ਰਦੇਸ਼ ਵਿਚ ਹਥਿਆਰ ਸਪਲਾਈ ਕਰਨ ਦੇ ਦੋਸ਼ ਸਨ। ਇਹ ਕਥਿਤ ਐਨਕਾਊਟਰ 2005 ਵਿਚ ਉਸ ਵਕਤ ਹੋਇਆ, ਜਦ ਸਹੁਰਾਬੋਦੀਨ ਆਪਣੀ ਪਤਨੀ ਕੌਸਰ ਬੀ ਤੇ ਸਾਥੀ ਤੁਲਸੀ ਰਾਮ ਪ੍ਰਜਾਪਤੀ ਹੈਦਰਾਬਾਦ ਨਾਲ ਇਕ ਬੱਸ ਵਿਚ ਸਾਂਗਲੀ ਜਾ ਰਹੇ ਸਨ। ਇਸ ਦੌਰਾਨ ਪੁਲੀਸ ਨੇ ਬੱਸ ਦਾ ਪਿਛਾ ਕੀਤਾ ਤੇ ਅਹਿਮਦਾਬਾਦ ਲਿਆਉਣ ਦੇ ਦੌਰਾਨ ਐਨਕਾਊਟਰ ਕਰ ਦਿੱਤਾ।

ਸੁਪਰੀਮ ਕੋਰਟ ਦੇ ਹੁਕਮ 'ਤੇ ਗੁਜਰਾਤ ਪੁਲੀਸ ਨੇ ਇਸ ਕਥਿਤ ਐਨਕਾਊਟਰ ਦੀ ਜਾਂਚ ਕੀਤੀ। ਗੁਜਰਾਤ ਪੁਲੀਸ ਨੇ ਸੁਪਰੀਮ ਕੋਰਟ ਵਿਚ ਇਸ ਐਨਕਾਊਟਰ ਨੂੰ ਫਰਜ਼ੀ ਦੱਸਿਆ ਸੀ। ਮੀਡੀਆ ਰਿਪੋਰਟ ਦੀ ਮੰਨੀਏ ਤਾਂ ਸੇਖ ਦੇ ਸਾਥੀ ਪ੍ਰਜਾਪਤੀ ਨੂੰ 2006 ਵਿਚ ਗੁਜਰਾਤ ਪੁਲੀਸ ਦੁਆਰਾ ਮਾਰ ਦਿੱਤਾ ਗਿਆ ਸੀ। ਇਸ ਨੂੰ ਸਹੁਰਾਬੋਦੀਨ ਐਨਕਾਊਟਰ ਦਾ ਗਵਾਹ ਮੰਨਿਆ ਜਾ ਰਿਹਾ ਸੀ। ਇਸ ਮਾਮਲੇ ਵਿਚ ਭਾਜਪਾ ਮੁਖੀ ਅਮਿਤ ਸ਼ਾਹ ਤੇ ਡੀਜੀ ਵਣਜਾਰਾ ਸਮੇਤ ਕੁਲ 38 ਲੋਕ ਦੋਸ਼ੀ ਬਣਾਏ ਗਏ ਸਨ।

## ਸੀਬੀਆਈ ਦੇ ਵਿਸ਼ੇਸ਼ ਜੱਜ ਬੀ ਐਚ ਲੋਯਾ ਦੀ ਸ਼ੱਕੀ ਮੌਤ ਸਬੰਧੀ ਸਵਾਲਾਂ ਦੀਆਂ ਗੁੰਝਲਾਂ ਸੁਲਝਾਏਗਾ ਸੁਪਰੀਮ ਕੋਰਟ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸੀਬੀਆਈ ਦੇ ਵਿਸ਼ੇਸ਼ ਜੱਜ ਬੀ ਐਚ ਲੋਯਾ ਦੀ ਮੌਤ ਨਾਲ ਸਬੰਧਤ ਪਟੀਸ਼ਨਾਂ 'ਚ ਉਠਾਏ ਗਏ ਤੌਖ਼ਲਿਆਂ ਨੂੰ ਸੁਪਰੀਮ ਕੋਰਟ ਨੇ ਗੰਭੀਰ ਕਰਾਰ ਦਿੱਤਾ ਹੈ ਪਰ ਸੀਨੀਅਰ ਵਕੀਲ ਵੱਲੋਂ ਭਾਜਪਾ ਪ੍ਰਧਾਨ ਅਮਿਤ ਸ਼ਾਹ ਦਾ ਨਾਮ ਕੇਸ 'ਚ ਘੜੀਸੇ ਜਾਣ 'ਤੇ ਉਸ ਨੂੰ ਤਾੜਨਾ ਕੀਤੀ। ਸੁਪਰੀਮ ਕੋਰਟ, ਜਿਸ ਨੇ ਸ੍ਰੀ ਲੋਯਾ ਦੀ ਮੌਤ ਨਾਲ ਸਬੰਧਤ ਸਾਰੇ ਦਸਤਾਵੇਜ਼ਾਂ ਨੂੰ ਗੰਭੀਰਤਾ ਨਾਲ ਘੋਖਣ ਦਾ ਫ਼ੈਸਲਾ ਲਿਆ ਹੈ, ਨੇ ਸੀਨੀਅਰ ਵਕੀਲ ਇੰਦਰਾ ਜੈਸਿੰਘ 'ਤੇ ਨਾਰਾਜ਼ਗੀ ਵੀ ਦਿਖਾਈ ਜਿਨ੍ਹਾਂ ਸੁਣਵਾਈ ਦੌਰਾਨ ਦਲੀਲ ਦਿੱਤੀ ਕਿ ਭਵਿੱਖ 'ਚ ਸਿਖਰਲੀ ਅਦਾਲਤ ਵੱਲੋਂ ਕੇਸ ਦੇ ਸਬੰਧ 'ਚ ਮੀਡੀਆ ਦੀ ਸੰਘੀ ਘੁੱਟੀ ਜਾ ਸਕਦੀ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ, ਜੋ ਲੋਯਾ ਦੀ 2014 'ਚ ਹੋਈ ਮੌਤ ਦੇ ਮਾਮਲੇ 'ਚ ਦੋ ਜਨਹਿੱਤ ਪਟੀਸ਼ਨਾਂ ਦੀ ਸੁਣਵਾਈ ਕਰ ਰਿਹਾ ਹੈ, ਨੇ ਬੰਬੇ ਹਾਈ ਕੋਰਟ ਦੀਆਂ ਨਾਗਪੁਰ ਅਤੇ ਮੁੰਬਈ ਬੈਂਚਾਂ 'ਚ ਬਕਾਇਆ ਪਈਆਂ ਦੋ ਹੋਰ ਪਟੀਸ਼ਨਾਂ ਵੀ ਆਪਣੇ ਕੋਲ ਤਬਦੀਲ ਕਰ ਲਈਆਂ ਹਨ। ਬੈਂਚ ਨੇ ਮੁਲਕ ਦੀਆਂ ਸਾਰੀਆਂ ਹਾਈ ਕੋਰਟਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਲੋਯਾ ਦੀ ਮੌਤ ਦੇ ਮਾਮਲੇ ਨਾਲ ਸਬੰਧਤ ਪਟੀਸ਼ਨਾਂ ਸਵੀਕਾਰ ਨਾ ਕਰਨ। ਸ੍ਰੀ ਲੋਯਾ, ਜੋ ਸੋਹਰਾਬੂਦੀਨ ਸ਼ੇਖ਼ ਫਰਜ਼ੀ ਮੁਕਾਬਲਾ ਕੇਸ ਦੀ ਸੁਣਵਾਈ ਕਰ ਰਹੇ ਸਨ, ਦੀ ਨਾਗਪੁਰ 'ਚ ਪਹਿਲੀ ਦਸੰਬਰ 2014 ਨੂੰ ਭੇਤ ਭਰੀ ਹਾਲਤ 'ਚ ਮੌਤ ਹੋ ਗਈ ਸੀ। ਉਂਜ ਉਨ੍ਹਾਂ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਪੈਣਾ ਦੱਸਿਆ ਗਿਆ ਸੀ। ਉਸ ਸਮੇਂ ਉਹ ਆਪਣੇ ਸਾਥੀ ਦੀ ਧੀ ਦੇ ਵਿਆਹ ਸਮਾਗਮ 'ਚ ਹਿੱਸਾ ਲੈਣ ਲਈ ਗਏ ਹੋਏ ਸਨ। ਬੈਂਚ ਨੇ ਸਾਰੀਆਂ ਧਿਰਾਂ ਨੂੰ ਲੋਯਾ ਦੀ ਮੌਤ ਨਾਲ ਸਬੰਧਤ ਉਨ੍ਹਾਂ ਦਸਤਾਵੇਜ਼ਾਂ ਨੂੰ ਸੂਚੀਬੱਧ ਕਰਕੇ 2 ਫਰਵਰੀ ਨੂੰ ਕੇਸ ਦੀ ਅਗਲੀ ਸੁਣਵਾਈ ਦੌਰਾਨ ਜਮਾਂ ਕਰਾਉਣ ਲਈ ਕਿਹਾ ਹੈ, ਜਿਹੜੇ ਅਜੇ ਤਕ ਦਾਖ਼ਲ ਨਹੀਂ ਕੀਤੇ ਗਏ ਹਨ।

ਉਨ੍ਹਾਂ ਕਿਹਾ, "ਸਾਨੂੰ ਪੂਰੀ ਗੰਭੀਰਤਾ ਨਾਲ ਸਾਰੇ ਦਸਤਾਵੇਜ਼ ਘੋਖਣ ਦੀ ਲੋੜ ਹੈ।" ਬੈਂਚ ਉਸ ਸਮੇਂ ਤੈਸ਼ 'ਚ ਆ ਗਿਆ ਜਦੋਂ ਬੰਬੇ ਵਕੀਲਾਂ ਦੀ ਜਥੇਬੰਦੀ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਦੁਸ਼ਯੰਤ ਦਵੇ ਨੇ ਸੁਣਵਾਈ ਦੌਰਾਨ ਭਾਜਪਾ ਪ੍ਰਧਾਨ ਅਮਿਤ ਸ਼ਾਹ ਦਾ ਨਾਮ ਲਿਆ ਅਤੇ

ਬਾਕੀ ਸਫ਼ਾ 29 'ਤੇ

WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route

• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • ELD No Problem
Call for more Info:
Phone: (209) 242-9569, (209)564-8899
2101 MARTIN LUTHER KING JR WAY STOCKTON, CA 95205

# ਪੰਜ ਸਿੰਘ ਸਾਹਿਬਾਨ ਵਲੋਂ ਚੀਫ਼ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀ ਮੁੱਢਲੀ ਮੈਂਬਰਸ਼ਿਪ ਖ਼ਤਮ

## *ਦੋ ਸਾਲ ਤੱਕ ਕੋਈ ਅਹੁਦਾ ਲੈਣ ਉੱਤੇ ਰੋਕ*

**ਅੰਮ੍ਰਿਤਸਰ/ਬਿਊਰੋ ਨਿਊਜ਼**, ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਨਾਲ ਸਬੰਧਤ ਇਤਰਾਜ਼ਯੋਗ ਵੀਡਿਓ ਮਾਮਲਾ ਵਿਚਾਰਨ ਉਪਰੰਤ ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਨੇ ਚੱਢਾ ਦੀ ਦੀਵਾਨ ਤੋਂ ਮੁੱਢਲੀ ਮੈਂਬਰਸ਼ਿਪ ਖਾਰਿਜ ਕਰਨ ਦਾ ਫੈਸਲਾ ਕਰਦਿਆਂ ਦੀਵਾਨ ਵਿੱਚ ਦੋ ਸਾਲ ਤੱਕ ਕਿਸੇ ਵੀ ਅਹੁਦੇ ਉੱਤੇ ਕਾਰਜਸ਼ੀਲ ਹੋਣ ’ਤੇ ਰੋਕ ਲਾ ਦਿੱਤੀ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਗੁਰਦਾਸਪੁਰ ਦੇ ਗੁਰਦੁਆਰਾ ਛੋਟਾ ਘੱਲੂਘਾਰਾ ਵਿੱਚ ਵਾਪਰੀ ਮੰਦਭਾਗੀ ਘਟਨਾ ਲਈ ਗੁਰਦੁਆਰਾ ਕਮੇਟੀ ਦੇ ਆਗੂ ਮਾਸਟਰ ਜੌਹਰ ਸਿੰਘ ਨੂੰ ਇੱਕ ਹਫ਼ਤਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੰਗਤਾਂ ਦੇ ਜੋੜੇ ਝਾੜਨ, ਬਰਤਨ ਮਾਂਜਣ ਅਤੇ ਕੀਰਤਨ ਸੁਣਨ ਦੀ ਤਨਖਾਹ ਲਾਈ ਹੈ। ਇਸ ਤੋਂ ਇਲਾਵਾ ਫਤਹਿਗੜ੍ਹ ਸਾਹਿਬ ਗੁਰਦੁਆਰੇ ਵਿੱਚ ਸ਼ਹੀਦੀ ਜੋੜ ਮੇਲੇ ਮੌਕੇ ਪ੍ਰਬੰਧਕਾਂ ਵੱਲੋਂ ਅਖੰਡ ਪਾਠ ਨਾ ਰੱਖਣ ਦੀ ਹੋਈ ਭੁੱਲ ਨੂੰ ਬਖ਼ਸ਼ ਦਿੱਤਾ ਹੈ।

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਅਕਾਲ ਤਖ਼ਤ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਸ਼ਾਮਲ ਸਨ। ਇਕੱਤਰਤਾ ਦੌਰਾਨ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਚਰਨਜੀਤ ਸਿੰਘ ਚੱਢਾ ਨੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦਿੱਤਾ। ਮੀਡੀਆ ਨੂੰ ਜਾਣਕਾਰੀ ਦਿੰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਚੱਢਾ ਦਾ ਅਸਤੀਫ਼ਾ ਦੀਵਾਨ ਦੇ ਆਨਰੇਰੀ ਸਕੱਤਰ ਨੂੰ ਭੇਜਿਆ ਹੈ ਅਤੇ ਉਸ ਦੀ ਮੁੱਢਲੀ ਮੈਂਬਰਸ਼ਿਪ ਖਾਰਜ ਕਰਨ ਦੀ ਵੀ ਹਦਾਇਤ ਕੀਤੀ ਹੈ। ਦੀਵਾਨ ਦੇ ਸਮੂਹ ਅਹੁਦਿਆਂ ’ਤੇ ਕੰਮ ਕਰਨ ’ਤੇ ਲਾਈ ਗਈ ਰੋਕ ਸ੍ਰੀ ਅਕਾਲ ਤਖ਼ਤ ਨੇ ਦੋ ਸਾਲਾਂ ਵਾਸਤੇ ਵਧਾ ਦਿੱਤੀ ਹੈ। ਇਸ ਦੌਰਾਨ ਸਮਾਗਮਾਂ ਵਿੱਚ ਚੱਢਾ ਦੇ ਸੰਬੋਧਨ ਕਰਨ ’ਤੇ ਵੀ ਰੋਕ ਲਾਈ ਹੈ।

ਇਸ ਤੋਂ ਪਹਿਲਾਂ ਆਪਣਾ ਸਪੱਸ਼ਟੀਕਰਨ ਦੇ ਕੇ ਗਏ ਚਰਨਜੀਤ ਸਿੰਘ ਚੱਢਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਹ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹੈ ਅਤੇ ਹਰ ਹੁਕਮ ਸਿਰ ਮੱਥੇ ਪ੍ਰਵਾਨ ਕਰਨਗੇ। ਉਨ੍ਹਾਂ ਇੱਕ ਵਾਰ ਫਿਰ ਦੁਹਰਾਇਆ ਕਿ ਉਸ ਨੂੰ ਅਤੇ ਉਸ ਦੇ ਬੇਟੇ ਨੂੰ ਇੱਕ ਸਾਜਿਸ਼ ਤਹਿਤ ਫਸਾਇਆ ਗਿਆ ਹੈ। ਇਥੇ ਜ਼ਿਕਰਯੋਗ ਹੈ ਕਿ ਚੱਢਾ ਖਿਲਾਫ ਰੋਕ ਦਾ ਐਲਾਨ ਉਸ ਦੇ ਘਰ ਪਰਤ ਜਾਣ ਮਗਰੋਂ ਕੀਤਾ ਗਿਆ ਤੇ ਰੋਕ ਨੂੰ ਧਾਰਮਿਕ ਤਨਖਾਹ ਵੀ ਨਹੀਂ ਦੱਸਿਆ ਗਿਆ ਹੈ, ਜਦੋਂਕਿ ਅਜਿਹੀ ਤਨਖਾਹ ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਹੀ ਸੁਣਾਈ ਜਾਂਦੀ ਹੈ।



ਚਰਨਜੀਤ ਸਿੰਘ ਚੱਢਾ (ਵਿਚਾਲੇ) ਮੰਗਲਵਾਰ ਨੂੰ ਅੰਮ੍ਰਿਤਸਰ ਵਿੱਚ ਅਕਾਲ ਤਖ਼ਤ ਸਕੱਤਰੇਤ ’ਚੋਂ ਬਾਹਰ ਆਉਂਦੇ ਹੋਏ।

ਮਾਸਟਰ ਜੌਹਰ ਸਿੰਘ ਨੂੰ ਲਾਈ ਤਨਖਾਹ ਅਨੁਸਾਰ ਤਨਖਾਹ ਪੂਰੀ ਹੋਣ ’ਤੇ ਉਹ ਖਿਮਾ ਯਾਚਨਾ ਦੀ ਅਰਦਾਸ ਲਈ 501 ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਅਤੇ 501 ਰੁਪਏ ਗੋਲਕ ਵਿੱਚ ਪਾ ਕੇ ਅਰਦਾਸ ਕਰਵਾਉਣਗੇ। ਇਸ ਮਾਮਲੇ ਵਿੱਚ ਇੱਕ ਹੋਰ ਵਿਅਕਤੀ ਬੂਟਾ ਸਿੰਘ ਨੂੰ ਪੰਥ ਵਿੱਚੋਂ ਛੇਕਿਆ ਜਾ ਚੁੱਕਾ ਹੈ।

ਸ਼ਹੀਦੀ ਜੋੜ ਮੇਲੇ ਦੌਰਾਨ ਫਤਹਿਗੜ੍ਹ ਸਾਹਿਬ ਗੁਰਦੁਆਰੇ ਵਿੱਚ ਪ੍ਰਬੰਧਕਾਂ ਵਲੋਂ ਅਖੰਡ ਪਾਠ ਰੱਖਣ ਦੀ ਹੋਈ ਭੁੱਲ ਬਾਰੇ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਭਵਿੱਖ ਵਿੱਚ ਮਰਿਆਦਾ ਦਾ ਧਿਆਨ ਰੱਖਿਆ ਜਾਵੇ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਸ਼ਿਕਾਇਤ ਕੀਤੀ ਸੀ, ਜਿਸ ਦੀ ਸੁਣਵਾਈ ਦੌਰਾਨ ਗੁਰਦੁਆਰੇ ਦੇ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦਿੱਤਾ ਹੈ।

ਇਸ ਦੌਰਾਨ ਇੱਕ ਸਿੱਖ ਚੈਨਲ ਵੱਲੋਂ ਨੇਪਾਲ ਵਿੱਚ ਸਕੂਲ ਖੋਲ੍ਹਣ ਅਤੇ ਮੁਫ਼ਤ ਵਿੱਦਿਆ ਦੇਣ ਦੇ ਉਪਰਾਲੇ ਦੀ ਸਿੰਘ ਸਾਹਿਬਾਨ ਨੇ ਸ਼ਲਾਘਾ ਕੀਤੀ ਹੈ। ਇਸੇ ਤਰ੍ਹਾਂ ਬੜੂ ਸਾਹਿਬ ਵਿਦਿਅਕ ਸੰਸਥਾਵਾਂ ਵੱਲੋਂ ਰਾਗੀ, ਗ੍ਰੰਥੀ, ਪ੍ਰਚਾਰਕਾਂ ਆਦਿ ਦੇ ਬੱਚਿਆਂ ਨੂੰ ਮੁਫ਼ਤ ਵਿੱਦਿਆ ਦੇਣ ਦੇ ਉਪਰਾਲੇ ਦੀ ਵੀ ਸ਼ਲਾਘਾ ਕੀਤੀ ਹੈ।

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਲੌਂਗੋਵਾਲ ਨੇ ਧਰਮ ਪ੍ਰਚਾਰ ਸਮਾਗਮ ’ਚ ਕੀਤਾ ਗੁਰਬਾਣੀ ਦਾ ਗਲਤ ਉਚਾਰਨ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਲ 2019 ਵਿੱਚ ਆ ਰਹੇ 550 ਸਾਲਾ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਗੁਰੂ ਸਾਹਿਬ ਦੇ ਜੀਵਨ ਫਲਸਫੇ ਅਤੇ ਉਨ੍ਹਾਂ ਦੁਆਰਾ ਉਚਾਰੀ ਬਾਣੀ ਨੂੰ ਘਰ ਘਰ ਪਹੁੰਚਾਉਣ ਦਾ ਦਾਅਵਾ ਕਰਨ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਖੁਦ ਹੀ ਗੁਰਬਾਣੀ ਦੇ ਗਲਤ ਉਚਾਰਣ ਕਰਕੇ ਬੁਰੀ ਤਰ੍ਹਾਂ ਫਸ ਗਏ ਹਨ। ਕਮੇਟੀ ਪ੍ਰਧਾਨ ਗੁਰਬਾਣੀ ਦੇ ਜਿਸ ਪਾਵਨ ਸ਼ਬਦ ਦਾ ਗਲਤ ਉਚਾਰਣ ਕੀਤਾ ਹੈ ਉਹ ਗੁਰੂ ਨਾਨਕ ਪਾਤਸ਼ਾਹ ਦਾ ਉਚਾਰਿਆ ਹੋਇਆ ਹੈ ਅਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਅਜੇਹੀ ਭੁੱਲ ਵੀ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਇਕ ਗੁਰਮਤਿ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜਰ ਹਜੂਰੀ ਵਿੱਚ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਇੱਕ ਗੁਰਮਤਿ ਸਮਾਗਮ ਦਾ ਅਯੋਜਨ ਕੀਤਾ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਹ ਸਮਾਗਮ ਗੁਰੂ ਨਾਨਕ ਪਾਤਸ਼ਾਹ ਦੇ ਸਾਲ 2019 ਵਿੱਚ ਆ ਰਹੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਤਖਤ ਸਾਹਿਬਾਨ ਵਿਖੇ ਹਫਤਾਵਾਰੀ ਸਮਾਗਮਾਂ ਦੀ ਲੜੀ ਵਜੋਂ ਸ਼ੁਰੂਆਤੀ ਸਮਾਗਮ ਸੀ ।ਸਮਾਗਮ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਬਾਦਲ ਦਲ ਦੇ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ ਅਤੇ ਹਰਿਆਣਾ ਤੋਂ ਕਮੇਟੀ ਪ੍ਰਚਾਰਕ ਤੇ ਕਥਾਵਾਚਕ ਗਿਆਨੀ ਬਲਦੇਵ ਸਿੰਘ ਸਮੇਤ ਵੱਡੀ ਗਿਣਤੀ ਕਮੇਟੀ ਪ੍ਰਬੰਧਕ ਅਤੇ ਸਕੂਲਾਂ ਕਾਲਜਾਂ ਦੇ ਬੱਚੇ ਸ਼ਾਮਿਲ ਸਨ। ਪ੍ਰਧਾਨ ਲੌਂਗੋਵਾਲ ਨੇ ਆਪਣੇ ਸੰਬੋਧਨ ਵਿੱਚ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਜੁੜੀ ਉਸ ਘਟਨਾ ਦਾ ਜਿਕਰ ਕਰਦਿਆਂ (ਜਿਸ ਵਿੱਚ ਪੰਡਿਤ ਪਾਤਸ਼ਾਹ ਨੂੰ ਜਨੇਊ ਪਾਣ ਦੀ ਰਸਮ ਨਿਭਾਉਣ ਆਉਂਦਾ ਹੈ) ਗੁਰੂ ਸਾਹਿਬ ਵਲੋਂ ਉਚਾਰੀ ਬਾਣੀ “ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ”॥ ਦਾ ਉਚਾਰਣ ਕਰਦਿਆਂ ਏਹ ਜਨੇਊ ਨਾਨਕਾ’ ਕਹਿ ਕੇ ਅੱਗੇ ਤੁੱਕ ਹੀ ਭੁੱਲ ਗਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਪਣੀ ਭੁੱਲ ਨੂੰ ਸਵੀਕਾਰਿਆ ਨਹੀ ਬਲਕਿ ਸੱਚੇ ਜਨੇਊ ਦੀ ਵਿਆਖਿਆ ਕਰਨ ਲਗ ਪਏ। ਸ਼੍ਰੋਮਣੀ ਕਮੇਟੀ ਵਲੋਂ ਗੁਰੂ ਨਾਨਕ ਸਾਹਿਬ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਮਨਾਏ ਜਾਣ ਸਬੰਧੀ ਉਲੀਕੇ ਪ੍ਰੋਗਰਾਮਾਂ ਤਹਿਤ ਬੀਤੇ ਕਲ੍ਹ ਦਾ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਪਹਿਲਾ ਸਮਾਗਮ ਸੀ ਜਿਸ ਨੂੰ ਹਫਤਾਵਾਰੀ ਸਮਾਗਮ ਦਾ ਨਾਮ ਦਿੱਤਾ ਗਿਆ ।ਇਸ ਸਮਾਗਮ ਦਾ ਸਿੱਧਾ ਪ੍ਰਸਾਰਣ ਵੀ ਚੈਨਲ (ਪੀਟੀਸੀ ਸਿਮਰਨ) ਵਲੋਂ ਕੀਤਾ ਗਿਆ ਸੀ ।ਜਿਸਦੀ ਵੀਡੀਓ ਕਲਿਪ ਸ਼ੋਸ਼ਲ ਮੀਡੀਆ ਫੇਸਬੁੱਕ ਤੇ ਵਾਇਰਲ ਹੋਈ ਹੈ। ਜਿਕਰਯੋਗ ਕਿ ਗੋਬਿੰਦ ਸਿੰਘ ਲੌਂਗੋਵਾਲ ਨੂੰ ਨਵੰਬਰ 2017 ਵਿੱਚ ਪ੍ਰਧਾਨ ਥਾਪੇ ਜਾਣ ਮੌਕੇ ਦੱਸਿਆ ਗਿਆ ਸੀ ਕਿ ਲੌਂਗੋਵਾਲ ਨੇ ਗੁਰਬਾਣੀ ਦੀ ਸੰਥਯਾ ਕੀਤੀ ਹੋਈ ਹੈ ਤੇ ਉਹ ਕੀਰਤਨੀਏ ਵੀ ਹਨ। ਭਾਈ ਲੌਂਗੋਵਾਲ ਸੰਨ 1985 ਤੋਂ ਸੰਗਰੂਰ ਜਿਲ੍ਹੇ ਦੇ ਪਿੰਡ ਕੈਂਬੋਵਾਲ ਸਥਿਤ ਅਮਰ ਸ਼ਹੀਦ ਭਾਈ ਮਨੀ ਸਿੰਘ ਦੇ ਯਾਦਗਾਰੀ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਹਨ।





# ਪੰਜਾਬ ਦਾ ਖਜ਼ਾਨਾ ਖਾਲੀ ਹੋਣ ਕਾਰਨ ਖੁਜਲ-ਖੁਆਰ ਹੋ ਰਹੇ ਨੇ ਬੁਢਾਪਾ, ਵਿਧਵਾ ਤੇ ਹੋਰਨਾਂ ਪੈਨਸ਼ਨਾਂ ਵਾਲੇ

**ਚੰਡੀਗੜ੍ਹ/ਬਿਊਰੋ ਨਿਊਜ਼:** ਕੈਪਟਨ ਸਰਕਾਰ ਨੇ ਬਜ਼ੁਰਗਾਂ, ਵਿਧਵਾਵਾਂ, ਅੰਗਹੀਣਾਂ ਤੇ ਬੇਸਹਾਰਾ ਲੋਕਾਂ ਨੂੰ ਪੈਨਸ਼ਨਾਂ ਦੇਣ ਲਈ ਚੋਣਾਂ ਮੌਕੇ ਹੀ ਪੈਸੇ ਦਾ ਭੁਗਤਾਨ ਕਰਨ ਦੀ ਨਵੀਂ ਯੋਜਨਾ' ਉਲੀਕੀ ਹੈ। ਇਹ ਤੱਥ ਸਾਹਮਣੇ ਆ ਗਿਆ ਹੈ ਕਿ ਕਾਂਗਰਸ ਸਰਕਾਰ ਦੇ 10 ਮਹੀਨਿਆਂ ਦੌਰਾਨ ਸਿਰਫ਼ ਉਨ੍ਹਾਂ ਥਾਵਾਂ 'ਤੇ ਹੀ ਪੈਨਸ਼ਨਾਂ ਦਿੱਤੀਆਂ ਗਈਆਂ, ਜਿੱਥੇ ਵੋਟਾਂ ਪੈਣੀਆਂ ਸਨ। ਮੋਤੀਆਂ ਵਾਲੀ ਸਰਕਾਰ ਦਾ ਇਸ ਹੱਦ ਤੱਕ ਦਿਵਾਲਾ ਨਿੱਕਲ ਗਿਆ ਹੈ ਕਿ ਬਜ਼ੁਰਗਾਂ ਨੂੰ ਵੀ ਪੈਨਸ਼ਨ ਨਸੀਬ ਨਹੀਂ ਹੋ ਰਹੀ।



ਬਠਿੰਡਾ ਵਿੱਚ ਪੈਨਸ਼ਨਾਂ ਸਬੰਧੀ ਫਾਰਮ ਲੈ ਕੇ ਪੁੱਜੇ ਬਜ਼ੁਰਗ।

ਮੁੱਖ ਸਕੱਤਰ ਦਫ਼ਤਰ ਦੇ ਸੂਤਰਾਂ ਦਾ ਦੱਸਣਾ ਹੈ ਕਿ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਕੈਪਟਨ ਸਰਕਾਰ ਨੇ ਗੁਰਦਾਸਪੁਰ ਸੰਸਦੀ ਹਲਕੇ ਦੀ ਚੋਣ ਹੋਣ ਕਰਕੇ ਪਹਿਲਾਂ ਗੁਰਦਾਸਪੁਰ ਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਹੀ ਲਾਭਪਾਤਰੀਆਂ ਨੂੰ ਸਿਰਫ਼ ਦੋ ਮਹੀਨਿਆਂ (ਜੁਲਾਈ ਅਤੇ ਅਗਸਤ) ਦੀਆਂ ਪੈਨਸ਼ਨਾਂ ਦਾ ਭੁਗਤਾਨ ਕੀਤਾ। ਉਸ ਤੋਂ ਬਾਅਦ ਨਗਰ ਨਿਗਮ ਤੇ ਮਿਉਂਸਿਪਲ ਚੋਣਾਂ ਨੇੜੇ ਆਈਆਂ ਤਾਂ ਕੈਪਟਨ ਸਰਕਾਰ ਨੇ ਸ਼ਹਿਰੀ ਵੋਟਰਾਂ ਨੂੰ ਭਰਮਾਉਣ ਲਈ ਜਿਨ੍ਹਾਂ ਸ਼ਹਿਰਾਂ ਵਿੱਚ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਹੋਣੀਆਂ ਸਨ, ਉਨ੍ਹਾਂ ਸ਼ਹਿਰਾਂ ਵਿੱਚ ਸਤੰਬਰ ਤੱਕ ਦੀਆਂ ਪੈਨਸ਼ਨਾਂ ਦਾ ਹੀ ਭੁਗਤਾਨ ਕੀਤਾ। ਇਸ ਤੋਂ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਚੋਣਾਂ ਵਾਲੀਆਂ ਥਾਵਾਂ ਨੂੰ ਛੱਡ ਕੇ ਸਰਕਾਰ ਨੇ ਅਪਰੈਲ ਮਹੀਨੇ ਤੋਂ ਵਿਧਵਾਵਾਂ, ਅੰਗਹੀਣਾਂ ਤੇ ਬੇਸਹਾਰਾ ਲੋਕਾਂ ਨੂੰ ਪੈਨਸ਼ਨਾਂ ਦਾ ਭੁਗਤਾਨ ਨਹੀਂ ਕੀਤਾ।

ਮੋਤੀਆਂ ਵਾਲੀ ਸਰਕਾਰ ਵੱਲੋਂ ਸਮਾਜ ਭਲਾਈ ਯੋਜਨਾਵਾਂ ਨੂੰ ਪੂਰੀ ਤਰ੍ਹਾਂ ਨੁੱਕਰੇ ਲਾ ਦਿੱਤਾ ਗਿਆ ਹੈ। ਸੂਤਰਾਂ ਮੁਤਾਬਿਕ ਬੁਢਾਪਾ, ਬੇਸਹਾਰਾ ਤੇ ਅੰਗਹੀਣਾਂ ਦੀਆਂ ਪੈਨਸ਼ਨਾਂ ਦਾ ਭੁਗਤਾਨ, ਯਤੀਮਖਾਨਿਆਂ ਵਿੱਚ ਰਹਿੰਦੇ ਬੱਚਿਆਂ ਦੇ ਖਾਣੇ ਤੇ ਰਹਿਣ-ਸਹਿਣ ਦੇ ਖ਼ਰਚੇ, ਮਾਨਸਿਕ ਰੋਗੀਆਂ ਦੇ ਕੇਂਦਰਾਂ ਨੂੰ ਸਹਾਇਤਾ, ਸ਼ਗਨ ਸਕੀਮ ਤਹਿਤ ਸ਼ਗਨ ਦੀ ਰਾਸ਼ੀ, ਆਟਾ-ਦਾਲ ਸਕੀਮ ਤੇ ਮਿੱਡ-ਡੇਅ ਮੀਲ ਸਕੀਮ ਨੂੰ ਤਿਲਾਂਜਲੀ ਹੀ ਦੇ ਦਿੱਤੀ ਹੈ। ਪੰਜਾਬ ਸਰਕਾਰ ਵੱਲੋਂ ਪੈਨਸ਼ਨਾਂ ਦਾ ਭੁਗਤਾਨ ਨਾ ਕੀਤੇ ਜਾਣ ਕਾਰਨ ਗ਼ਰੀਬਾਂ ਦੇ 500 ਕਰੋੜ ਰੁਪਏ ਤੋਂ ਵੱਧ ਦੇ ਬਕਾਏ ਸਰਕਾਰ ਵੱਲ ਖੜ੍ਹੇ ਹਨ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਇਹ ਪੈਨਸ਼ਨਾਂ 500 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 750 ਰੁਪਏ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਹਾਲਾਤ ਏਨੇ ਮਾੜੇ ਹਨ ਕਿ ਗਰੀਬਾਂ ਨੂੰ 500 ਰੁਪਏ ਪੈਨਸ਼ਨ ਵੀ ਨਸੀਬ ਨਹੀਂ ਹੋ ਰਹੀ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਪਹਿਲੀ ਜੁਲਾਈ ਤੋਂ ਪੈਨਸ਼ਨਾਂ 750 ਰੁਪਏ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ ਤੇ ਪਹਿਲੀ ਜੁਲਾਈ ਤੋਂ ਬਾਅਦ ਦਿੱਤੀਆਂ ਜਾਣ ਵਾਲੀਆਂ ਪੈਨਸ਼ਨਾਂ ਵਧੇ ਹੋਏ ਐਲਾਨ ਮੁਤਾਬਕ ਹੀ ਦਿੱਤੀਆਂ ਜਾਣਗੀਆਂ। ਇਹ ਸਿਰਫ਼ ਨੋਟੀਫਿਕੇਸ਼ਨ ਹੀ ਰਹਿ ਗਿਆ, ਕਿਉਂਕਿ ਅਦਾਇਗੀ ਤਾਂ ਹੋ ਨਹੀਂ ਰਹੀ। ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਸਰਕਾਰ ਦੀ ਮੰਦਹਾਲੀ ਕਾਰਨ ਹਾਲ ਦੀ ਘੜੀ ਮਾਰਚ ਮਹੀਨੇ ਤੱਕ ਦੀਆਂ ਪੈਨਸ਼ਨਾਂ ਦਾ ਭੁਗਤਾਨ ਹੀ ਕੀਤਾ ਜਾ ਸਕਿਆ ਹੈ।

## ਖੰਡ ਤੇ ਚਾਹ ਪੱਤੀ ਦੇਣ ਦੇ ਵਾਅਦਿਆਂ ਵਾਲੇ ਆਟਾ ਦੇਣ ਤੋਂ ਵੀ ਆਤੁਰ

**ਚੰਡੀਗੜ੍ਹ/ਬਿਊਰੋ ਨਿਊਜ਼:** ਕਾਂਗਰਸ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਟਾ-ਦਾਲ ਤੋਂ ਇਲਾਵਾ ਗ਼ਰੀਬਾਂ ਨੂੰ ਚੀਨੀ ਅਤੇ ਚਾਹ ਪੱਤੀ ਦੇਣ ਦਾ ਵੀ ਵਾਅਦਾ ਕੀਤਾ ਸੀ, ਪਰ ਸਰਕਾਰ ਬਣਨ ਮਗਰੋਂ ਖ਼ੁਰਾਕ ਸੁਰੱਖਿਆ ਗਾਰੰਟੀ ਕਾਨੂੰਨ ਤਹਿਤ ਬੁਨਿਆਦੀ ਅਧਿਕਾਰ ਵੀ ਵਿੱਤੀ ਸੰਕਟ ਦੇ ਪਰਛਾਵੇਂ ਹੇਠ ਆ ਗਿਆ ਹੈ। ਆਟਾ-ਦਾਲ ਸਕੀਮ ਠੱਪ ਪਈ ਹੈ। ਸਰਕਾਰ ਨੇ ਲਾਭਪਾਤਰੀਆਂ ਨੂੰ 31 ਮਾਰਚ ਤੱਕ ਉਡੀਕ ਕਰਨ ਲਈ ਕਿਹਾ ਹੈ।

ਕੈਪਟਨ ਸਰਕਾਰ ਨੇ ਆਉਂਦਿਆਂ ਹੀ ਲਾਭਪਾਤਰੀਆਂ ਦੀ ਨਵੇਂ ਸਿਰਿਓਂ ਜਾਂਚ ਕਰਵਾਉਣ ਤੋਂ ਬਾਅਦ ਹੀ ਕਣਕ ਦੇਣ ਦੇ ਨਿਰਦੇਸ਼ ਦੇ ਦਿੱਤੇ। ਇਹ ਪ੍ਰੋਗਰਾਮ 31 ਮਾਰਚ ਤੱਕ ਮੁਕੰਮਲ ਹੋਣਾ ਹੈ। ਇਸ ਤਰ੍ਹਾਂ ਕੈਪਟਨ ਸਰਕਾਰ ਦਾ ਇੱਕ ਸਾਲ ਬੀਤਣ ਮਗਰੋਂ ਹੀ ਲਾਭਪਾਤਰੀਆਂ ਨੂੰ ਸਰਕਾਰੀ ਕਣਕ ਨਸੀਬ ਹੋ ਸਕੇਗੀ। ਬਾਅਦ ਵਿੱਚ ਕਣਕ ਲੈਣ ਦੀ ਪ੍ਰਕਿਰਿਆ ਕਿੰਨੀ ਗੁੰਝਲਦਾਰ ਹੋਵੇਗੀ, ਇਸ ਤੋਂ ਗ਼ਰੀਬ ਵਾਕਫ਼ ਨਹੀਂ ਹਨ। ਫਿਲਹਾਲ ਮੁਹਾਲੀ ਜ਼ਿਲ੍ਹੇ ਵਿੱਚ ਆਨਲਾਈਨ ਕਣਕ ਦਿੱਤੀ ਜਾ ਰਹੀ ਹੈ ਤੇ 26 ਜਨਵਰੀ ਤੋਂ ਤਿੰਨ ਹੋਰ ਜ਼ਿਲ੍ਹਿਆਂ ਪਟਿਆਲਾ, ਫਤਹਿਗੜ੍ਹ ਸਾਹਿਬ ਤੇ ਮਾਨਸਾ ਵਿੱਚ ਆਨਲਾਈਨ ਕਣਕ ਦੇਣ ਦਾ ਉਦਘਾਟਨ ਕੀਤੇ ਜਾਣ ਦੇ ਆਸਾਰ ਹਨ। ਅਕਾਲੀ-ਭਾਜਪਾ ਸਰਕਾਰ ਨੇ 2007 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੱਤਾ ਵਿੱਚ ਆਉਣ 'ਤੇ 4 ਰੁਪਏ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲ ਦੇਣ ਦਾ ਐਲਾਨ ਕੀਤਾ ਸੀ। ਸਰਕਾਰ ਨੇ ਇਸ ਦੀ ਸ਼ੁਰੂਆਤ ਕੀਤੀ, ਪਰ ਇਹ ਬੋਝ ਜ਼ਿਆਦਾਤਰ ਕਾਰਪੋਰੇਸ਼ਨਾਂ 'ਤੇ ਹੀ ਪੈਂਦਾ ਰਿਹਾ। ਕੇਂਦਰ ਸਰਕਾਰ ਵੱਲੋਂ 10 ਸਤੰਬਰ 2013 ਨੂੰ ਨੋਟੀਫਿਕੇਸ਼ਨ ਜਾਰੀ ਕਰ ਕੇ ਨੈਸ਼ਨਲ ਫੂਡ ਸਕਿਉਰਿਟੀ ਕਾਨੂੰਨ ਤਹਿਤ ਗ਼ਰੀਬਾਂ ਨੂੰ ਤਿੰਨ ਰੁਪਏ ਕਿਲੋ ਚੌਲ, ਦੋ ਰੁਪਏ ਕਿਲੋ ਕਣਕ ਤੇ ਇੱਕ ਰੁਪਏ ਕਿਲੋ ਮੋਟਾ ਅਨਾਜ ਦੇਣ ਦਾ ਫ਼ੈਸਲਾ ਕਰ ਲਿਆ, ਇਸ ਨਾਲ ਪੰਜਾਬ ਸਰਕਾਰ ਨੂੰ ਵੀ ਸੁਖ ਦਾ ਸਾਹ ਆਇਆ। ਦੇਸ਼ ਭਰ ਵਿੱਚ 75 ਫ਼ੀਸਦ ਦਿਹਾਤੀ ਤੇ 50 ਫ਼ੀਸਦੀ ਸ਼ਹਿਰੀ ਗ਼ਰੀਬ ਆਬਾਦੀ ਨੂੰ ਲਾਭਪਾਤਰੀਆਂ ਦੇ ਦਾਇਰੇ ਵਿੱਚ ਲਿਆਉਣ ਦੀ ਤਜਵੀਜ਼ ਰੱਖੀ ਗਈ। ਪੰਜਾਬ ਦੇ ਹਿਸਾਬ ਨਾਲ ਇਸ ਦੀ ਲਗਪਗ 55 ਫ਼ੀਸਦ ਪੇਂਡੂ ਤੇ 45 ਫ਼ੀਸਦ ਦੇ ਕਰੀਬ ਸ਼ਹਿਰੀ ਆਬਾਦੀ ਰਾਸ਼ਟਰੀ ਖ਼ੁਰਾਕ ਸੁਰੱਖਿਆ ਦੇ ਦਾਇਰੇ ਵਿੱਚ ਆ ਗਈ। ਇਸ ਮੁਤਾਬਿਕ ਪੰਜਾਬ ਦੇ 1 ਕਰੋੜ 42 ਲੱਖ ਲੋਕਾਂ ਨੂੰ ਇਸ ਕਾਨੂੰਨ ਤਹਿਤ ਲਾਭ ਮਿਲ ਸਕਦਾ ਹੈ। ਪੰਜਾਬ ਵਿੱਚ ਇਕ ਕਰੋੜ 39 ਲੱਖ ਨੂੰ ਇਹ ਲਾਭ ਮਿਲਿਆ। ਲਾਭਪਾਤਰੀਆਂ ਨੂੰ ਦੋ ਰੁਪਏ ਕਿਲੋ ਕਣਕ, ਪ੍ਰਤੀ ਵਿਅਕਤੀ 5 ਕਿਲੋ ਕਣਕ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਛੇ ਮਹੀਨਿਆਂ ਦੀ ਇਕੱਠੀ ਦਿੱਤੀ ਜਾਂਦੀ ਹੈ। ਕੁਝ ਸਮੇਂ ਤੱਕ 20 ਰੁਪਏ ਕਿਲੋ ਦਾਲ 500 ਗ੍ਰਾਮ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਮਿਲਦੀ ਰਹੀ, ਪਰ ਸਰਕਾਰ ਦੀ ਵਿੱਤੀ ਹਾਲਤ ਅਤੇ ਦਾਲਾਂ ਦਾ ਰੇਟ ਵਧਣ ਤੋਂ ਬਾਅਦ ਦੋ ਸਾਲਾਂ ਤੋਂ ਵੱਧ ਸਮਾਂ ਹੋ ਗਿਆ। ਲੋਕਾਂ ਨੂੰ ਦਾਲ ਦੇ ਦਰਸ਼ਨ ਨਹੀਂ ਹੋਏ। ਬਹੁਤੀ ਵਾਰ ਨਵੇਂ ਸਰਵੇਖਣ ਕਰਕੇ ਡੰਗ-ਟਪਾਈ ਦਾ ਤਰੀਕਾ ਅਪਣਾਇਆ ਗਿਆ। ਜਾਅਲੀ ਲਾਭਪਾਤਰੀਆਂ ਦੇ ਮਾਮਲੇ ਹਰ ਵਾਰ ਸਾਹਮਣੇ ਆਏ, ਪਰ ਜ਼ਿੰਮੇਵਾਰ ਅਧਿਕਾਰੀ ਹਮੇਸ਼ਾ ਹੀ ਕਿਸੇ ਨੁਕਸਾਨ ਤੋਂ ਬਾਹਰ ਰਹੇ। ਕੇਂਦਰ ਅਤੇ ਪੰਜਾਬ ਸਰਕਾਰਾਂ ਤਕਨੀਕੀ ਭਾਵ ਡਿਜੀਟਲ ਤਕਨੀਕ ਨੂੰ ਹੀ ਬੋਗਸ ਲਾਭਪਾਤਰੀਆਂ ਨੂੰ ਬਾਹਰ ਕਰਨ ਦਾ ਇੱਕੋ-ਇੱਕ ਆਧਾਰ ਮੰਨਦੀਆਂ ਹਨ। ਪੰਜਾਬ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਹੁਣ 31 ਮਾਰਚ 2018 ਤੱਕ ਇਹ ਸਰਵੇਖਣ ਮੁਕੰਮਲ ਕਰਨ ਤੋਂ ਬਾਅਦ ਡਿਜਟਲ ਤਰੀਕੇ ਨਾਲ ਹੀ ਕਣਕ ਅਤੇ ਦਾਲ ਮਿਲੇਗੀ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਵਿੱਚ ਕਰੀਬ 8 ਫ਼ੀਸਦ ਭਾਵ 11 ਲੱਖ ਤੋਂ ਵੱਧ ਲਾਭਪਾਤਰੀ ਬੋਗਸ ਪਾਏ ਜਾਣ ਦਾ ਅਨੁਮਾਨ ਹੈ। ਵੱਡਾ ਸੁਆਲ ਇਹ ਹੈ ਕਿ ਕੀ ਲਾਭਪਾਤਰੀਆਂ ਦੀ ਜਾਣਕਾਰੀ ਦਾ ਸਰਵੇਖਣ ਲਗਾਤਾਰ ਆਟਾ-ਦਾਲ ਦੇਣ ਦੇ ਨਾਲ ਨਹੀਂ ਕੀਤਾ ਜਾ ਸਕਦਾ ਸੀ? ਗ਼ਰੀਬ ਕਿੰਨਾ ਸਮਾਂ ਹੋਰ ਉਡੀਕ ਕਰੇਗਾ? ਇੱਕ ਹੋਰ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਡਿਜਟਲਾਈਜੇਸ਼ਨ ਦੀਆਂ ਵੀ ਰੋਜ਼ ਸਮੱਸਿਆਵਾਂ ਆ ਰਹੀਆਂ ਹਨ, ਲਗਾਤਾਰ ਇਨ੍ਹਾਂ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। 26 ਜਨਵਰੀ ਤੋਂ ਤਿੰਨ ਹੋਰ ਜ਼ਿਲ੍ਹਿਆਂ ਵਿੱਚ ਸਕੀਮ ਸ਼ੁਰੂ ਕੀਤੀ ਜਾਵੇਗੀ। ਵੈਸੇ ਜਿਸ ਦੇ ਬਾਇਓਮੀਟਰਿਕ ਤਰੀਕੇ ਨਾਲ ਕੋਈ ਸਮੱਸਿਆ ਆਵੇਗੀ ਤਾਂ ਮੈਨੂਅਲ ਤਰੀਕਾ ਵੀ ਨਾਲ ਜਾਰੀ ਰੱਖਿਆ ਜਾਵੇਗਾ। ਇੱਕ ਹੋਰ ਮੁੱਦਾ ਡਿੱਪੂ ਹੋਲਡਰਾਂ ਦਾ ਹੈ। ਖ਼ੁਰਾਕ ਸਪਲਾਈ ਵਿਭਾਗ ਮੁਤਾਬਿਕ ਡਿਪੂ ਹੋਲਡਰਾਂ ਨੂੰ 25 ਰੁਪਏ ਕੁਇੰਟਲ ਦੇ ਹਿਸਾਬ ਨਾਲ ਕਮਿਸ਼ਨ ਦਿੱਤਾ ਜਾਂਦਾ ਹੈ। ਇਹ ਉਨ੍ਹਾਂ ਦੇ ਖਾਤੇ ਵਿੱਚ ਜਾਂਦਾ ਹੈ, ਪਰ ਪਿਛਲੇ ਲੰਮੇ ਸਮੇਂ ਤੋਂ ਕਮਿਸ਼ਨ ਡਿਪੂ ਹੋਲਡਰਾਂ ਨੂੰ ਨਹੀਂ ਮਿਲਿਆ। ਬਹੁਤ ਸਾਰੇ ਡਿਪੂ ਹੋਲਡਰ ਸਿਰਫ਼ ਬਕਾਏ ਤੱਕ ਰੁਕੇ ਹਨ ਤੇ ਉਨ੍ਹਾਂ ਦਾ ਇੱਕ ਹਿੱਸਾ ਇਹ ਕੰਮ ਛੱਡਣ ਦਾ ਮਨ ਬਣਾਈ ਬੈਠਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਆਟਾ-ਦਾਲ ਯੋਜਨਾ ਤਹਿਤ ਆਉਂਦੇ ਲੋਕਾਂ ਨੂੰ ਹਰ ਮਹੀਨੇ ਇੱਕ ਕਿਲੋ ਚੀਨੀ ਅਤੇ 100 ਗ੍ਰਾਮ ਚਾਹ ਪੱਤੀ ਦੇਣ ਦਾ ਵਾਅਦਾ ਵੀ ਕੀਤਾ ਹੈ, ਹਾਲਾਂਕਿ ਪਿਛਲੇ ਜੂਨ ਮਹੀਨੇ ਵਿੱਚ ਪੇਸ਼ ਬਜਟ ਦੌਰਾਨ ਹੀ ਸਰਕਾਰ ਨੇ ਸਾਰੇ 1.42 ਕਰੋੜ ਲੋਕਾਂ ਦੇ ਬਜਾਇ ਬਹੁਤ ਗ਼ਰੀਬ ਜੋ ਅੰਤੋਦਿਆ ਯੋਜਨਾ ਤਹਿਤ ਆਉਂਦੇ ਹਨ, ਉਨ੍ਹਾਂ ਨੂੰ ਹੀ ਚੀਨੀ-ਚਾਹ ਪੱਤੀ ਲਈ ਯੋਗ ਸਮਝੇ ਜਾਣ ਦਾ ਮਨ ਬਣਾਇਆ, ਪਰ ਫਿਲਹਾਲ ਪੰਜਾਬ ਦੇ ਲੋਕਾਂ ਨੇ ਇੱਕ ਸਾਲ ਸਰਕਾਰੀ ਚਾਹ-ਪੱਤੀ ਅਤੇ ਚੀਨੀ ਤੋਂ ਬਿਨਾਂ ਹੀ ਚਾਹ ਦੀਆਂ ਚੁਸਕੀਆਂ ਲਈਆਂ ਹਨ।


JESSIE TAX SERVICES
We Provide Comprehensive Tax Services



JASWANT S. JESSIE
Enrolled Agent (EA), NTPI Fellow

Specializing in:
- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only
Phone (408) 736-2451 | Fax (408) 736-8626
Email: jessie@jessietax.com
www.jessietax.com

ACURA
AutoNation Acura Stevens Creek
4747 Stevens Creek Bl. Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

## ਸ਼੍ਰੋਮਣੀ ਕਮੇਟੀ ਮੈਂਬਰ ਅਪਣੇ ਘਰਾਂ ਤੋਂ ਸ਼ੁਰੂ ਕਰਨ ਅੰਮ੍ਰਿਤਪਾਨ: ਭਾਈ ਲੌਂਗੋਵਾਲ

**ਬਠਿੰਡਾ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਖ਼ਤ ਲਹਿਜ਼ੇ ਵਿੱਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ ਤੋਂ ਅੰਮ੍ਰਿਤਪਾਨ ਦੀ ਸ਼ੁਰੂਆਤ ਕਰਨ। ਭਾਈ ਲੌਂਗੋਵਾਲ ਨੇ ਕਈ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਪਰਿਵਾਰਕ ਮੈਂਬਰਾਂ ਦੇ ਪਤਿਤ ਹੋਣ ਦਾ ਸਖ਼ਤ ਨੋਟਿਸ ਲਿਆ ਹੈ।



ਭਾਈ ਲੌਂਗੋਵਾਲ ਨੇ ਆਖਿਆ ਕਿ ਗੁਰਸਿੱਖੀ ਤੇ ਅੰਮ੍ਰਿਤਪਾਨ ਦੀ ਸ਼ੁਰੂਆਤ ਹਰ ਸ਼੍ਰੋਮਣੀ ਕਮੇਟੀ ਮੈਂਬਰ ਆਪਣੇ ਘਰ ਤੋਂ ਕਰੇ। ਹਰੇਕ ਮੈਂਬਰ ਆਪਣੇ ਘਰ ਤੋਂ ਸ਼ੁਰੂਆਤ ਕਰਨ ਮਗਰੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੁਹਿੰਮ ਤਹਿਤ ਇੱਕ ਸਾਲ ਵਿੱਚ ਘੱਟੋ-ਘੱਟ 550 ਪ੍ਰਾਣੀਆਂ ਨੂੰ ਅੰਮ੍ਰਿਤਧਾਰੀ ਬਣਾਉਣ ਲਈ ਅੱਗੇ ਆਵੇ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਲਹਿਰ ਪਹਿਲੇ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤੀ ਗਈ ਹੈ, ਜਿਸ ਦਾ ਆਰੰਭ 21 ਜਨਵਰੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਕੀਤਾ ਜਾਣਾ ਹੈ। ਭਾਈ ਲੌਂਗੋਵਾਲ ਨੇ ਅੱਗੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਚੋਣ ਸਮੇਂ ਟਿਕਟ ਵੀ ਉਸ ਪਰਿਵਾਰ ਵਿੱਚੋਂ ਦਿੱਤੀ ਜਾਣੀ ਚਾਹੀਦੀ ਹੈ, ਜਿਸ ਦਾ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੋਵੇ।

ਪੰਜਾਬ ਵਿੱਚ ਡੇਢ ਦਰਜਨ ਤੋਂ ਉਪਰ ਸ਼੍ਰੋਮਣੀ ਕਮੇਟੀ ਮੈਂਬਰ ਅਜਿਹੇ ਹਨ, ਜਿਨ੍ਹਾਂ ਦੇ ਪਰਿਵਾਰਕ ਮੈਂਬਰ ਸਿੱਖੀ ਤੋਂ ਦੂਰ ਹਨ। ਮਾਨਸਾ ਅਤੇ ਬਠਿੰਡਾ ਜ਼ਿਲ੍ਹੇ ਵਿੱਚ ਤਿੰਨ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਪਰਿਵਾਰਕ ਮੈਂਬਰ ਪਤਿਤ ਹਨ। ਪਟਿਆਲਾ ਅਤੇ ਸੰਗਰੂਰ ਜ਼ਿਲ੍ਹੇ ਵਿੱਚ ਵੀ ਕਈ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਪਰਿਵਾਰ ਗੁਰਸਿੱਖੀ ਤੋਂ ਦੂਰ ਹਨ।

*1984 ਦਾ ਸਿੱਖ ਕਤਲੇਆਮ*

# ਗਵਾਹਾਂ ਤੋਂ ਢੁਕਵੀਂ ਪੁੱਛ-ਗਿੱਛ ਦੀਆਂ ਕੋਸ਼ਿਸ਼ਾਂ ਕਿਉਂ ਨਹੀਂ ਸੀ ਕੀਤੀਆਂ : ਸੁਪਰੀਮ ਕੋਰਟ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸਿੱਖ ਕਤਲੇਆਮ ਦੇ ਪੰਜ ਕੇਸਾਂ 'ਚ ਅਹਿਮ ਸਰਕਾਰੀ ਗਵਾਹਾਂ ਤੋਂ ਢੁਕਵੀਂ ਪੁੱਛ-ਗਿੱਛ ਦੀਆਂ ਕੋਸ਼ਿਸ਼ਾਂ ਨਹੀਂ ਕੀਤੀਆਂ ਗਈਆਂ। ਇਨ੍ਹਾਂ ਕੇਸਾਂ 'ਚ ਦਿੱਲੀ ਹਾਈ ਕੋਰਟ ਨੇ ਬਰੀ ਕੀਤੇ ਵਿਅਕਤੀਆਂ ਵਿਰੁੱਧ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਪੁੱਛਿਆ ਸੀ ਕਿ ਉਨ੍ਹਾਂ ਖ਼ਿਲਾਫ਼ ਕੇਸ ਮੁੜ ਕਿਉਂ ਨਾ ਚਲਾਇਆ ਜਾਵੇ। ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਨੇ ਰਿਕਾਰਡਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੁੱਖ ਸਰਕਾਰੀ ਗਵਾਹ ਨੂੰ ਸੁਣਵਾਈ ਦੌਰਾਨ ਸਿਰਫ਼ ਇਕ ਵਾਰ ਸੰਮਨ ਜਾਰੀ ਕੀਤੇ ਗਏ ਅਤੇ ਉਸ ਦੇ ਪੇਸ਼ ਨਾ ਹੋਣ 'ਤੇ ਗਵਾਹੀ ਦਰਜ ਕਰਨ ਦਾ ਮਾਮਲਾ ਬੰਦ ਕਰ ਦਿੱਤਾ ਗਿਆ। ਦਿੱਲੀ ਦੇ ਸਾਬਕਾ ਵਿਧਾਇਕ ਮਹੇਂਦਰ ਸਿੰਘ ਯਾਦਵ ਵੱਲੋਂ ਹਾਈ ਕੋਰਟ ਦੇ ਪਿਛਲੇ ਸਾਲ 29 ਮਾਰਚ ਨੂੰ ਉਸ



ਨੂੰ ਤੇ ਪੰਜ ਹੋਰਾਂ ਨੂੰ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸ ਖ਼ਿਲਾਫ਼ ਪਾਈ ਗਈ ਅਪੀਲ 'ਤੇ ਸੁਪਰੀਮ ਕੋਰਟ ਵੱਲੋਂ ਇਹ ਸੁਣਵਾਈ ਕੀਤੀ ਗਈ। ਯਾਦਵ ਤੋਂ ਇਲਾਵਾ ਸਾਬਕਾ ਕੌਂਸਲਰ ਬਲਵਾਨ ਖੋਖਰ ਸਮੇਤ 10 ਹੋਰਾਂ ਨੂੰ ਇਹ ਨੋਟਿਸ ਜਾਰੀ ਹੋਏ ਸਨ। ਸਿਖਰਲੀ ਅਦਾਲਤ ਨੇ ਕਿਹਾ ਕਿ ਮਾਮਲੇ ਦੀ ਅੰਤਿਮ ਸੁਣਵਾਈ ਲਈ ਪਟੀਸ਼ਨ ਨੂੰ 21 ਮਾਰਚ ਲਈ ਸੂਚੀਬੱਧ ਕੀਤਾ ਜਾਵੇ। ਬੈਂਚ ਨੇ ਪਟੀਸ਼ਨਰ ਦੇ ਵਕੀਲ ਨੂੰ ਕਿਹਾ ਕਿ ਉਹ ਸੁਪਰੀਮ ਕੋਰਟ ਵੱਲੋਂ ਪਾਸ ਕੀਤੇ ਗਏ ਹੁਕਮਾਂ ਤੋਂ ਹਾਈ ਕੋਰਟ ਨੂੰ ਜਾਣੂ ਕਰਵਾਉਣ। ਦਿੱਲੀ ਪੁਲੀਸ ਵੱਲੋਂ ਪੇਸ਼ ਹੋਏ ਵਧੀਕ ਸੌਲਿਸਟਰ ਜਨਰਲ ਪਿੰਕੀ ਆਨੰਦ ਨੇ ਕਿਹਾ ਕਿ ਸੀਬੀਆਈ ਕੇਸਾਂ ਦੀ ਘੋਖ ਕਰ ਰਹੀ ਹੈ ਅਤੇ ਜਾਂਚ ਏਜੰਸੀ ਨੂੰ ਅਪੀਲ 'ਚ ਧਿਰ ਬਣਾਉਣ ਦੀ ਲੋੜ ਹੈ। ਬੈਂਚ ਨੇ ਕਿਹਾ ਕਿ ਜਾਂਚ ਏਜੰਸੀ ਨੂੰ ਕੇਸ 'ਚ ਧਿਰ ਬਣਨ ਦੀ ਅਰਜ਼ੀ ਦਾਖ਼ਲ ਕਰਨ ਦਿਉ। ਕਤਲੇਆਮ ਦੇ ਪੀੜਤਾਂ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਐਚ ਐਸ ਫੂਲਕਾ ਨੇ ਕਿਹਾ ਕਿ ਸਾਰੇ ਪੰਜ ਕੇਸਾਂ 'ਚ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਜਦਕਿ ਅਹਿਮ ਸਰਕਾਰੀ ਗਵਾਹਾਂ ਨੂੰ ਪੇਸ਼ ਕਰਨ ਅਤੇ ਗਵਾਹੀ ਦੇਣ ਲਈ ਉਨ੍ਹਾਂ ਦੀ ਪੇਸ਼ੀ ਦੀਆਂ ਕੋਸ਼ਿਸ਼ਾਂ ਨੂੰ ਯਕੀਨੀ ਨਹੀਂ ਬਣਾਇਆ ਗਿਆ।

## ਮਨੁੱਖੀ ਅਧਿਕਾਰ ਕਮਿਸ਼ਨ ਹੁਣ ਵਟਸਐਪ ਰਾਹੀਂ ਭੇਜੀਆਂ ਸ਼ਿਕਾਇਤਾਂ ਉੱਤੇ ਵੀ ਕਰਿਆ ਕਰੇਗਾ ਗੌਰ

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਲੋਕਾਂ ਦੀ ਸਹੂਲਤ ਲਈ ਵਟਸਐਪ 'ਤੇ ਅਰਜ਼ੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ। ਨਵੀਆਂ ਸ਼ਿਕਾਇਤਾਂ ਵਟਸਐਪ ਨੰਬਰ 9855475547 'ਤੇ ਭੇਜੀਆਂ ਜਾ ਸਕਦੀਆਂ ਹਨ। ਕਮਿਸ਼ਨ ਵੱਲੋਂ ਵਟਸਐਪ 'ਤੇ ਦਰਖ਼ਾਸਤਾਂ ਲੈਣ ਦਾ ਮਕਸਦ ਕੇਸਾਂ ਦੇ ਨਿਪਟਾਰੇ ਵਿੱਚ ਤੇਜ਼ੀ ਲਿਆਉਣਾ ਹੈ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇਸ਼ ਦਾ ਪਹਿਲਾ ਕਮਿਸ਼ਨ ਹੈ, ਜਿਸ ਨੇ ਵਟਸਐਪ 'ਤੇ ਸ਼ਿਕਾਇਤਾਂ ਲੈਣੀਆਂ ਸ਼ੁਰੂ ਕੀਤੀਆਂ ਹਨ।
ਮਨੁੱਖੀ ਅਧਿਕਾਰ ਕਮਿਸ਼ਨ 1997 ਵਿੱਚ ਹੋਂਦ 'ਚ ਆਇਆ ਸੀ ਤੇ ਹੁਣ ਤੱਕ ਸੁਣਵਾਈ ਲਈ 2 ਲੱਖ 57 ਹਜ਼ਾਰ ਸ਼ਿਕਾਇਤਾਂ ਮਿਲ ਚੁੱਕੀਆਂ ਹਨ। ਕਮਿਸ਼ਨ ਦੇ ਹੋਂਦ ਵਿੱਚ ਆਉਣ ਦੇ ਦੋ ਸਾਲ ਬਾਅਦ ਹੀ ਪ੍ਰਾਪਤ ਦਰਖ਼ਾਸਤਾਂ ਦੀ ਗਿਣਤੀ ਕਈ ਗੁਣਾ ਵਧ ਗਈ ਸੀ। 2012 ਤੋਂ 2016 ਤੱਕ ਕਮਿਸ਼ਨ ਨੂੰ ਸਤਾਰਾਂ ਹਜ਼ਾਰ ਦੇ ਕਰੀਬ ਸਾਲਾਨਾ ਦਰਖ਼ਾਸਤਾਂ ਮਿਲਦੀਆਂ ਰਹੀਆਂ ਹਨ। ਪਿਛਲੇ ਸਾਲ ਇਹ ਗਿਣਤੀ ਘਟ ਕੇ ਦਸ ਹਜ਼ਾਰ ਤੋਂ ਵੀ ਹੇਠਾਂ ਰਹਿ ਗਈ ਸੀ। ਇਸ ਦਾ ਕਾਰਨ ਕਮਿਸ਼ਨ ਵਿੱਚ ਚੇਅਰਪਰਸਨ ਸਮੇਤ ਦੂਜੇ ਮੈਂਬਰਾਂ ਦੀਆਂ ਖਾਲੀ ਅਸਾਮੀਆਂ ਦੱਸਿਆ ਜਾ ਰਿਹਾ ਹੈ। ਕਮਿਸ਼ਨ ਨੇ 14 ਸਾਲ ਪਹਿਲਾਂ ਆਨਲਾਈਨ ਦਰਖ਼ਾਸਤਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਹੁਣ ਵਟਸਐਪ ਰਾਹੀਂ ਸ਼ਿਕਾਇਤਾਂ ਪ੍ਰਾਪਤ ਕੀਤੀਆਂ ਜਾਣ ਲੱਗੀਆਂ ਹਨ। ਕਮਿਸ਼ਨ ਨੇ

**ਬਾਕੀ ਸਫ਼ਾ 29 'ਤੇ**

### ਦੋਸ਼ੀਆਂ ਨੂੰ ਸਜ਼ਾ ਮਿਲੀ ਹੁੰਦੀ ਤਾਂ ਮੁਲਕ 'ਚ ਹੋਰਨੀਂ ਥਾਈਂ ਅਜਿਹੀਆਂ ਹਿੰਸਕ ਵਾਰਦਾਤਾਂ ਨਾ ਹੁੰਦੀਆਂ : ਹਾਈ ਕੋਰਟ

ਹਾਈ ਕੋਰਟ ਨੇ ਕਿਹਾ ਸੀ ਕਿ ਸ਼ਿਕਾਇਤਾਂ ਤੋਂ ਮਾਨਵਤਾ ਖ਼ਿਲਾਫ਼ ਖ਼ੌਫ਼ਨਾਕ ਜ਼ੁਲਮਾਂ ਦਾ ਖ਼ੁਲਾਸਾ ਹੋਇਆ ਜਿਨ੍ਹਾਂ ਤੋਂ ਸੰਕੇਤ ਮਿਲਦਾ ਹੈ ਕਿ ਇਕ ਭਾਈਚਾਰੇ ਦੇ ਮਰਦਾਂ ਨੂੰ ਚੁਣ-ਚੁਣ ਕੇ ਖ਼ਤਮ ਕੀਤਾ ਗਿਆ। ਇਥੋਂ ਸਾਬਿਤ ਹੁੰਦਾ ਹੈ ਕਿ ਇਹ ਆਮ ਜੁਰਮ ਜਾਂ ਸਾਧਾਰਨ ਕਤਲ ਨਹੀਂ ਸਨ। ਵਿਅਕਤੀਗਤ ਕੇਸ ਵਜੋਂ ਲਏ ਜਾਣ ਕਰਕੇ ਜਿਥੇ ਦੋਸ਼ੀ ਆਜ਼ਾਦ ਹੋ ਗਏ ਉਥੇ ਇੰਜ ਜਾਪਦਾ ਹੈ ਕਿ ਪੁਲੀਸ, ਫਰਿਆਦੀ ਅਤੇ ਅਦਾਲਤਾਂ ਨੇ ਪੀੜਤਾਂ ਖਾਸ ਕਰਕੇ ਸਮਾਜ ਨੂੰ ਨਾਕਾਮ ਕਰ ਦਿੱਤਾ। ਹਾਈ ਕੋਰਟ ਨੇ ਕਿਹਾ ਕਿ ਜੇਕਰ 1984 ਦੇ ਦੋਸ਼ੀਆਂ ਨੂੰ ਸਜ਼ਾ ਮਿਲ ਗਈ ਹੁੰਦੀ ਤਾਂ ਮੁਲਕ 'ਚ ਅਜਿਹੇ ਘਿਨਾਉਣੇ ਜੁਰਮ ਨਹੀਂ ਹੋਣੇ ਸਨ। ਅਦਾਲਤ ਨੇ ਕਿਹਾ ਕਿ ਜੇਕਰ ਹੁਣ ਵੀ ਅਸੀਂ ਕੋਈ ਕਾਰਵਾਈ ਕਰਨ 'ਚ ਨਾਕਾਮ ਰਹੇ ਤਾਂ ਅਸੀਂ ਆਪਣਾ ਸੰਵਿਧਾਨਕ ਫਰਜ਼ ਅਤੇ ਨਿਆਂਇਕ ਕਾਰਜ ਕਰਨ 'ਚ ਬੁਰੀ ਤਰ੍ਹਾਂ ਨਾਕਾਮ ਰਹਾਂਗੇ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
AMRITSAR TIMES
24 ਜਨਵਰੀ 2018 ਤੋਂ 30 ਜਨਵਰੀ 2018

# ਰਾਜੇ ਨੂੰ ਕੌਣ ਕਹੇਗਾ... ਰਾਜੇ ਭਲਾਂ ਕਦ ਸੁਣਦੇ ਨੇ !

## ਪੰਜਾਬ ਦੇ ਲੋਕਾਂ ਨੇ ਨਹੀਂ ਸੀ ਚਾਹੀ ਅਜਿਹੇ ਕੈਪਟਨ ਸਰਕਾਰ

ਅਜੇ ਤਾਂ ਇੱਕ ਸਾਲ ਵੀ ਪੂਰਾ ਨਹੀਂ ਹੋਇਆ... ਪਿਛਲੇ ਸਾਲ ਫਰਵਰੀ ਮਹੀਨੇ ਪਈਆਂ ਵੋਟਾਂ ਦੀ ਮਾਰਚ ਮਹੀਨੇ ਦੌਰਾਨ ਹੋਈ ਗਿਣਤੀ ਬਾਅਦ ਦੂਜੀ ਵਾਰ ਮੁੱਖ ਮੰਤਰੀ ਬਣੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਹੇਠ ਪੰਜਾਬ ਦੇ ਲੋਕਾਂ ਦਾ ਰੱਬ ਹੀ ਰਾਖਾ। ਸ੍ਰੋਮਣੀ ਅਕਾਲੀ ਦਲ (ਬਾਦਲ) ਦੀ ਅਗਵਾਈ ਹੇਠਲੀ ਭਾਰਤੀ ਜਨਤਾ ਭਾਰਤੀ ਦੀ ਭਾਈਵਾਲੀ ਵਾਲੀ ਸਰਕਾਰ ਦੇ ਲਗਾਤਾਰ 10 ਸਾਲਾਂ ਦੇ ਕੁਸ਼ਾਸਨ ਦੇ ਸਤਾਏ ਲੋਕਾਂ ਨੇ ਜਿਹੜੇ ਕੈਪਟਨ ਉੱਤੇ ਆਸਾਂ ਲਾ ਕੇ ਕਾਂਗਰਸ ਪਾਰਟੀ ਨੂੰ ਬਹੁਮਤ ਦਿੱਤਾ ਸੀ, ਉਹ ਅਮਰਿੰਦਰ ਸਿੰਘ ਦੇ ਰਾਜਾਸ਼ਾਹੀ ਪਿਛੋਕੜ ਦੇ ਭਾਰੂ ਹੋਣ ਕਾਰਨ ਉਸਦੀ ਪਿਛਲੇ 11 ਮਹੀਨਿਆਂ ਦੀ ਕਾਰ-ਗੁਜ਼ਾਰੀ ਤੋਂ ਹੈਰਾਨ ਪ੍ਰੇਸ਼ਾਨ ਹਨ। ਬੇਸ਼ੱਕ ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਬਾਦਲ ਪਿਓ-ਪੁੱਤ ਵਲੋਂ ਸਰਕਾਰੀ ਪੈਸੇ ਦੀ ਦੁਰਵਰਤੋਂ ਅਤੇ ਉਨ੍ਹਾਂ ਦੇ ਕੁਨਬੇ ਸਮੇਤ ਹਰ ਛੋਟੇ ਵੱਡੇ ਅਕਾਲੀ ਨੂੰ ਪੰਜਾਬ ਦੀ ਆਰਥਿਕ ਲੁੱਟ ਕਰਨ ਦੀ ਖੁਲ੍ਹੀ ਛੁੱਟੀ ਦਿੱਤੇ ਜਾਣ ਦੇ ਸਿੱਟੇ ਵਜੋਂ ਕੈਪਟਨ ਸਰਕਾਰ ਦੇ ਹੱਥ ਭਾਂ-ਭਾਂ ਕਰਦਾ ਖਜ਼ਾਨਾ ਲੱਗਣ ਕਾਰਨ ਹਾਲਤ ਬੇਹੱਦ ਮਾੜੇ ਕਹੇ ਜਾ ਸਕਦੇ ਹਨ। ਅਜਿਹੀ ਸਥਿੱਤੀ ਵਿੱਚ ਪੰਜਾਬ ਦੇ ਲੋਕਾਂ ਖ਼ਾਸ ਕਰ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਰਨਾ ਇੰਨਾ ਸੁਖ਼ਾਲਾ ਨਹੀਂ। ਜਿਸ ਸਰਕਾਰ ਕੋਲ ਅਪਣੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਲਈ ਵੀ ਧੇਲਾ ਨਾ ਹੋਵੇ, ਉਸ ਲਈ ਪਿਛਲੇ ਵਿਕਾਸ ਕਾਰਜ ਪੂਰੇ ਕਰਨੇ ਤੇ ਨਵੇਂ ਸ਼ੁਰੂ ਕਰਨੇ ਬਹੁਤ ਮਸ਼ਕਲ ਹੋਣੇ ਹੀ ਸਨ। ਅਜਿਹੇ ਹਾਲਤ ਵਿੱਚ ਸਿਆਣੇ ਪ੍ਰਸ਼ਾਸ਼ਕ ਦੀ ਨੈਤਿਕ ਜਿੰਮੇਵਾਰੀ ਬਣਦੀ ਹੈ ਕਿ ਉਹ ਸਭ ਤੋਂ ਪਹਿਲਾਂ ਅਪਣੇ ਨਿੱਜੀ ਖ਼ਰਚਿਆਂ ਪ੍ਰਤੀ ਸੰਜਮੀ ਪਹੁੰਚ ਅਪਣਾਏ। ਉਸਤੋਂ ਬਾਅਦ ਹੀ ਉਹ ਅਪਣੇ ਸਹਿਯੋਗੀਆਂ ਅਤੇ ਹੋਰਨਾਂ ਨੂੰ ਫਜ਼ੂਲ ਖ਼ਰਚਿਆਂ ਤੋਂ ਵਰਜ਼ ਸਕਣ ਦਾ ਹੱਕਦਾਰ ਬਣਦਾ ਹੈ। ਪਿਛਲੇ ਕਈ ਦਹਾਕਿਆਂ ਤੋਂ ਦੀਵਾਲੀਆ ਹੋਈ ਚਲੀ ਆ ਰਹੀ ਪੰਜਾਬ ਸਰਕਾਰ ਨੂੰ ਪੈਰਾਂ ਸਿਰ ਕਰਨ ਲਈ ਜਿਸ ਦੂਰਅੰਦੇਸ਼, ਨਿਮਰ, ਸੱਚੇ-ਸੁੱਚੇ, ਦ੍ਰਿੜ ਇਰਾਦਿਆਂ ਅਤੇ ਕੁਰਬਾਨੀ ਦੇ ਜ਼ਜ਼ਬੇ ਵਾਲੇ ਸ਼ਾਸ਼ਕ ਦੀ ਲੋੜ ਸੀ, ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਮੁਖ ਮੰਤਰੀ ਵਜੋਂ ਪਿਛਲੇ ਤਜਰਬੇ ਕਾਰਨ ਕਿਸੇ ਹੱਦ ਅਜਿਹੇ ਸਖ਼ਸ ਦਾ ਧੁੰਦਲਾ ਜਿਹਾ ਅਕਸ ਰੱਖਣ ਵਾਲਾ ਪਟਿਆਲਾ ਦੇ ਸ਼ਾਹੀ ਘਰਾਣੇ ਦਾ ਆਖ਼ਰੀ ਮਹਾਰਾਜਾ ਇਸ ਵਾਰ ਅਜਿਹੀਆਂ ਖ਼ੂਬੀਆਂ ਦੇ ਨੇੜ੍ਹੇ ਤੇੜੇ ਵੀ ਨਜ਼ਰ ਨਹੀਂ ਆ ਰਿਹਾ। ਮੁੱਖ ਮੰਤਰੀ ਵਜੋਂ ਸਹੁੰ ਚੁਕਣ ਬਾਅਦ ਅਮਰਿੰਦਰ ਸਿੰਘ ਨੇ ਦਰਬਾਰੀਆਂ ਦੀ ਫੌਜ ਕਾਇਮ ਕਰਕੇ ਅਪਣੇ ਅਹਿਲਕਾਰਾਂ ਦੀਆਂ ਤਨਖਾਹਾਂ ਤੇ ਭੱਤਿਆਂ ਉੱਤੇ ਪੰਜਾਬ ਦੇ ਸਰਕਾਰੀ ਖਜ਼ਾਨੇ ਨੂੰ ਜਿਸ ਕਦਰ ਦੋਹੀਂ ਹੱਥੀਂ ਉਡਾਉਣਾ ਸ਼ੁਰੂ ਕੀਤਾ ਉਹ ਬਾਦਲਾਂ ਦੇ ਰਾਜ ਨੂੰ ਮਾਤ ਪਾਉਣ ਵਾਲੀ ਕਾਰਵਾਈ ਨਹੀਂ ਤਾਂ ਹੋਰ ਕੀ ਕਿਹਾ ਜਾਵੇਗਾ। ਹੈਰਾਨੀ ਤਾਂ ਇਸ ਗੱਲ ਦੀ ਕਿ ਕੈਪਟਨ ਦੇ ਸਲਾਹਕਾਰਾਂ ਦੇ ਟੋਲੇ ਖ਼ਾਸ ਕਰ ਨਿੱਜੀ ਸੂਬੇਦਾਰਾਂ ਵਿਚੋਂ ਕਿਸੇ ਕੋਲ ਵੀ ਨਾ ਤਾਂ ਪੰਜਾਬ ਦੀ ਉਲਝੀ ਤਾਣੀ ਨੂੰ ਸੁਲਝਾਉਣ ਦੀ ਸਮਝ ਹੈ, ਨਾ ਯੋਗਤਾ ਤੇ ਨਾ ਹੀ ਨੀਅਤ। ਸਲਾਹਕਾਰ ਹਮੇਸ਼ਾਂ ਲੋਕਾਂ ਤੇ ਪ੍ਰਸ਼ਾਸ਼ਕ ਵਿਚਾਲੇ ਪੁਲ ਬਣਦਿਆਂ ਇੱਕ ਦੂਜੇ ਨੂੰ ਜੋੜਣ ਵਾਲੀ ਕੜੀ ਦਾ ਕੰਮ ਕਰਦੇ ਹਨ। ਜਰੂਰੀ ਹੈ ਕਿ ਅਜਿਹੇ ਬੰਦੇ ਲੋਕਾਂ ਵਿਚੋਂ ਹੋਣ ਤੇ ਲੋਕਾਂ ਦਾ ਦਰਦ ਜਾਣਨ ਦੇ ਨਾਲ ਨਾਲ ਲੋਕ ਮਸਲਿਆਂ ਦੀ ਸਮਝ ਅਤੇ ਉਨ੍ਹਾਂ ਪ੍ਰਤੀ ਈਮਾਨਦਾਰੀ ਵਾਲੀ ਪਹੁੰਚ ਰਖਦੇ ਹੋਣ। ਸਲਾਹਕਾਰਾਂ ਰਾਹੀਂ ਹੀ ਉਹ ਪੱਖ ਜਾਣਨੇ/ਸਮਝਣੇ ਹੁੰਦੇ ਹਨ ਜਿਹੜੇ ਸਿੱਧੀ ਤਰ੍ਹਾਂ ਕਿਸੇ ਸ਼ਾਸ਼ਕ ਕੋਲ ਪੁਜਦੇ ਜਾਂ ਪੁੱਜਣ ਨਹੀਂ ਦਿੱਤੇ ਜਾਂਦੇ। ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰਾਂ ਦੀ ਜੁੰਡਲੀ ਉਸਦਾ ਅਕਸ ਸੁਧਾਰਨ ਦੀ ਬਜਾਏ ਅਪਣਾ ਭਵਿੱਖ ਸੰਵਾਰਨ ਤੋਂ ਬਿਨਾਂ ਕੁਝ ਕਰਦੀ ਨਜ਼ਰ ਨਹੀਂ ਆਉਂਦੀ। ਇਸਦੇ ਸਿੱਟੇ ਵਜੋਂ ਕਿਸਾਨ ਕਰਜ਼ਿਆਂ ਸਬੰਧੀ ਕੈਪਟਨ ਸਰਕਾਰ ਦਾ ਸਮੁੱਚਾ ਰਵੱਈਆ ਬਹੁਤ ਹੀ ਨਿਰਾਸ਼ਾਜਨਕ ਅਤੇ ਬੇਸਿਰ ਪੈਰ ਸਿੱਧ ਹੋ ਰਿਹਾ ਹੈ। ਮੌਜੂਦ ਸਥਿੱਤੀ ਵਿੱਚ ਗੰਭੀਰ ਆਰਥਿਕ ਔਕੜਾਂ ਦੇ ਹੁੰਦਿਆਂ ਜੇ ਨਿਸਚੇ ਹੀ ਅਮਰਿੰਦਰ ਸਿੰਘ ਨੂੰ ਸਾਰੇ ਕਿਸਾਨੀ ਕਰਜ਼ੇ ਮਾਫ਼ ਕਰਨ ਦੇ ਅਪਣੇ ਨਿੱਜੀ ਵਾਅਦੇ ਅਤੇ ਕਾਂਗਰਸ ਦੇ ਚੋਣ ਮੈਨੀਫੈਸਟੋ ਵਿਚਲੇ ਅਹਿਮ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ 'ਚ ਮੁਸ਼ਕਲਾਂ ਹਨ ਤਾਂ ਕੈਪਟਨ ਨੂੰ ਚਾਹੀਦਾ ਸੀ ਕਿ ਜਿੰਨਾਂ ਲੋਕਾਂ ਦੀ ਕਚਹਿਰੀ ਵਿੱਚ ਉਸਨੇ ਇਹ ਵਾਅਦੇ ਕੀਤੇ ਸਨ ਉਨ੍ਹਾਂ ਦੇ ਸਨਮੁੱਖ ਪੇਸ਼ ਹੋ ਕੇ ਦਸਦਾ ਕਿ ਉਸਨੇ ਸਰਕਾਰ ਦੀ ਮਾਲੀ ਹਾਲਤ ਸੁਧਾਰਨ ਲਈ ਅੱਜ ਤੱਕ ਕਿਹੜੇ ਕਦਮ ਚੁੱਕੇ ਹਨ ਤੇ ਭਵਿੱਖ ਵਿੱਚ ਚੁਕਣ ਦਾ ਨਿਸ਼ਾਨਾ ਹੈ।

ਜਿੱਥੋਂ ਤੱਕ ਪੰਜਾਬ ਦੀ ਜਵਾਨੀ ਨੂੰ ਘਾਣ ਹੋਣ ਤੋਂ ਬਚਾਉਣ ਲਈ ਨਸ਼ਿਆਂ ਦੇ ਖਾਤਮੇ ਲਈ ਸਹੁੰ ਚੁਕਣ ਦਾ ਸਵਾਲ ਹੈ, ਲੋਕਾਂ ਦੇ ਕੁਝ ਪਿੜ-ਪੱਲੇ ਨਹੀਂ ਪੈ ਰਿਹਾ ਕਿ ਕੈਪਟਨ ਸਰਕਾਰ ਵਲੋਂ ਬਣਾਈ ਵਿਸ਼ੇਸ਼ ਜਾਂਚ ਕਮੇਟੀ ਕਿੱਥੇ ਤੇ ਕਿਉਂ ਗੁੰਮ ਹੋ ਗਈ ਹੈ।

ਕਾਂਗਰਸੀ ਵਜ਼ਾਰਤ ਵਿੱਚ ਕੈਪਟਨ ਦੇ ਸਭ ਤੋਂ ਲਾਡਲੇ ਕਰੋੜਾਂ ਰੁਪਏ ਦੇ ਕਾਰੋਬਾਰ ਤੇ ਖੰਡ ਮਿਲਾਂ ਦੇ ਮਾਲਕ ਰਾਣਾ ਗੁਰਜੀਤ ਸਿੰਘ ਦਾ ਰੇਤੇ ਦੀਆਂ ਖੱਡਾਂ 'ਚ ਝੂਠ ਬੋਲਣਾ ਸਾਹਮਣੇ ਆਉਣ ਬਾਅਦ ਉਸ ਵਲੋਂ ਬੇਸ਼ਰਮੀ ਨਾਲ ਵਜ਼ੀਰੀ ਨੂੰ ਚਿੰਬੜੇ ਰਹਿਣ ਦੇ ਮਾਮਲੇ 'ਚ ਕੈਪਟਨ ਦੀ ਜਿਹੜੀ ਖੇਹ ਹੋਈ ਹੈ ਉਹ ਉਸ ਤੋਂ ਬਚ ਸਕਦਾ ਸੀ। ਪਰ ਨਿੱਜੀ ਹਿੱਤਾਂ ਕਾਰਨ ਅਮਰਿੰਦਰ ਸਿੰਘ ਜਿਹੜੀ ਕਾਰਵਾਈ ਕਰਨੋਂ ਟਾਲਾ ਵਟਦਾ ਰਿਹਾ ਰਾਹੁਲ ਗਾਂਧੀ ਦੀ ਘੁਰਕੀ ਬਾਅਦ ਅਸਤੀਫ਼ਾ ਮਨਜ਼ੂਰ ਕਰਨ ਨੇ ਉਸਦੀ ਹੋਰ ਹੇਠੀ ਕਰਵਾਈ। ਪੰਜਾਬ ਵਿਧਾਨ ਸਭਾ ਦੀ 2017 ਦੀ ਚੋਣ ਦੌਰਾਨ ਪੰਜਾਬ 'ਚ ਚਾਹੁੰਦਾ ਹੈ ਪੰਜਾਬ, ਕੈਪਟਨ ਦੀ ਸਰਕਾਰ ਦੇ ਥਾਂ ਥਾਂ ਵੇਖਣ ਨੂੰ ਮਿਲਦੇ ਇਸ਼ਤਿਹਾਰ ਦੇ ਰੰਗ ਤੇ ਚੋਣ ਪ੍ਰਚਾਰ ਦੌਰਾਨ ਗੂੰਜਦੇ ਨਾਅਰਿਆਂ ਦੀ ਗੂੰਜ ਭਾਵੇਂ ਫਿਕੀ ਪੈਣੀ ਸੁਭਾਵਕ ਸੀ ਪਰ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨ ਅਤੇ ਪੰਜਾਬ ਵਿਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਬਾਰੇ ਕੈਪਟਨ ਵਲੋਂ ਕੀਤੇ ਵਾਅਦੇ ਅਸਲ ਵਿੱਚ ਬਾਦਲਾਂ ਵਲੋਂ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਵਾਲੇ ਦਮਗਜਿਆਂ ਤੋਂ ਵੱਧ ਕੁਝ ਨਹੀਂ ਜਾਪਦੇ।

ਸਰਕਾਰ ਦੀ ਬੇਹੱਦ ਢਿਲੀ ਕਾਰਗੁਜ਼ਾਰੀ, ਪਹਿਲਾਂ ਹੀ ਬਦਨਾਮ ਰਹੇ ਸਲਾਹਕਾਰਾਂ ਦੇ ਬਾਦਲਾਂ ਨਾਲ ਰਲੇ ਹੋਣ, ਮਨਮਰਜ਼ੀਆਂ ਪੁਗਉਣ ਲਈ ਖੁਲ੍ਹੀਆਂ ਲਗਾਮਾਂ, ਉਲਟਾ ਕੈਪਟਨ ਨੂੰ ਗਲਤ ਤੇ ਪੁਠੀਆਂ ਸਲਾਹਾਂ ਦੇਣ ਦੌਰਾਨ ਕਾਂਗਰਸ ਪਾਰਟੀ ਖ਼ਾਸ ਕਰ ਵਿਧਾਇਕਾਂ ਵਿੱਚ ਦਿਨੋਂ ਦਿਨ ਵੱਧ ਰਿਹਾ ਵਿਰੋਧ ਜੇ ਕੈਪਟਨ ਨੇ ਨਾ ਸਮਝਿਆ ਤੇ ਸੁਲਝਾਇਆ ਤਾਂ ਉਸਨੂੰ ਮੁੱਖ ਮੰਤਰੀ ਦੀ ਕੁਰਸੀ ਅੱਧ ਵਿਚਾਲਿਓਂ ਖੁਸਣ ਤੋਂ ਬਚਾਉਣੀ ਔਖੀ ਹੋ ਜਾਵੇਗੀ। ਪਰ ਰਾਜੇ ਨੂੰ ਅਜਿਹਾ ਕਹਿਣ ਲਈ ਕੌਣ ਅੱਗੇ ਆਏਗਾ... ਤੇ ਰਾਜੇ ਕਿਸੇ ਦੀ ਕਦ ਸੁਣਦੇ ਹਨ...।

# ਬਣਾਉਟੀ ਬੁੱਧੀ, ਮਨੁੱਖਤਾ ਅਤੇ ਅੱਜ ਦਾ ਸੰਸਾਰ

**ਅੱਜ ਫਿਰ ਅਸਮਾਨ ਵਿੱਚ ਜੰਗ ਦੇ ਬੱਦਲਾਂ ਦੀ ਗਹਿਰ ਹੈ। ਮੱਧ ਪੂਰਬ ਦੇ ਸੱਤ ਮੁਲਕ ਤਾਂ ਪਹਿਲਾਂ ਹੀ ਆਪਸੀ ਟਕਰਾਓ ਵਿੱਚ ਝੁਲਸ ਰਹੇ ਹਨ। ਇਨ੍ਹਾਂ ਵਿੱਚ ਟਿਊਨੀਸ਼ੀਆ, ਮਿਸਰ, ਲਿਬੀਆ, ਸੀਰੀਆ, ਬਹਿਰੀਨ, ਲਿਬਨਾਨ ਤੇ ਜੌਰਡਨ ਸ਼ਾਮਲ ਹਨ। ਸੀਰੀਆ ਦੇ ਅੰਦਰੂਨੀ ਟਕਰਾਓ ਵਿੱਚ ਤਾਂ ਰਸਾਇਣਿਕ ਹਥਿਆਰਾਂ ਦਾ ਅੰਸ਼ਕ ਇਸਤੇਮਾਲ ਵੀ ਹੋ ਚੁੱਕਾ ਹੈ। ਪਰਮਾਣੂ ਹਥਿਆਰਾਂ ਨਾਲ ਲੈਸ ਸੰਸਾਰ ਦੀਆਂ ਵੱਡੀਆਂ ਤਾਕਤਾਂ ਦੇ ਮੁਖੀ, ਹਰ ਵੇਲੇ ਆਪਣੇ ਨਾਲ ਪਰਮਾਣੂ ਬੰਬਾਂ ਦੇ ਬਟਨਾਂ ਦਾ ਸੂਟਕੇਸ ਚੁੱਕੀ ਫਿਰਦੇ ਹਨ। ਪਲਾਂ ਵਿੱਚ ਹੀ ਮਨੁੱਖ ਦੀ ਈਜਾਦ ਕੀਤੀ ਬਣਾਉਟੀ ਬੁੱਧੀ ਦਾ ਜ਼ਹੂਰ, ਪੂਰੇ ਸੰਸਾਰ ਨੂੰ ਅੱਗ ਦੇ ਗੋਲ਼ੇ ਵਿੱਚ ਤਬਦੀਲ ਕਰ ਦੇਵੇਗਾ। ਅਜਿਹੀ ਤਬਾਹੀ ਦੀ ਪਰਲੋ ਅੱਗੇ ਮਨੁੱਖ ਦੀ ਸਿਆਣਪ ਬੇਵੱਸ ਹੋਵੇਗੀ, ਬਣਾਉਟੀ ਮਸ਼ੀਨੀ ਬੁੱਧੀ ਦਾ ਜ਼ਹੂਰ ਸਿਰ ਚੜ੍ਹ ਕੇ ਬੋਲ ਰਿਹਾ ਹੋਵੇਗਾ, ਇਹ ਮਨੁੱਖੀ ਦਿਮਾਗ ਤੇ ਬੁੱਧੀ ਦੇ ਸਾਰੇ ਕੰਟਰੋਲਾਂ ਤੋਂ ਬਾਗੀ ਹੋ ਜਾਣ ਦੀ ਅਵਸਥਾ ਹੋਵੇਗੀ।**

**ਬੀਰ ਦਵਿੰਦਰ ਸਿੰਘ***
(ਸੰਪਰਕ: 98140-33362)

ਵਿਗਿਆਨਕ ਅਧਿਐਨਾਂ ਤੇ ਮਨੁੱਖੀ ਸੂਝ ਦੀ ਦਿਮਾਗੀ ਘਾਲਣਾ ਨੇ ਮਨੁੱਖ ਵਾਂਗ ਸੋਚ ਸਕਣ ਤੇ ਹਾਲਾਤ ਮੁਤਾਬਿਕ ਆਪਣੇ ਫੈਸਲੇ ਆਪ



ਕਰ ਸਕਣ ਵਾਲੀਆਂ, ਕੰਪਿਊਟਰ ਆਧਾਰਿਤ ਅਜਿਹੀਆਂ ਬਿਜਲਈ ਮਸ਼ੀਨਾਂ ਤਿਆਰ ਕਰ ਲਈਆਂ ਹਨ ਜੋ ਅੰਕੜਿਆਂ ਅਤੇ ਸੂਚਨਾਵਾਂ ਦੇ ਆਧਾਰ 'ਤੇ, ਬਣਾਉਟੀ ਬੁੱਧੀ ਰਾਹੀਂ ਵੱਖ ਵੱਖ ਪ੍ਰਕਾਰ ਦੇ ਕਾਰਜ ਕਰ ਸਕਦੀਆਂ ਹਨ। ਮਨੁੱਖ ਦੀ ਸੂਝ ਨੇ ਅਜਿਹੀ ਬਣਾਉਟੀ ਬੁੱਧੀ ਦੀ ਖੋਜ ਕਰ ਲਈ ਹੈ ਜੋ ਮਨੁੱਖੀ ਪਹਿਰੇ ਤੋਂ ਬਿਨਾਂ ਹੀ ਅਜਿਹੇ ਅਲੌਕਿਕ ਕਾਰਜ ਕਰ ਵਿਖਾਉਂਦੀ ਹੈ, ਜਿਸ ਦੇ ਨਤੀਜੇ ਅਤੇ ਪ੍ਰਭਾਵ ਦੇਖ ਕੇ ਮਨੁੱਖ ਖੁਦ ਵੀ ਹੈਰਾਨ ਰਹਿ ਜਾਂਦਾ ਹੈ। ਬਣਾਉਟੀ ਮਸ਼ੀਨੀ ਬੁੱਧੀ, ਅਸਲ ਵਿੱਚ ਮਸ਼ੀਨੀ ਬੁੱਧੀ ਦੇ ਸੂਖਮ ਤੇ ਸਮਝਦਾਰ ਰਵੱਈਏ ਦਾ ਹੀ ਨਾਮ ਹੈ ਜੋ ਕਿਸੇ ਹੱਦ ਤੱਕ ਮਨੁੱਖ ਦੀ ਕੁਦਰਤੀ ਸਿਆਣਪ ਤੋਂ ਜ਼ਾਹਰਾ ਤੌਰ 'ਤੇ ਭਿੰਨ ਹੈ।

ਵਿਗਿਆਨਕ ਖੋਜ ਅਤੇ ਤਕਨਾਲੋਜੀ ਦੇ ਅਲੱਗ ਅਲੱਗ ਖੇਤਰਾਂ ਵਿੱਚ ਮਨੁੱਖੀ ਸੂਝ ਨੇ ਹੈਰਾਨ ਕਰ ਦੇਣ ਵਾਲੀਆਂ ਪ੍ਰਾਪਤੀਆਂ ਦੇ ਸਿਖਰਲੇ ਬਿੰਦੂ ਛੂਹ ਲਏ ਹਨ। ਇਨਸਾਨੀ ਸਮਾਜ ਵਿੱਚ ਭਾਵਹੀਣ ਮਨੁੱਖ ਦੀ ਤੁਲਨਾ ਰਾਖਸ਼ਸ਼ ਬੁੱਧੀ ਨਾਲ ਕੀਤੀ ਜਾਂਦੀ ਹੈ। ਬਣਾਉਟੀ ਮਸ਼ੀਨੀ ਬੁੱਧੀ ਭਾਵੇਂ ਆਪਣੇ ਕਾਰਜ ਖੇਤਰ ਵਿੱਚ ਕਿੰਨੀ ਵੀ ਮੁਹਾਰਤ ਕਿਉਂ ਨਾ ਹਾਸਲ ਕਰ ਲਵੇ, ਪਰ ਉਹ ਮਨੁੱਖੀ ਜਜ਼ਬਾਤ ਦੀਆਂ ਤਰੰਗਾਂ ਨਾਲ ਲਬਰੇਜ਼ ਨਹੀਂ ਹੋ ਸਕਦੀ। ਉਸ ਦੀ ਮੁਹਾਰਤ ਵਿੱਚ ਮਨੁੱਖੀ ਅਹਿਸਾਸ ਨਹੀਂ ਭਰੇ ਜਾ ਸਕਦੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਨੁੱਖੀ ਸਮਝ ਨੇ ਬਣਾਉਟੀ ਮਸ਼ੀਨੀ ਬੁੱਧੀ ਨੂੰ ਇਸਤੇਮਾਲ ਕਰਕੇ, ਪੁਲਾੜ ਵਿਗਿਆਨ, ਸਿਹਤ ਵਿਗਿਆਨ ਅਤੇ ਵਿਗਿਆਨ ਦੇ ਹੋਰ ਮਹੀਨ ਖੇਤਰਾਂ ਵਿੱਚ ਵੀ ਵੱਡੀਆਂ, ਨਾਯਾਬ ਪ੍ਰਾਪਤੀਆਂ ਕਰ ਲਈਆਂ ਹਨ। ਖੇਤਰੀ ਸੁਰੱਖਿਆ ਲਈ ਅਜਿਹੇ ਮਾਰੂ ਹਥਿਆਰ ਤਿਆਰ ਕਰ ਲਏ ਹਨ, ਜੋ ਸਵੈ ਰੱਖਿਆ ਦੇ ਮਨਸ਼ੇ ਨਾਲ, ਦੁਸ਼ਮਣਾਂ ਦੇ ਟਿਕਾਣਿਆਂ ਵੱਲ ਸੇਧਿਤ ਹਮਲੇ ਕਰਨ ਅਤੇ ਉਨ੍ਹਾਂ ਨੂੰ ਮੁਕੰਮਲ ਤੌਰ 'ਤੇ ਬਰਬਾਦ ਕਰਨ ਦੀ ਸਮਰੱਥਾ ਰੱਖਦੇ ਹਨ। ਮਨੁੱਖੀ ਦਿਮਾਗ ਨੇ ਬਣਾਉਟੀ ਮਸ਼ੀਨੀ ਬੁੱਧੀ ਦੀ ਵਰਤੋਂ ਕਰਕੇ, ਸਮੁੰਦਰ ਦੀ ਸਤਹਿ ਦੇ ਥੱਲੇ ਚੱਲਣ ਵਾਲੀਆਂ ਅਜਿਹੀਆਂ ਪਣਡੁਬੀਆਂ ਤਿਆਰ ਕਰ ਲਈਆਂ ਹਨ ਜੋ ਪਰਮਾਣੂ ਹਥਿਆਰਾਂ ਨਾਲ ਲੈਸ ਹਨ ਤੇ ਸਮੁੰਦਰ ਦੀ ਸਤਹਿ ਦੇ ਹੇਠੋਂ ਹੀ ਦੁਸ਼ਮਣ ਦੇ ਟਿਕਾਣਿਆਂ 'ਤੇ ਮਾਰ ਕਰ ਸਕਣ ਦੀ ਸਮਰੱਥਾ ਰੱਖਦੀਆਂ ਹਨ।

ਇੰਜ ਹੀ ਪਰਮਾਣੂ ਹਥਿਆਰਾਂ ਦੇ ਖੇਤਰ ਵਿੱਚ ਮਨੁੱਖ ਦੇ ਦਿਮਾਗ ਨੇ ਬਣਾਉਟੀ ਮਸ਼ੀਨੀ ਬੁੱਧੀ ਦੀ ਵਰਤੋਂ ਕਰਕੇ, ਅਜਿਹੇ ਅਸਤਰ-ਯੰਤਰਾਂ ਦੁਆਰਾ ਚੱਲਣ ਵਾਲੇ ਪਰਮਾਣੂ ਅੱਗ ਦੇ ਗੋਲੇ (ਬੈਲਿਸਟਿਕ ਮਿਜ਼ਾਈਲ) ਤਿਆਰ ਕਰ ਲਏ ਹਨ ਜੋ ਕੇਵਲ ਬਟਨ ਦੱਬਣ ਨਾਲ ਹੀ, ਹਜ਼ਾਰਾਂ ਮੀਲ ਦੀ ਦੂਰੀ 'ਤੇ ਦੁਸ਼ਮਣ ਦੇ ਟਿਕਾਣੇ ਬਰਬਾਦ ਕਰ ਸਕਦੇ ਹਨ। ਇਹ ਸਾਰਾ ਕੁੱਝ ਕੰਪਿਊਟਰ ਵਿਗਿਆਨ, ਭੌਤਿਕ ਵਿਗਿਆਨ, ਰਸਾਇਣਿਕ ਵਿਗਿਆਨ ਤੇ ਵਿਗਿਆਨ ਦੀਆਂ ਹੋਰ ਸ਼ਾਖਾਵਾਂ ਦੇ ਸੰਯੁਕਤ ਤੇ ਤਰਤੀਬੀ ਜ਼ਹੂਰ ਦੁਆਰਾ ਅਮਲ ਵਿੱਚ ਲਿਆਂਦਾ ਗਿਆ ਹੈ। ਇਹ ਬੈਲਿਸਟਿਕ ਮਿਜ਼ਾਈਲਾਂ ਪਰਮਾਣੂ ਰਸਾਇਣਕ ਹਥਿਆਰਾਂ ਦੀ ਉਸ ਸ਼੍ਰੇਣੀ ਵਿੱਚ ਆਉਂਦੀਆਂ ਹਨ ਜੋ ਵੱਡੀ ਪੱਧਰ 'ਤੇ ਭਿਆਨਕ ਤਬਾਹੀ ਮਚਾਉਂਦੇ ਹਨ। ਇਹ ਬਿਜਲਈ ਮਸ਼ੀਨਾਂ (ਕੰਪਿਊਟਰ) ਦੀ ਇਮਦਾਦ ਨਾਲ ਇਕੱਠੇ ਕੀਤੇ ਅੰਕੜਿਆਂ, ਸੂਚਨਾਵਾਂ ਅਤੇ ਬਿੰਬਾਂ ਉੱਤੇ, ਮਨੁੱਖ ਦੀ ਦਿਮਾਗੀ ਸ਼ਕਤੀ ਦੀ ਯੋਜਨਾ ਅਨੁਸਾਰ, ਯੋਜਨਾਬੱਧ ਪਹਿਰਾ ਰੱਖਦੇ ਹਨ, ਤੇ ਉਸ ਵੱਲੋਂ ਪਹਿਲਾਂ ਦਿੱਤੀਆਂ ਹਦਾਇਤਾਂ ਅਨੁਸਾਰ, ਸਮੇਂ ਸਿਰ, ਕ੍ਰਮਬੱਧ ਕਾਰਜਾਂ ਉੱਤੇ ਅਮਲ ਕਰਦੇ ਹਨ।

ਵਿਗਿਆਨਕ ਖੋਜ ਰਾਹੀਂ ਮਨੁੱਖ ਨੇ ਅਜਿਹੀਆਂ ਕਾਢਾਂ ਈਜਾਦ ਕਰ ਲਈਆਂ ਹਨ ਜਿਸ ਨੇ ਮਨੁੱਖੀ ਜੀਵਨ ਲਈ ਸੁੱਖ-ਸਾਧਨ ਅਤੇ ਸਹੂਲਤਾਂ ਪੈਦਾ ਕਰ ਦਿੱਤੀਆਂ ਹਨ। ਮੈਡੀਕਲ ਖੋਜ ਰਾਹੀਂ ਅਨੇਕਾਂ ਰੋਗਾਂ ਦੇ ਇਲਾਜ ਲੱਭ ਲਏ ਹਨ। ਦਵਾਈਆਂ ਤਿਆਰ ਕਰਨ ਵਾਲੀਆਂ ਸੰਸਾਰ ਦੀਆਂ ਵੱਡੀਆਂ ਕੰਪਨੀਆਂ ਵੀ, ਔਸ਼ਧੀ ਸ਼ਾਸਤਰ ਦੇ ਨਾਲ ਨਾਲ ਬਣਾਉਟੀ ਮਸ਼ੀਨੀ ਬੁੱਧੀ ਦੇ ਬਲਬੂਤੇ ਨਵੀਨਤਮ ਤਕਨਾਲੋਜੀ ਵਰਤ ਰਹੀਆਂ ਹਨ। ਕੈਂਸਰ ਵਰਗੇ ਭਿਆਨਕ ਰੋਗਾਂ ਦੇ ਇਲਾਜ ਲਈ ਵਰਤੀਆਂ ਜਾਣ ਵਾਲੀਆਂ ਨਿਊਕਲੀ ਦਵਾਈਆਂ ਨੂੰ ਮਨੁੱਖ ਦੇ ਸਰੀਰ ਵਿੱਚ ਉਤਾਰਨ ਲਈ, ਵਿਕਿਰਨ ਵਿਗਿਆਨ ਦੀ ਵਰਤੋਂ ਨਾਲ, ਪ੍ਰਕਾਸ਼ ਤਾਪ ਦੀਆਂ ਤੇਜ਼ ਕਿਰਨਾਂ ਨੂੰ, ਰੋਗੀ ਸਰੀਰ ਦੇ ਪ੍ਰਭਾਵਿਤ ਅੰਗਾਂ ਤੱਕ ਸਿੱਧੀਆਂ ਕੇਂਦਰਿਤ ਕਰਨ ਲਈ ਵੀ ਅਜਿਹੀਆਂ ਆਧੁਨਿਕ ਮਸ਼ੀਨਾਂ ਦਾ ਇਸਤੇਮਾਲ ਹੋ ਰਿਹਾ ਹੈ ਜਿਨ੍ਹਾਂ ਦੀ ਕਮਾਂਡ ਤੇ ਕੰਟਰੋਲ ਨੂੰ ਵੀ ਕੰਪਿਊਟਰ ਸਾਇੰਸ ਹੀ ਕੰਟਰੋਲ ਕਰਦੀ ਹੈ। ਜਿਗਰ ਦੇ ਕੈਂਸਰ ਤੋਂ ਪੀੜਤ ਰੋਗੀ ਦੇ ਜਿਗਰ ਵਿੱਚ ਪ੍ਰਗਟ ਹੋਈਆਂ ਕੈਂਸਰ ਸੈੱਲਾਂ ਦੀਆਂ ਗਿਲ੍ਹਟੀਆਂ ਭਸਮ ਕਰਨ ਲਈ, ਸੰਚਾਰ ਪ੍ਰਣਾਲੀ ਵਿਗਿਆਨ ਦੀ ਉਤਮ ਉਪਜ, ਅਤਿ ਜਟਲ ਯੰਤਰ 'ਸਾਈਬਰ ਨਾਈਫ਼' ਦੀ ਵਰਤੋਂ ਕੀਤੀ ਜਾਂਦੀ ਹੈ।

ਅੱਜ ਸੰਸਾਰ ਦੇ ਵਧੇਰੇ ਸਮਰੱਥ ਮੁਲਕ ਉਹੀ ਮੰਨੇ ਜਾ ਰਹੇ ਹਨ ਜੋ ਆਪਣੇ ਪਾਸ ਪਰਮਾਣੂ ਹਥਿਆਰ ਹੋਣ ਦਾ ਦਾਅਵਾ ਕਰਦੇ ਹਨ, ਪਰ ਕੁੱਝ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਅਸਫਲ ਮੁਲਕ ਵੀ ਹੁਣ ਇਸ ਦੌੜ ਵਿੱਚ ਸ਼ਾਮਲ ਹੋ ਗਏ ਹਨ। ਗੁਆਂਢੀ ਮੁਲਕ ਪਾਕਿਸਤਾਨ ਵੀ ਅਜਿਹਾ ਮੁਲਕ ਹੈ ਜੋ ਪਰਮਾਣੂ ਸਮਰੱਥਾ ਤਾਂ ਰੱਖਦਾ ਹੈ, ਪਰ ਉਸ ਦੀ ਸੁਰੱਖਿਆ ਲਈ ਵਰਤੀ ਜਾਣ ਵਾਲੀ ਚੌਕਸੀ ਤੇ ਸੰਜਮ ਦੇ ਮਹੱਤਵ ਨੂੰ ਸਮਝਣ ਤੋਂ ਅਣਜਾਣ ਹੈ। ਪਰਮਾਣੂ ਹਥਿਆਰ ਈਜਾਦ ਕਰ ਲੈਣ ਤੋਂ ਵੀ ਕਿਤੇ ਵੱਧ ਮੁਸ਼ਕਿਲ ਹੈ ਪਰਮਾਣੂ ਹਥਿਆਰਾਂ ਦੀ ਅਤਿ ਸੰਵੇਦਨਸ਼ੀਲ ਸੁਰੱਖਿਆ। ਪਾਕਿਸਤਾਨ ਦੀ ਪਰਮਾਣੂ ਸਮਰੱਥਾ ਤੋਂ ਤਾਂ ਉਹ ਵੱਡੇ ਸਮਰੱਥ ਮੁਲਕ ਵੀ ਹੁਣ ਪ੍ਰੇਸ਼ਾਨ ਹਨ ਜਿਨ੍ਹਾਂ ਨੇ ਕਿਸੇ ਨਾ ਕਿਸੇ ਸਮੇਂ 'ਤੇ ਪਾਕਿਸਤਾਨ ਦੇ ਪਰਮਾਣੂ ਪ੍ਰੋਗਰਾਮ ਅਤੇ ਯੋਜਨਾਵਾਂ ਉਲੀਕਣ ਵਿੱਚ ਉਸ ਦਾ ਸਾਥ ਦਿੱਤਾ ਹੈ। ਮੁਢਲੇ ਤੌਰ 'ਤੇ ਅਜਿਹੇ ਪੰਜ ਮੁਲਕ ਹਨ ਜਿਨ੍ਹਾਂ ਨੇ 1970 ਵਿੱਚ ਵਿਸ਼ੇਸ਼ ਸੰਧੀ ਦੀ ਬੰਦਸ਼ ਅੰਦਰ ਰਹਿ ਕੇ ਪਰਮਾਣੂ ਯੋਜਨਾਵਾਂ ਬਣਾਈਆਂ, ਜਿਨ੍ਹਾਂ ਅਨੁਸਾਰ ਇੱਕ ਖ਼ਾਸ ਮਾਤਰਾ ਤੋਂ ਵੱਧ ਪਰਮਾਣੂ ਹਥਿਆਰ ਤਿਆਰ ਕਰਨ 'ਤੇ ਸਖਤ ਬੰਦਸ਼ ਹੈ। ਇਸ ਸੰਧੀ ਨੂੰ ਐਨਥਪੀਥਟੀ ਆਖਦੇ ਹਨ। ਪਰਮਾਣੂ ਹਥਿਅਰਾਂ ਵਾਲੇ ਇਨ੍ਹਾਂ ਦੇਸ਼ਾਂ ਵਿੱਚ ਅਮਰੀਕਾ, ਚੀਨ, ਰੂਸ, ਫਰਾਂਸ ਅਤੇ ਯੂਥਕੇਥ ਸ਼ਾਮਲ ਹਨ। ਇਸ ਤੋਂ ਬਿਨਾਂ 189 ਹੋਰ ਮੁਲਕ ਅਜਿਹੇ ਹਨ ਜਿਨ੍ਹਾਂ ਪਾਸ ਆਪਣੇ ਪਰਮਾਣੂ ਹਥਿਆਰ ਤਾਂ ਨਹੀਂ ਹਨ, ਪਰ ਉਨ੍ਹਾਂ ਨੇ ਇਸ ਕੌਮਾਂਤਰੀ ਸੰਧੀ ਦੇ ਪਾਬੰਦ ਹੋਣ ਦੇ ਦਸਤਵੇਜ਼ 'ਤੇ ਸਹੀ ਜ਼ਰੂਰ ਪਾਈ ਹੈ। ਭਾਰਤ, ਪਾਕਿਸਤਾਨ ਅਤੇ ਇਜ਼ਰਾਈਲ ਨੇ ਵੀ ਹਾਲੇ ਤੱਕ ਇਸ ਸੰਧੀ 'ਤੇ ਸਹੀ ਨਹੀਂ ਪਾਈ, ਪਰ ਇਨ੍ਹਾਂ ਨੇ ਆਪਣੀ ਸੁਰੱਖਿਆ ਲਈ ਪਰਮਾਣੂ ਹਥਿਆਰਾਂ ਦਾ ਨਿਰਮਾਣ ਜ਼ਰੂਰ ਕਰ ਲਿਆ ਹੈ। ਇਜ਼ਰਾਈਲ ਨੇ ਭਾਵੇਂ ਅਜੇ ਤੱਕ ਇਸ ਪਾਸ ਪਰਮਾਣੂ ਹਥਿਆਰ ਹੋਣ ਦਾ ਦਾਅਵਾ ਤਾਂ ਨਹੀਂ ਕੀਤਾ, ਪਰ ਸੰਸਾਰ ਵਿੱਚ ਇਹ ਭਰਮ ਜ਼ਰੂਰ ਬਣਿਆ ਹੈ ਕਿ ਇਜ਼ਰਾਈਲ ਪਰਮਾਣੂ ਹਥਿਆਰਾਂ ਨਾਲ ਲੈੱਸ ਸਮਰੱਥ ਮੁਲਕਾਂ ਵਿੱਚੋਂ ਇੱਕ ਹੈ। ਉੱਤਰੀ ਕੋਰੀਆ ਜੋ ਪਹਿਲਾਂ ਐਨਥਪੀਥਟੀ ਸੰਧੀ ਦਾ ਪਾਬੰਦ ਸੀ, ਪਰ ਜਨਵਰੀ 2003 ਵਿੱਚ ਉਸ ਨੇ ਆਪਣਾ ਨਾਮ ਇਸ ਸੰਧੀ 'ਚੋਂ ਵਾਪਸ ਲੈ ਲਿਆ ਅਤੇ ਬਾਗੀ ਹੋ ਕੇ ਆਪਣੇ ਪਰਮਾਣੂ ਹਥਿਆਰ ਨਿਰਮਾਣ ਕਰਨੇ ਸ਼ੁਰੂ ਕਰ ਦਿੱਤੇ ਅਤੇ ਇਸ ਸਬੰਧੀ ਕਈ ਸਫਲ ਧਮਾਕੇ ਵੀ ਕਰ ਦਿੱਤੇ। ਇਨ੍ਹਾਂ ਧਮਾਕਿਆਂ ਦਾ ਅਮਰੀਕਾ ਨੇ ਸਭ ਤੋਂ ਵੱਧ ਬੁਰਾ ਮਨਾਇਆ। ਡੋਨਲਡ ਟਰੰਪ ਚੌਥੇ ਅਜਿਹੇ ਅਮਰੀਕੀ ਰਾਸ਼ਟਰਪਤੀ ਹਨ ਜੋ ਉੱਤਰੀ ਕੋਰੀਆ ਦੇ ਪਰਮਾਣੂ ਹਥਿਆਰਾਂ ਦਾ ਲਗਾਤਾਰਤਾ ਵਿੱਚ ਵਿਰੋਧ ਕਰ ਰਹੇ ਹਨ। ਅਮਰੀਕੀ ਰਾਸਟਰਪਤੀ ਟਰੰਪ ਅਤੇ ਉੱਤਰੀ ਕੋਰੀਆ ਦੇ ਰਾਸ਼ਟਰਪਤੀ ਕਿਮ ਜੌਂਗ-ਉਨ ਦੀ ਸ਼ਾਬਦਿਕ ਤਣਾ-ਤਣੀ ਤਾਂ ਕੌਮਾਂਤਰੀ ਮੀਡੀਆ ਵਿੱਚ ਸੁਰਖੀਆਂ ਦਾ ਮੌਜ਼ੂ ਬਣੀ ਹੋਈ ਹੈ। ਉਂਜ, ਸੰਸਾਰ ਦੇ ਦੋ ਮਹੱਤਵਪੂਰਨ ਮੁਲਕਾਂ ਦੇ ਮੁਖੀਆਂ ਵੱਲੋਂ ਸੰਜਮ ਤੇ ਸਿਆਣਪ ਦੀਆਂ ਹੱਦਾਂ ਤੋਂ ਬਾਹਰ ਜਾ ਕੇ ਬੋਲੇ ਧਮਕੀ ਭਰੇ ਤਲਖ਼ ਸ਼ਬਦ, ਤੀਸਰੇ ਸੰਸਾਰ ਯੁੱਧ ਦੇ ਅਣਕਿਆਸੇ ਤੌਖ਼ਲਿਆਂ ਦੀ ਨਿਸ਼ਾਨਦੇਹੀ ਕਰਦੇ ਜਾਪਦੇ ਹਨ। ਜੋ ਭਾਸ਼ਾ ਅੱਜ ਅਮਰੀਕਾ ਦਾ ਰਾਸ਼ਟਰਪਤੀ ਉੱਤਰੀ ਕੋਰੀਆ ਦੇ ਪ੍ਰਸੰਗ ਵਿੱਚ ਬੋਲ ਰਿਹਾ ਹੈ, ਠੀਕ ਅਜਿਹੀ ਭਾਸ਼ਾ ਦਾ ਇਸਤੇਮਾਲ 72 ਵਰ੍ਹੇ ਪਹਿਲਾਂ, ਦੂਸਰੇ ਸੰਸਾਰ ਯੁੱਧ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਹੈਰੀ ਟਰੂਮੈਨ ਨੇ ਜਪਾਨ ਦੇ ਬਾਦਸ਼ਾਹ ਹੀਰੋਹੀਟੋ ਨੂੰ ਪਰਮਾਣੂ ਹਥਿਆਰ ਸੁੱਟਣ ਦੀ ਧਮਕੀ ਦਿੰਦਿਆਂ ਕੀਤਾ ਸੀ ਅਤੇ ਫਿਰ ਇਹ ਧਮਕੀ ਸੱਚ ਕਰ ਦਿਖਾਈ ਸੀ।

ਅੱਜ ਫਿਰ ਅਸਮਾਨ ਵਿੱਚ ਜੰਗ ਦੇ ਬੱਦਲਾਂ ਦੀ ਗਹਿਰ ਹੈ। ਮੱਧ ਪੂਰਬ ਦੇ ਸੱਤ ਮੁਲਕ ਤਾਂ ਪਹਿਲਾਂ ਹੀ ਆਪਸੀ ਟਕਰਾਓ ਵਿੱਚ ਝੁਲਸ ਰਹੇ ਹਨ। ਇਨ੍ਹਾਂ ਵਿੱਚ ਟਿਊਨੀਸ਼ੀਆ, ਮਿਸਰ, ਲਿਬੀਆ, ਸੀਰੀਆ, ਬਹਿਰੀਨ, ਲਿਬਨਾਨ ਤੇ ਜੌਰਡਨ ਸ਼ਾਮਲ ਹਨ। ਸੀਰੀਆ ਦੇ ਅੰਦਰੂਨੀ ਟਕਰਾਓ ਵਿੱਚ ਤਾਂ ਰਸਾਇਣਿਕ ਹਥਿਆਰਾਂ ਦਾ ਅੰਸ਼ਕ ਇਸਤੇਮਾਲ ਵੀ ਹੋ ਚੁੱਕਾ ਹੈ। ਪਰਮਾਣੂ ਹਥਿਆਰਾਂ ਨਾਲ ਲੈਸ ਸੰਸਾਰ ਦੀਆਂ ਵੱਡੀਆਂ ਤਾਕਤਾਂ ਦੇ ਮੁਖੀ, ਹਰ ਵੇਲੇ ਆਪਣੇ ਨਾਲ ਪਰਮਾਣੂ ਬੰਬਾਂ ਦੇ ਬਟਨਾਂ ਦਾ ਸੂਟਕੇਸ ਚੁੱਕੀ ਫਿਰਦੇ ਹਨ। ਪਲਾਂ ਵਿੱਚ ਹੀ ਮਨੁੱਖ ਦੀ ਈਜਾਦ ਕੀਤੀ ਬਣਾਉਟੀ ਬੁੱਧੀ ਦਾ ਜ਼ਹੂਰ, ਪੂਰੇ ਸੰਸਾਰ ਨੂੰ ਅੱਗ ਦੇ ਗੋਲ਼ੇ ਵਿੱਚ ਤਬਦੀਲ ਕਰ ਦੇਵੇਗਾ। ਅਜਿਹੀ ਤਬਾਹੀ ਦੀ ਪਰਲੋ ਅੱਗੇ ਮਨੁੱਖ ਦੀ ਸਿਆਣਪ ਬੇਵੱਸ ਹੋਵੇਗੀ, ਬਣਾਉਟੀ ਮਸ਼ੀਨੀ ਬੁੱਧੀ ਦਾ ਜ਼ਹੂਰ ਸਿਰ ਚੜ੍ਹ ਕੇ ਬੋਲ ਰਿਹਾ ਹੋਵੇਗਾ, ਇਹ ਮਨੁੱਖੀ ਦਿਮਾਗ ਤੇ ਬੁੱਧੀ ਦੇ ਸਾਰੇ ਕੰਟਰੋਲਾਂ ਤੋਂ ਬਾਗੀ ਹੋ ਜਾਣ ਦੀ ਅਵਸਥਾ ਹੋਵੇਗੀ। ਹਰ ਪਾਸੇ ਭਿਆਨਕ ਤਬਾਹੀ ਦੇ ਮੰਜ਼ਰ ਹੋਣਗੇ, ਆਦਮ ਦੀਆ ਨਸਲਾਂ ਦੇ ਪੱਲੇ ਤਾਂ ਪਛਤਾਵਾ ਵੀ ਨਹੀਂ ਰਹਿ ਜਾਵੇਗਾ। ਸ਼ਾਇਦ ਸਾਹਿਰ ਲੁਧਿਆਣਵੀ ਦੇ ਇਹ ਬੋਲ ਗੁਣ-ਗੁਣਾਉਣ ਵਾਲਾ ਵੀ ਕੋਈ ਨਾ ਬਚੇ:

ਗੁਜ਼ਸ਼ਤਾ ਜੰਗ ਮੇਂ ਘਰ ਹੀ ਜਲੇ ਮਗਰ ਇਸ ਬਾਰ
ਅਜਬ ਨਹੀਂ ਕਿ ਯੇਹ ਤਨਹਾਈਆਂ ਭੀ ਜਲ ਜਾਏਂ।
ਗੁਜ਼ਸ਼ਤਾ ਜੰਗ ਮੇਂ ਪੈਕਰ ਜਲੇ ਮਗਰ ਇਸ ਬਾਰ
ਅਜਬ ਨਹੀਂ ਕਿ ਯੇਹ ਪਰਛਾਈਆਂ ਭੀ ਜਲ ਜਾਏਂ।

'ਲੇਖਕ ਪੰਜਾਬ ਵਿਧਾਨ ਸਭਾ ਦਾ ਸਾਬਕਾ ਡਿਪਟੀ ਸਪੀਕਰ ਹੈ

# ਪੂੰਜੀਵਾਦੀ ਯੁੱਗ 'ਚ ਸਿੱਖ ਧਰਮ ਦਾ ਮਹੱਤਵ

**ਡਾ. ਭੁਪਿੰਦਰ ਸਿੰਘ**

ਅੱਜ ਦਾ ਵਿਸ਼ਵ ਭਾਈਚਾਰਾ ਵਿਕਾਸ ਦੀਆਂ ਮੰਜ਼ਲਾਂ ਤੈਅ ਕਰਦਾ ਹੋਇਆ ਉੱਤਰ ਆਧੁਨਿਕਤਾ ਦੇ ਯੁੱਗ 'ਚ ਪ੍ਰਵੇਸ਼ ਕਰ ਗਿਆ ਹੈ। ਰੱਬ, ਸੱਚ, ਪੂਰਨ ਅਤੇ ਸਹਿਜ ਦੇ ਸੰਕਲਪਾਂ ਦਾ ਬਦਲ ਲੱਭਦਾ ਹੋਇਆ ਅੱਜ ਦਾ ਮਨੁੱਖ ਪੂੰਜੀ ਨੂੰ ਮਨੁੱਖੀ ਹੋਣੀ ਦਾ ਗਤੀ ਕੇਂਦਰ ਸਥਾਪਿਤ ਕਰਨ ਵਿੱਚ ਰੁੱਝਿਆ ਹੋਇਆ ਹੈ। ਇਹ ਸਿਲਸਿਲਾ ਕੋਈ ਨਵਾਂ ਨਹੀਂ। 1882 ਵਿੱਚ ਜਰਮਨ ਭਾਸ਼ਾ ਵਿੱਚ ਪ੍ਰਕਾਸ਼ਿਤ ਪੁਸਤਕ, ਜਿਸ ਦਾ ਅੰਗਰੇਜ਼ੀ ਵਿੱਚ ਅਨੁਵਾਦਿਤ ਨਾਂ ਗੇਯਾ ਸਾਇੰਸ ਹੈ, 'ਚ ਨੀਟਸ਼ੇ ਨੇ ਐਲਾਨ ਕਰ ਦਿੱਤਾ ਸੀ:

"ਰੱਬ ਮਰ ਗਿਆ ਹੈ, ਰੱਬ ਹਾਲਾਂ ਵੀ ਮਰਿਆ ਹੋਇਆ ਹੈ ਤੇ ਅਸੀਂ ਉਸ ਨੂੰ ਮਾਰਿਆ ਹੈ।-ਇਸ ਤੋਂ ਵੱਡਾ ਕਰਮ ਕੋਈ ਨਹੀਂ ਹੋਇਆ, ਸਾਡੇ ਤੋਂ ਪਿੱਛੋਂ ਜੋ ਜੰਮੇਗਾ-ਇਸ ਕਰਮ ਕਾਰਨ ਉਹ ਅੱਜ ਤੱਕ ਦੇ ਇਤਿਹਾਸ ਨਾਲੋਂ ਉਚੇਰੇ ਇਤਿਹਾਸ ਨਾਲ ਸਬੰਧਿਤ ਹੋਵੇਗਾ।"

ਨੀਟਸ਼ੇ ਦੁਆਰਾ ਪੇਸ਼ ਕੀਤੀ ਗਈ ਇਹ ਧਾਰਨਾ ਉੱਤਰ-ਆਧੁਨਿਕ ਵਿਚਾਰਧਾਰਾ ਦਾ ਬੁਨਿਆਦੀ ਪ੍ਰਸੰਗ ਸਿਰਜਦੀ ਹੈ। ਉਚੇਰੇ ਇਤਿਹਾਸ ਤੋਂ ਨੀਟਸ਼ੇ ਦਾ ਭਾਵ ਨਵੇਂ ਭਵਿੱਖ ਮੁਖੀ ਇਤਿਹਾਸ ਤੋਂ ਹੈ, ਜਿਸ ਦੀ ਸਿਰਜਣਾ, ਰੱਬ ਕੇਂਦਰਿਤ ਹੋਣ ਦੀ ਥਾਂ ਮਨੁੱਖ ਦੇ ਨਿਸ਼ਚੇ ਦੁਆਲੇ ਹੋਵੇਗੀ। ਰੱਬ ਨੂੰ ਮਾਰ ਕੇ ਜੋ ਉੱਤਰ ਆਧੁਨਿਕ ਮਨੁੱਖ ਇਸ ਦਾ ਬਦਲ ਸਿਰਜ ਰਿਹਾ ਹੈ, ਉਹ ਪੂੰਜੀ ਹੈ, ਜਿਸ ਦਾ ਪਾਸਾਰ ਭਾਰਤੀ ਪਰੰਪਰਾ ਵਿੱਚ ਮਾਇਆ ਦਾ ਬਿਰਤਾਂਤ ਸਿਰਜਦਾ ਹੈ। ਉੱਤਰ ਆਧੁਨਿਕ ਯੁੱਗ ਵਿੱਚ ਮਹਾਂ-ਪ੍ਰਬੰਧ ਜਾਂ ਮਹਾਂ-ਬਿਰਤਾਂਤ ਉਸਾਰੇ ਜਾ ਰਹੇ ਹਨ। ਇਹ ਬਿਰਤਾਂਤ ਪਰੰਪਰਾਗਤ ਬਿਰਤਾਂਤਾਂ ਤੇ ਅਲਪ-ਬਿਰਤਾਂਤਾਂ ਨੂੰ ਹਜ਼ਮ ਕਰਨ ਲੱਗੇ ਹਨ। ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਮਨੁੱਖ ਦੀ ਮੁਕਤੀ ਇਨ੍ਹਾਂ ਮਹਾਂ-ਪ੍ਰਬੰਧਾਂ ਨੂੰ ਧਾਰਨ ਕਰਨ ਸਦਕਾ ਹੀ ਸੰਭਵ ਹੈ।

ਉੱਤਰ-ਆਧੁਨਿਕ ਯੁੱਗ ਦੀ ਚੇਤਨਾ ਦੇ ਸੰਕੇਤ ਅਤੇ ਸੰਭਾਵਨਾਵਾਂ ਗੁਰੂ ਗ੍ਰੰਥ ਸਾਹਿਬ ਵਿੱਚ ਭਲੀ-ਭਾਂਤ ਮੌਜੂਦ ਹਨ। ਰੱਬ ਕੇਂਦਰਿਤ ਬਣਤਰ, ਮਨੁੱਖ ਦੀਆਂ ਨਿਸ਼ਚੇਧਾਰਕ ਬਣਤਰਾਂ ਦੀ ਹੋਂਦ ਅਤੇ ਪਾਸਾਰ, ਗੁਰਮੁਖ ਅਤੇ ਮਨਮੁਖ ਦੀ ਵਿਕਲਪਿਤ ਅਤੇ ਤੁਲਨਾਤਮਕ ਬਣਤਰਾਂ ਰਾਹੀਂ ਸਾਕਾਰ ਹੋਏ ਹਨ। ਇਸ ਵਿਕਲਪਿਤ ਅਤੇ ਤੁਲਨਾਤਮਕ ਵਿਧੀ ਰਾਹੀਂ ਰੱਬ ਕੇਂਦਰਿਤ ਪੂਰਨ ਹੋਂਦ ਦੀ ਸਿਰਜਣਾ ਕੀਤੀ ਗਈ ਹੈ। ਗੁਰੂ ਨਾਨਕ ਦੇਵ ਭਲਕ ਦਾ ਪੈਗੰਬਰ ਹੈ। ਅੱਜ ਦੇ ਵਿਗਿਆਨਕ ਯੁੱਗ ਤੋਂ ਗੁਰੂ ਨਾਨਕ ਦੇਵ ਜੀ ਦੀ ਸੋਚ ਹਜ਼ਾਰਾਂ ਸਾਲ ਅੱਗੇ ਖੜ੍ਹੀ ਹੈ, ਪਰ ਅੱਜ ਦਾ ਵਿਦਵਾਨ ਪੂੰਜੀ ਦੀ ਝਲਕ ਸਹਿਣ ਤੋਂ ਅਸਮੱਰਥ ਹੈ। ਇਸ ਝਲਕ ਨੇ ਉਸ ਦੀ ਮੱਤ ਬੁੱਧ ਨੂੰ ਚੁੰਧਿਆ ਦਿੱਤਾ ਹੈ। ਉਹ ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਬ੍ਰਾਹਮਣੀਕਰਨ ਕਰਨ ਅਤੇ ਗੁਰੂ ਆਸ਼ੇ ਤੋਂ ਵੱਖਰਾ ਆਸ਼ਾ ਸਿਰਜਣ ਦੀ ਪ੍ਰਕਿਰਿਆ ਵਿੱਚ ਗਲਤਾਨ ਹੈ। ਗੁਰੂ ਨਾਨਕ ਦੇਵ ਜੀ ਨੇ ਜਿਸ ਸਮਾਜ ਅਤੇ ਸੱਭਿਆਚਾਰ ਨੂੰ ਬਦਲਣ ਦਾ ਬੀੜਾ ਚੁੱਕਿਆ, ਦਰਅਸਲ ਉਹ ਬੌਣਾ ਅਤੇ ਪੱਛੜਿਆ ਹੋਇਆ ਸਮਾਜ ਹੈ, ਜਿਸ ਨੇ ਗੁਰੂ ਨਾਨਕ ਦੇਵ ਜੀ ਵਰਗੇ ਮਹਾਨ ਚਿੰਤਕ ਦਾ ਅਨੁਆਈ ਹੋਣ ਦੀ ਹਾਲੀਂ ਯੋਗਤਾ ਪ੍ਰਾਪਤ ਕਰਨੀ ਹੈ। ਗੁਰੂ ਨਾਨਕ ਦੇਵ ਜੀ ਇਸ ਤੱਥ ਤੋਂ ਭਲੀ-ਭਾਂਤ ਪਰਿਚਤ ਹਨ।

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥
(ਆਸਾ ਦੀ ਵਾਰ)

ਕਾਲ ਦੀ ਉਕਤ ਪ੍ਰਕਿਰਿਆ ਅਨੁਸਾਰ ਮਨੁੱਖ ਆਪਣੀ ਨਕਲੀ ਪਰਿਭਾਸ਼ਾ ਦੀ ਟੀਸੀ 'ਤੇ ਜਾ ਪਹੁੰਚਿਆ ਹੈ, ਪਰ ਬੰਦਾ ਪੂਰਨ ਸਮਝਣ ਲੱਗ ਪਿਆ ਹੈ। ਉਹ ਆਪਣੇ ਵਿੱਚ ਸੱਚ ਸਮਾਉਣ ਦੀ ਸਮਰੱਥਾ ਗੁਆ ਚੁੱਕਾ ਹੈ। ਕਿਸੇ ਵਿਚਾਰਧਾਰਾ ਦਾ ਲੜ ਫੜਨਾ ਉਸ ਲਈ ਕਠਿਨ ਕਾਰਜ ਹੈ। ਗੁਰੂ ਨਾਨਕ ਦੇਵ ਜੀ ਦੇ ਮਾਰਗ 'ਤੇ ਚੱਲਣ ਲਈ ਊਨਾ ਹੋਣ ਦੀ ਲੋੜ ਹੈ। ਊਨਾ ਹੋਣਾ ਸੱਭਿਆਚਾਰਕ ਅਮੀਰੀ ਦਾ ਲੱਛਣ ਹੈ। ਅੱਜ ਦਾ ਵਿਦਵਾਨ ਅਤੇ ਰਾਜਨੀਤੀਵਾਨ, ਉਕਤ ਲੱਛਣ ਤੋਂ ਵਾਂਝਾ ਹੋ ਚੁੱਕਿਆ ਹੈ। ਇਸ ਲਈ ਗੁਰਮਤਿ ਵਿਚਾਰਧਾਰਾ ਵਿੱਚ ਖੋਟ ਰਲਾਉਣ ਦੀ ਨਿਰੰਤਰ ਪ੍ਰਕਿਰਿਆ ਆਰੰਭ ਹੋ ਚੁੱਕੀ ਹੈ। ਰਾਜਨੀਤੀਵਾਨ, ਪੁਜਾਰੀ ਅਤੇ ਬੁੱਧੀਜੀਵੀ ਇਸ ਵਿਚਾਰਧਾਰਕ ਪ੍ਰਦੂਸ਼ਣ ਲਈ ਮੁੱਖ ਭੂਮਿਕਾ ਨਿਭਾਅ ਰਹੇ ਹਨ। ਇਹ ਕਰਮ ਕੋਈ ਨਵਾਂ ਨਹੀਂ ਹੈ। ਦਸਵੇਂ ਪਾਤਸ਼ਾਹ ਦੇ ਜੀਵਨ ਦੌਰਾਨ ਹੀ ਇਹ ਯਤਨ ਆਰੰਭ ਹੋ ਗਏ ਸਨ। ਖਾਲਸਈ ਵਿਚਾਰਧਾਰਾ ਦਾ ਸਰੂਪ ਪਵਿੱਤਰ ਰੱਖਣ ਲਈ ਪਹਿਲਾਂ ਪੰਚ ਪਰਵਾਨੀ, ਪੰਚ ਪਰਧਾਨੀ ਦੀ ਸੰਸਥਾ ਕਾਇਮ ਕੀਤੀ ਗਈ। ਫਿਰ ਗੁਰਤਾ ਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਦਿੱਤੀ ਗਈ।

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹਿ॥

ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਦੇਣ ਦਾ ਇੱਕ ਨਿਸ਼ਾਨਾ ਧਰਮ ਨੂੰ ਉਪਜੀਵਕਾ ਦਾ ਸਾਧਨ ਬਣਾਉਣ ਦੀ ਪਰੰਪਰਾ 'ਤੇ ਰੋਕ ਲਾਉਣਾ ਸੀ। ਵਿਚਾਰਧਾਰਾ ਵਿੱਚ ਖੋਟ ਰਲਾਉਣ ਦਾ ਇੱਕ ਸਾਧਨ ਪਰੰਪਰਾ ਰਿਹਾ ਹੈ। ਪਹਿਲਾਂ ਗਲਤ ਪਰੰਪਰਾ ਸ਼ੁਰੂ ਕਰ ਲੈਣੀ, ਫਿਰ ਪਰੰਪਰਾ ਦੇ ਆਧਾਰ 'ਤੇ ਗੁਰਮਤਿ ਵਿਚਾਰਧਾਰਾ 'ਚ ਸੋਧ ਕਰਨ ਦਾ ਸਿਲਸਿਲਾ ਆਰੰਭ ਕਰ ਲੈਣ ਦਾ ਅਮਲ ਵੀ ਚੱਲਦਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸ਼ਬਦ ਤੇ ਪਰੰਪਰਾ ਦੀ ਤੁਲਨਾ ਵਿੱਚ ਸ਼ਬਦ ਦਾ ਰੁਤਬਾ ਵੱਡਾ ਹੈ। ਗੁਰਬਾਣੀ ਦਾ ਸ਼ਬਦ ਵਿਚਾਰਧਾਰਾ ਦਾ ਸਿਰਜਨ ਹੈ। ਇਹੀ ਕਾਰਨ ਹੈ ਕਿ ਸ਼ਬਦ ਨੂੰ ਗੁਰੂ ਦੀ ਉਪਾਧੀ ਦਿੱਤੀ ਗਈ ਹੈ। ਗੁਰਬਾਣੀ ਦੀ ਵਿਚਾਰਧਾਰਾ ਸ਼ਬਦ ਦਾ ਪਸਾਰ ਨਹੀਂ ਕਰਦੀ, ਸਗੋਂ ਇੱਕ ਗੱਲ 'ਤੇ ਕੇਂਦਰਿਤ ਕਰਦੀ ਹੈ।

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥



ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥ (ਆਸਾ ਦੀ ਵਾਰ)

ਸੰਤੋਖ, ਜਤ ਅਤੇ ਸਤ ਮਨੁੱਖੀ ਪੂਰਨਤਾ ਦੇ ਵੱਖ-ਵੱਖ ਪੜਾਅ ਹਨ। ਇੱਕ ਪੂਰਨਤਾ ਦਾ ਪੜਾਅ ਮਨਮੁੱਖ ਮਨੁੱਖ ਦਾ ਹੈ, ਜੋ ਮਾਇਆ ਇਕੱਠੀ ਕਰਨ ਦੀ ਦੌੜ ਵਿੱਚ ਰੁੱਝਿਆ ਹੋਇਆ ਹੈ। ਗੁਰਮਤਿ ਵਿਚਾਰਧਾਰਾ ਮਨੁੱਖ ਨੂੰ ਇਸ ਕੂੜ ਮਾਰਗ ਤੋਂ ਰੋਕਦੀ ਹੈ। ਗੁਰਮਤਿ ਵਿਚਾਰਧਾਰਾ ਦੀ ਦੂਜੀ ਮਹੱਤਤਾ ਸਥਾਨ ਨੂੰ ਪੂਰਨ ਕਰਨ ਦੀ ਹੈ। ਗੁਰਬਾਣੀ ਦੀ ਵਿਚਾਰਧਾਰਾ ਸਥਾਨ ਦੀ ਪੂਰਤੀ ਕੁਦਰਤ ਦੇ ਸਿਧਾਂਤ ਦੁਆਰਾ ਪੂਰਦੀ ਹੈ। ਕੁਦਰਤ ਦਾ ਸਿਧਾਂਤ ਮਾਇਆ ਦੇ ਸਿਧਾਂਤ ਤੋਂ ਬਿਲਕੁਲ ਨਿਵੇਕਲਾ ਹੈ। ਇਸ ਸਿਧਾਂਤ ਰਾਹੀਂ ਮਨੁੱਖ ਬ੍ਰਹਿਮੰਡ ਅਤੇ ਰੱਬ ਦਾ ਏਕੀਕਰਨ ਕਰ ਦਿੱਤਾ ਗਿਆ ਹੈ। ਕੁਦਰਤ ਦੇ ਨੇਮ ਅਟੱਲ ਹਨ। ਅੱਜ ਦਾ ਵਿਗਿਆਨੀ ਇਨ੍ਹਾਂ ਨੇਮਾਂ ਦੀ ਤਲਾਸ਼ ਵਿੱਚ ਰੁੱਝਿਆ ਹੋਇਆ ਹੈ, ਪਰ ਗੁਰਬਾਣੀ ਵਿੱਚ ਇਨ੍ਹਾਂ ਸਭ ਤਲਾਸ਼ੇ ਗਏ ਨੇਮਾਂ ਅਤੇ ਤਲਾਸ਼ੇ ਜਾਣ ਵਾਲੇ ਨੇਮਾਂ ਦਾ ਉਲੇਖ ਕੁਦਰਤ ਅਤੇ ਹੁਕਮ ਦੇ ਵਰਤਾਰੇ ਰਾਹੀਂ ਹੋਇਆ ਹੈ।

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥੨॥

ਇਸ ਤਰ੍ਹਾਂ ਗੁਰਬਾਣੀ, ਮਨੁੱਖ, ਕੁਦਰਤ ਅਤੇ ਰੱਬ ਨੂੰ ਇੱਕ ਇਕਾਈ ਵਿੱਚ ਪੇਸ਼ ਕਰਦੀ ਹੈ। ਇਨ੍ਹਾਂ ਇਕਾਈਆਂ ਵਿੱਚ ਰੱਬ ਅਤੇ ਕੁਦਰਤ ਨੇਮ ਵਿੱਚ ਬੱਧੇ ਹੋਏ ਹਨ। ਮਨੁੱਖ ਵਿੱਚ ਕੁਦਰਤੀ ਨੇਮਾਂ ਦਾ ਖੰਡਨ ਕਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਰੱਬ ਕੁਦਰਤ ਵਿੱਚ ਵਸਿਆ ਹੋਇਆ ਹੈ। ਇਸ ਲਈ ਗੁਰਮਤਿ ਸੱਭਿਆਚਾਰ ਕੁਦਰਤ ਨੂੰ ਮਾਨਣ ਵਾਲਾ ਅਤੇ ਕੁਦਰਤ ਦਾ ਰਾਖਾ ਹੈ। ਗੁਰਬਾਣੀ ਨੇ ਧਰਮ ਦਾ ਪਾਲਣ ਕਰਦਿਆਂ ਹੋਇਆਂ ਕੁਦਰਤ ਨੂੰ ਮਾਣਨ ਦੀ ਖੁੱਲ੍ਹ ਦਿੱਤੀ ਹੈ। ਇੱਥੇ ਇਹ ਵਿਚਾਰ ਲੈਣਾ ਵੀ ਚੰਗਾ ਹੋਵੇਗਾ ਕਿ ਅੱਜ ਦੇ ਉੱਤਰ ਆਧੁਨਿਕ ਯੁੱਗ ਵਿੱਚ, ਉਦਯੋਗਿਕ ਵਿਕਾਸ ਤੇ ਉਪਭੋਗਤਾ ਸਮਾਜ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੈ, ਨਹੀਂ, ਗੁਰਮਤਿ ਵਿਚਾਰਧਾਰਾ ਮਨੁੱਖ ਨੂੰ ਇਸ ਹਵਸ ਦੀ ਦੌੜ ਦੌੜਨ ਤੋਂ ਰੋਕਦੀ ਹੈ। ਦਇਆ ਤੇ ਸੰਤੋਖ ਦਾ ਮਾਰਗ ਦਰਸਾਉਂਦੀ । ਕੁਦਰਤ ਦੇ ਸੋਮਿਆਂ ਨੂੰ ਪ੍ਰਦੂਸ਼ਿਤ ਕਰਨਾ ਗੁਰਮਤਿ ਵਿਚਾਰਧਾਰਾ ਦਾ ਟੀਚਾ ਨਹੀਂ।

ਬ੍ਰਾਹਮਣਵਾਦ ਹਰ ਵਿਚਾਰਧਾਰਾ ਦਾ ਦੁਸ਼ਮਣ ਹੈ। ਬ੍ਰਾਹਮਣਵਾਦ ਕਿਸੇ ਵਿਚਾਰਧਾਰਾ ਦੇ ਨਿੱਜੀਕਰਨ ਦੀ ਪ੍ਰਕਿਰਿਆ ਹੈ। ਗੁਰਮਤਿ ਵਿਚਾਰਧਾਰਾ, ਆਪਣੇ ਮਨੁੱਖ ਨੂੰ ਇਸ ਪ੍ਰਕਿਰਿਆ ਤੋਂ ਸੁਚੇਤ ਕਰਦੀ ਰਹੀ ਹੈ। ਬ੍ਰਾਹਮਣਵਾਦੀ ਪ੍ਰਕਿਰਿਆ ਪਰੰਪਰਾ ਤੇ ਸੰਰਚਨਾ ਦਾ ਵਿਵਾਦ ਪਰੰਪਰਾ ਦੇ ਹੱਕ ਵਿੱਚ ਹੱਲ ਕਰਦੀ ਹੈ। ਇਹ ਵਿਚਾਰਧਾਰਾ ਨੂੰ ਉਪਜੀਵਕਾ ਦਾ ਸਾਧਨ ਸਮਝਦੀ ਹੈ। ਇਸ ਸਾਧਨ ਦੀ ਚੰਗੀ ਤਰ੍ਹਾਂ ਵਰਤੋਂ ਕਰਨ ਲਈ ਉਹ ਪਾਖੰਡ ਦਾ ਸਹਾਰਾ ਲੈਂਦੀ ਹੈ। ਗੁਰਬਾਣੀ ਨੇ ਬ੍ਰਾਹਮਣ ਦੇ ਲੱਛਣ ਇਹ ਦੱਸੇ ਹਨ-

ਤਗੁ ਨ ਇੰਦ੍ਰੀ ਤਗੁ ਨ ਨਾਰੀ॥
ਭਲਕੇ ਥੁਕ ਪਵੈ ਨਿਤ ਦਾੜੀ॥
ਤਗੁ ਨ ਪੈਰੀ ਤਗੁ ਨ ਹਥੀ॥
ਤਗੁ ਨ ਜਿਹਵਾ ਤਗੁ ਨ ਅਖੀ॥
ਵੇਤਗਾ ਆਪੇ ਵਤੈ॥
ਵਟਿ ਧਾਗੇ ਅਵਰਾ ਘਤੈ॥
ਲੈ ਭਾੜਿ ਕਰੇ ਵੀਆਹੁ॥
ਕਢਿ ਕਾਗਲੁ ਦਸੇ ਰਾਹੁ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥
ਮਨਿ ਅੰਧਾ ਨਾਉ ਸੁਜਾਣੁ (ਆਸਾ ਦੀ ਵਾਰ)

ਜਿਹੜੇ ਲੋਕ ਧਰਮ ਦੇ ਚਿੰਨ੍ਹ ਧਾਰਨ ਕਰਕੇ ਧਰਮ ਦੀ ਕੁਵਰਤੋਂ ਕਰਦੇ ਹਨ। ਧਰਮ ਦੀ ਸਿੱਖਿਆ ਵੇਚਦੇ ਹਨ। ਅਜਿਹੇ ਭੇਖੀਆਂ ਦੀ ਗੁਰਮਤਿ ਵਿਚਾਰਧਾਰਾ ਵਿੱਚ ਕੋਈ ਥਾਂ ਨਹੀਂ ਹੈ।

ਮਾਣਸ ਖਾਣੇ ਕਰਹਿ ਨਿਵਾਜ॥
ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥
ਉਨਾ ਭਿ ਆਵਹਿ ਓਈ ਸਾਦ॥
ਕੂੜੀ ਰਾਸਿ ਕੂੜਾ ਵਾਪਾਰੁ॥
ਕੂੜੁ ਬੋਲਿ ਕਰਹਿ ਆਹਾਰੁ॥
ਸਰਮ ਧਰਮ ਕਾ ਡੇਰਾ ਦੂਰਿ॥
ਨਾਨਕ ਕੂੜੁ ਰਹਿਆ ਭਰਪੂਰਿ॥

ਇਹ ਲੋਕ ਸੱਚ ਦੀ ਪ੍ਰਾਪਤੀ ਨਹੀਂ ਕਰ ਸਕਦੇ। ਗੁਰਮਤਿ ਵਿਚਾਰਧਾਰਾ ਕੱਟੜਪੰਥੀ ਸੰਕੀਰਨ ਮਾਰਗ ਤੋਂ ਹੋੜਦੀ ਹੈ। ਗੁਰਬਾਣੀ ਦੀ ਵਿਚਾਰਧਾਰਾ ਕਰਤਾ ਦਾ ਰੱਬ ਨਾਲ ਏਕੀਕਰਨ ਕਰਦੀ ਹੈ।

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (ਆਸਾ ਦੀ ਵਾਰ)

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸ਼ਾ ਪ੍ਰਮੁੱਖ ਆਸ਼ਾ ਸਤੀ-ਸੰਤੋਖੀ ਤੇ ਵਿਚਾਰਵਾਨ ਮਨੁੱਖ ਪੈਦਾ ਕਰਨ ਦਾ ਆਸ਼ਾ ਹੈ। ਗੁਰਬਾਣੀ ਮਨੁੱਖੀ ਮਨ ਦੀ ਹੋੜ ਨੂੰ ਸਮਝਦੀ ਹੈ। ਖ਼ੁਸ਼ੀਆਂ ਦਾ ਕੋਈ ਅੰਤ ਨਹੀਂ। ਧਨ ਦੌਲਤ ਇਕੱਠਾ ਕਰਨ ਦਾ ਕੋਈ ਅੰਤ ਨਹੀਂ। ਇਸ ਪ੍ਰਕਿਰਿਆ ਵਿੱਚ ਗਲਤਾਨ ਹੋਣ ਤੋਂ ਮਨੁੱਖ ਨੂੰ ਰੋਕਿਆ ਗਿਆ ਹੈ। ਇਹ ਰੋਕ ਬੰਧਨ ਨਹੀਂ, ਮਨੁੱਖੀ ਸੋਚ ਦਾ ਪ੍ਰਸੰਗ ਬਦਲਣ ਦੀ ਪ੍ਰਕਿਰਿਆ ਹੈ।

ਨਚਣੁ ਕੁਦਣੁ ਮਨ ਕਾ ਚਾਉ
ਨਾਨਕ ਜਿਨੁ ਮਨਿ ਭਉ ਤਿਨਾ ਮਨਿ ਭਾਉ॥

ਗੁਰਮਤਿ ਵਿਚਾਰਧਾਰਾ, ਸਿਰਫ਼ ਸੱਚਾ ਮਨੁੱਖ ਸਿਰਜਣ ਦੀ ਪ੍ਰਕਿਰਿਆ ਨਹੀਂ। ਇਹ ਸੱਚਾ ਰਾਜ ਸਥਾਪਿਤ ਕਰਨ ਦਾ ਆਸ਼ਾ ਵੀ ਰੱਖਦੀ ਹੈ। ਗੁਰਬਾਣੀ ਦਾ ਆਸਾ ਇੱਕ ਸਵੈ-ਚਾਲਤ ਪ੍ਰਬੰਧ ਦੀ ਸੋਝੀ ਕਰਾਉਂਦਾ ।

ਸਚੀ ਤੇਰੀ ਸਿਫਤਿ ਸਚੀ ਸਲਾਹ॥
ਸਚੀ ਤੇਰੀ ਕੁਦਰਤ ਸੱਚੇ ਪਾਤਿਸ਼ਾਹ॥

ਇਸ ਤਰ੍ਹਾਂ ਗੁਰਬਾਣੀ ਦੇ ਮਾਡਲ ਵਿੱਚੋਂ ਗੁਰਮੁਖ ਰਾਜੇ ਦਾ ਸੰਕਲਪ ਉੱਭਰਦਾ ਹੈ, ਪਰ ਗੁਰਬਾਣੀ ਸੱਚੇ ਪਾਤਸ਼ਾਹ ਦੇ ਤੁਲ ਹੋਰ ਕਿਸੇ ਝੂਠੇ ਪਾਤਸ਼ਾਹ ਨੂੰ ਮਾਣਤਾ ਪ੍ਰਦਾਨ ਨਹੀਂ ਕਰਦੀ ਅਤੇ ਨਾ ਹੀ ਖਸਮ ਨਾਲ ਬਰਾਬਰੀ ਕਰਨ ਲਈ ਪ੍ਰੇਰਨਾ ਸਰੋਤ ਬਣਦੀ ਹੈ।

ਊਚਾ ਸਾਹਿਬ, ਊਚਾ ਨਾਉ,

ਗੁਰਮਤਿ ਵਿਚਾਰਧਾਰਾ ਪੰਚ ਪਰਵਾਨ ਅਤੇ ਪੰਚ ਪ੍ਰਧਾਨ ਦੇ ਰਾਜਸੀ ਸੰਕਲਪ ਸਿਰਜਦੀ ਹੈ। ਇੱਥੇ ਪੰਜ ਗਿਣਤੀ ਪੱਖੋਂ ਮਹੱਤਤਾ ਨਹੀਂ ਰੱਖਦਾ, ਇਹ ਪੰਚਮੁਖੀ ਸੰਸਥਾ ਕਰਕੇ ਮਹੱਤਵਪੂਰਨ ਹੈ। ਮਨ ਦੀ ਸ਼ੁੱਧੀ ਲਈ ਪੰਜ ਖੰਡਾਂ ਰਾਹੀਂ ਸ਼ੁੱਧੀ ਹਾਸਲ ਕਰਨਾ ਜ਼ਰੂਰੀ ਹੈ। ਪੰਜ ਪਿਆਰਿਆਂ ਦੀ ਸੰਸਥਾ ਰਾਹੀਂ ਜੀਵਨ ਦੀ ਪੁਨਰ-ਨਿਰਮਾਣ ਦੀ ਵਿਸ਼ੇਸ਼ ਮਹੱਤਾ ਹੈ। ਜੋ ਗੁਰਬਾਣੀ ਦਾ ਸਿਰਜਿਆ ਸਮਾਜ ਪ੍ਰਬੰਧ ਨੂੰ ਚਲਾ ਰਿਹਾ ਹੋਵੇਗਾ। ਅਜਿਹਾ ਰਾਜ ਪ੍ਰਬੰਧ ਅੱਜ ਇੱਕ ਸੁਪਨਾ ਲੱਗਦਾ ਹੈ। ਸਮਾਜ ਦੇ ਵਿਕਾਸ ਨਾਲ, ਗੁਰਬਾਣੀ ਦੇ ਮਾਡਲ ਨੂੰ ਅਮਲੀ ਬਾਣਾ ਪਹਿਨਾ ਸਕਣਾ ਸੰਭਵ ਹੋਵੇਗਾ। ਅੱਜ ਦਾ ਵਿਸ਼ਵ ਭਾਈਚਾਰਾ ਉੱਤਰ-ਆਧੁਨਿਕ ਯੁੱਗ ਵਿੱਚ ਪ੍ਰਵੇਸ਼ ਕਰ ਚੁੱਕਿਆ ਹੈ। ਦੇਸ, ਕੌਮ, ਸੱਭਿਆਚਾਰ ਅਤੇ ਪਰੰਪਰਾਵਾਂ ਬਦਲ ਰਹੀਆਂ ਹਨ। ਉੱਤਰ-ਆਧੁਨਿਕ ਵਿਦਵਾਨਾਂ ਨੇ ਇਹ ਐਲਾਨ ਕਰ ਦਿੱਤਾ ਹੈ ਕਿ ਰੱਬ ਮਰ ਗਿਆ ਹੈ। ਅਸੀਂ ਰੱਬ ਨੂੰ ਮਾਰਿਆ ਹੈ। ਹੁਣ ਸਮਾਜ ਨੂੰ ਰੱਬ ਦੀ ਲੋੜ ਨਹੀਂ, ਸਮਾਜ ਦੇ ਬ੍ਰਹਿਮੰਡ ਨਾਲ ਸੰਬੰਧਾਂ ਦੀ ਨਵੀਨ ਸਿਰਜਣਾ ਹੀ ਰੱਬ ਦਾ ਬਦਲ ਬਣੇਗੀ। ਡਿੱਗਦਾ ਹੋਇਆ ਆਚਰਨ, ਵੱਧਦਾ ਹੋਇਆ ਭ੍ਰਿਸ਼ਟਾਚਾਰ, ਅਨੈਤਿਕ ਕਦਰਾਂ-ਕੀਮਤਾਂ ਦਾ ਪਾਸਾਰ, ਨਸ਼ਿਆਂ ਦੀ ਵੱਧ ਰਹੀ ਵਰਤੋਂ ਮਾਇਆ ਇਕੱਠੀ ਕਰਨ ਦੀ ਦੌੜ ਅਜੋਕੇ ਮਨੁੱਖ ਨੂੰ ਰੱਬ ਨਾਲ ਜੁੜਨ ਵਿੱਚ ਰੁਕਾਵਟ ਬਣਨਗੀਆਂ।

ਇਸ ਲਈ ਅੱਜ ਦੇ ਉਤਰ-ਆਧੁਨਿਕ ਯੁੱਗ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ, ਪ੍ਰਚਾਰ, ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਤੇ ਸਿਰਜਿਆ ਅਮਲੀ ਆਚਾਰ-ਵਿਵਹਾਰ ਮਨੁੱਖ ਦੀ ਸਭ ਤੋਂ ਵੱਡੀ ਲੋੜ ਬਣ ਗਿਆ ਹੈ।

## 'ਪਦਮਾਵਤ' ਸਿਨੇਮਿਆਂ 'ਚ ਵਿਖਾਉਣਾ ਸਰਕਾਰਾਂ ਦੀ ਜ਼ੁੰਮੇਵਾਰੀ

### *ਸੁਪਰੀਮ ਕੋਰਟ ਨੇ ਫੈਸਲਾ ਬਦਲਣ ਦੀ ਮੰਗ ਕਰਨ ਬਦਲੇ ਕੰਨ ਖਿੱਚੇ*

**ਜੈਪੁਰ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਫ਼ਿਲਮ 'ਪਦਮਾਵਤ' ਨੂੰ ਮੁਲਕ ਭਰ 'ਚ ਵਿਖਾਏ ਜਾਣ ਦੀ ਇਜਾਜ਼ਤ ਦਿੰਦੇ ਆਪਣੇ ਹੀ ਹੁਕਮਾਂ ਵਿੱਚ ਸੋਧ ਕਰਨ ਤੋਂ ਨਾਂਹ ਕਰ ਦਿੱਤੀ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ ਨੇ ਕਿਹਾ ਕਿ ਲੋਕ ਇਹ ਸਮਝ ਲੈਣ ਕਿ ਉਹ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਮੰਨਣ ਲਈ ਪਾਬੰਦ' ਹਨ। ਰਾਜਸਥਾਨ ਤੇ ਮੱਧ ਪ੍ਰਦੇਸ਼ ਸਰਕਾਰਾਂ ਵੱਲੋਂ ਦਾਇਰ ਪਟੀਸ਼ਨ ਵਿੱਚ ਸੁਪਰੀਮ ਕੋਰਟ ਦੇ 18 ਜਨਵਰੀ ਦੇ ਹੁਕਮਾਂ 'ਚ ਸੋਧ ਦੀ ਮੰਗ ਕੀਤੀ ਗਈ ਸੀ। ਇਸ ਦੌਰਾਨ ਸ੍ਰੀ ਰਾਜਪੂਤ ਕਰਨੀ ਸੇਨਾ ਨੇ ਛੇ ਮੈਂਬਰੀ ਕਮੇਟੀ ਦਾ ਐਲਾਨ ਕੀਤਾ ਹੈ, ਜੋ 'ਪਦਮਾਵਤ' ਦੀ ਰਿਲੀਜ਼ ਤੋਂ ਪਹਿਲਾਂ ਇਸ ਨੂੰ ਵੇਖੇਗੀ। ਕਮੇਟੀ ਵਿੱਚ ਇਤਿਹਾਸਕਾਰਾਂ ਤੇ ਸ਼ਾਹੀ ਪਰਿਵਾਰ ਨਾਲ ਸਬੰਧਤ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਉਧਰ ਕੁਝ ਜਥੇਬੰਦੀਆਂ ਨੇ ਫ਼ਿਲਮ 'ਤੇ ਪਾਬੰਦੀ ਲਈ ਆਰਡੀਨੈਂਸ ਜਾਰੀ ਕਰਨ ਦੀ ਮੰਗ ਵੀ ਕੀਤੀ ਹੈ।

## ਸਾਊਦੀ ਅਰਬ ਦੇ ਜੰਜਾਲ 'ਚੋਂ ਬਚ ਕੇ ਘਰ ਪੁਜਿਆ ਗੁਰਵਿੰਦਰ ਸਿੰਘ

**ਐਸਏਐਸ ਨਗਰ (ਮੁਹਾਲੀ)/ਬਿਊਰੋ ਨਿਊਜ਼**, ਸਮਾਜਸੇਵੀ ਸੰਸਥਾ ਹੈਲਪਿੰਗ ਹੈਪਲੈਸ ਦੇ ਯਤਨਾਂ ਸਦਕਾ ਜਾਅਲੀ ਟਰੈਵਲ ਏਜੰਟ ਦੇ ਧੱਕੇ ਚੜ੍ਹ ਕੇ ਸਾਊਦੀ ਅਰਬ ਵਿੱਚ ਫਸਿਆ ਸੰਗਰੂਰ ਦਾ ਨੌਜਵਾਨ ਗੁਰਵਿੰਦਰ ਸਿੰਘ ਸਹੀ ਸਲਾਮਤ ਆਪਣੇ ਘਰ ਪਰਤ ਆਇਆ ਹੈ। ਅੱਜ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਪੀੜਤ ਨੌਜਵਾਨ ਨੇ ਦੱਸਿਆ ਕਿ ਉਹ ਗਿਆਰਾਂ ਮਹੀਨੇ ਪਹਿਲਾਂ ਰੁਜ਼ਗਾਰ ਦੀ ਭਾਲ ਵਿੱਚ ਸਾਊਦੀ ਅਰਬ ਗਿਆ ਸੀ। ਟਰੈਵਲ ਏਜੰਟ ਨੇ ਉਸ ਤੋਂ ਇੱਕ ਲੱਖ ਰੁਪਏ ਲਏ ਸਨ ਤੇ ਏਅਰਪੋਰਟ 'ਤੇ ਹੀ ਉਸ ਦਾ ਪਾਸਪੋਰਟ ਤੇ ਸਾਰੇ ਦਸਤਾਵੇਜ਼ ਲੈ ਲਏ ਗਏ। ਉਸ ਦਾ ਕੰਮ ਸਟੀਲ ਫਿਕਸਿੰਗ ਦਾ ਸੀ। ਗੁਰਵਿੰਦਰ ਸਿੰਘ ਨੂੰ ਪਹਿਲਾਂ ਦੋ ਮਹੀਨਿਆਂ ਲਈ ਇੱਕ ਕੰਪਨੀ ਵਿੱਚ ਤੇ ਮਗਰੋਂ ਸ਼ਹਿਰ ਤੋਂ ਦੂਰ ਇੱਕ ਫਾਰਮ 'ਤੇ ਲਿਜਾਇਆ ਗਿਆ। ਤਨਖ਼ਾਹ ਮੰਗਣ 'ਤੇ ਕੰਪਨੀ ਪ੍ਰਬੰਧਕਾਂ ਨੇ ਕਿਹਾ ਕਿ ਕੰਪਨੀ ਏਜੰਟ ਨੂੰ ਸਾਲ ਭਰ ਦੇ ਪੈਸੇ ਐਡਵਾਂਸ ਦੇ ਚੁੱਕੀ ਹੈ। ਇਸ ਤਰ੍ਹਾਂ ਕਰੀਬ ਛੇ ਮਹੀਨੇ ਉਸ ਤੋਂ ਜਬਰਦਸਤੀ ਤੇ ਬਿਨਾਂ ਤਨਖ਼ਾਹ ਕੰਮ ਕਰਵਾਇਆ ਗਿਆ। ਕੰਮ ਕਰਨ ਤੋਂ ਇਨਕਾਰ ਕਰਨ 'ਤੇ ਉਸ ਦੀ ਕੁੱਟਮਾਰ ਵੀ ਕੀਤੀ ਗਈ ਤੇ ਖਾਣਾ ਵੀ ਨਹੀਂ ਦਿੱਤਾ ਗਿਆ, ਜਿਸ ਕਾਰਨ ਉਹ ਬਿਮਾਰ ਹੋ ਗਿਆ। ਇੱਕ ਦਿਨ ਫੋਨ 'ਤੇ ਉਸ ਨੇ ਆਪਣੇ ਪਰਿਵਾਰ ਨੂੰ ਆਪਬੀਤੀ ਦੱਸੀ, ਜਿਸ ਮਗਰੋਂ ਗੁਰਵਿੰਦਰ ਦੇ ਪਰਿਵਾਰ ਨੇ ਸੰਸਥਾ ਹੈਲਪਿੰਗ ਹੈਪਲੈਸ ਨਾਲ ਸੰਪਰਕ ਕਰ ਕੇ ਉਸ ਨੂੰ ਸਾਊਦੀ ਅਰਬ 'ਚੋਂ ਵਾਪਸ ਲਿਆਉਣ ਲਈ ਮੱਦਦ ਕਰਨ ਦੀ ਅਪੀਲ ਕੀਤੀ। ਸੰਸਥਾ ਨੇ ਭਾਰਤੀ ਰਾਜਦੂਤ ਅਹਿਮਦ ਜਾਵੇਦ ਨਾਲ ਫੋਨ 'ਤੇ ਸੰਪਰਕ ਕਰਕੇ ਨੌਜਵਾਨ ਬਾਰੇ ਦੱਸਿਆ, ਜਿਸ ਮਗਰੋਂ ਐਂਬੈਸੀ ਦੇ ਅਧਿਕਾਰੀ ਉਸ ਨੂੰ ਹਸਪਤਾਲ ਲੈ ਗਏ ਤੇ ਕਰੀਬ 10 ਦਿਨਾਂ ਬਾਅਦ ਉਹ ਆਪਣੇ ਘਰ ਪਰਤ ਆਇਆ। ਸੰਸਥਾ ਹੈਲਪਿੰਗ ਹੈਪਲੈਸ ਦੀ ਸੰਚਾਲਕ ਤੇ ਜ਼ਿਲ੍ਹਾ ਯੋਜਨਾ ਕਮੇਟੀ ਮੁਹਾਲੀ ਦੀ ਸਾਬਕਾ ਚੇਅਰਪਰਸਨ ਅਮਨਜੋਤ ਕੌਰ ਰਾਮੂਵਾਲੀਆ ਨੇ ਦੱਸਿਆ ਕਿ ਸਬੰਧਤ ਟਰੈਵਲ ਏਜੰਟ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਲਈ ਡੀਜੀਪੀ ਨੂੰ ਸਿਫਾਰਸ਼ ਕੀਤੀ ਜਾਵੇਗੀ।





G.S. Pannu
(Immigration Consultant, LDA)

# PANNU'S
## LEGAL SERVICES

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu
(Owner)

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538

3810 Eau Claire Ave, Ceres, MODESTO/CERES CA-95307

220 Bush St/Montgomery St. #445 SAN FRANCISCO (OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar
& Delhi

ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS
4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ
ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਕਿਸ ਬਿਧ ਰੁਲੀ ਪਾਤਸ਼ਾਹੀ
1984 ਅਣਚਿਤਵਿਆ ਕਹਿਰ
ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਗ਼ਦਰੀ ਬਾਬੇ ਕੌਣ ਸਨ?
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279


CHAAT BHAVAN RESTAURANT
CHAAT BHAVAN
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐੱਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM

# SINGH TRANSPORT INC



- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
- ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ

- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Seattle ਵਾਸਤੇ ਹਰ ਵੇਲੇ ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

**ਟਰੱਕ ਰਿਪੇਅਰ ਮਕੈਨਿਕ ਦੀ ਲੋੜ**

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



# Website Design & Development

➡ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747

info@webmediaart.com
www.webmediaart.com



**NOW OPEN IN MODESTO/CERES**



G.S. Pannu
Immigration Consultant-LDA

# PANNU'S
LEGAL SERVICES (Regd. & Bonded)

510.677.5200

ivisapass@gmail.com

## IMMIGRATION

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions **FREE**

## DIVORCE

- Petitions
- Child Support
- Child Visitation
- Child Custody
- Modification

...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store | ANDROID APP ON Google Play
Live on Facebook | Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

**FREMONT**
40757 GRIMMER BLVD, CA 94538

**MODESTO/CERES**
3810 EAU CLAIRE AVE, CA 95307

BHAI MARDANA INSTITUTE OF MUSIC

# BHAI MARDANA INSTITUTE OF MUSIC
&
## Gurudwara Singh Sabha Buena Park
**Proudly Presents**

# Basant Kirtan Darbar

**FEBRUARY 24 2018** | **6 PM TO 10 PM**

7122 Orangethorpe Ave, Buena Park, CA 90621





Dr Gurnam Singh | Bhai Karamjeet Singh Shaant
Bhai Bhavandeep Singh Jakhmi | Bhai Davinder Singh Shaant
Prof. Ranjit Singh & Sur Shabad Parivaar

Ph: Jagjit Singh Sheriff (562-244-7487) | Sahib Singh (714-686-0025)

ਸਤਿਕਾਰਯੋਗ ਸਮੂੰਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਹੁੰਮ ਹੁੰਮਾ ਕੇ
ਕੀਰਤਨ ਦਰਬਾਰ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ


Watch Your Favorite Channel
FREE PREVIEW
jus
punjabi
MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Ithaas De Panne
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com




PER GALLON ON DIESEL






FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# ਰਾਹੁਲ ਗਾਂਧੀ ਦੀ ਝੰਡੀ ਮਗਰੋਂ ਕੈਪਟਨ ਨੇ ਰਾਣਾ ਦਾ ਅਸਤੀਫ਼ਾ ਮਨਜ਼ੂਰ ਕੀਤਾ

ਨਵੀਂ ਦਿੱਲੀ/ਬਿਊਰੋ ਨਿਊਜ਼: ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨਾਲ ਮੁਲਾਕਾਤ ਮਗਰੋਂ ਪੰਜਾਬ ਕੈਬਨਿਟ ਵਿਚਲੇ ਆਪਣੇ ਸਾਥੀ ਤੇ ਬਿਜਲੀ ਤੇ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ। ਮੁੱਖ ਮੰਤਰੀ ਨੇ ਅਸਤੀਫ਼ੇ ਨੂੰ ਹੁਣ ਰਸਮੀ ਕਾਰਵਾਈ ਲਈ ਰਾਜਪਾਲ ਕੋਲ ਭੇਜ ਦਿੱਤਾ ਹੈ। ਪੰਜਾਬ ਕੈਬਨਿਟ ਵਿੱਚ ਅਗਲੇ ਫੇਰਬਦਲ ਤਕ ਮੁੱਖ ਮੰਤਰੀ ਨੇ ਦੋਵੇਂ ਮਹਿਕਮੇ ਆਪਣੇ ਕੋਲ ਹੀ ਰੱਖਣ ਦਾ ਫ਼ੈਸਲਾ ਕੀਤਾ ਹੈ। ਉਂਜ ਮੁੱਖ ਮੰਤਰੀ ਮੁਤਾਬਕ ਵਜ਼ਾਰਤੀ ਫੇਰਬਦਲ ਫਰਵਰੀ ਵਿੱਚ ਲੁਧਿਆਣਾ ਨਗਰ ਨਿਗਮ ਦੀਆਂ ਚੋਣਾਂ ਮਗਰੋਂ ਹੋਵੇਗਾ। ਰਾਹੁਲ ਗਾਂਧੀ ਦੀ ਰਿਹਾਇਸ਼ 'ਤੇ ਹੋਈ ਇਸ ਮੁਲਾਕਾਤ ਦੌਰਾਨ ਰਾਣਾ ਗੁਰਜੀਤ ਦੇ ਅਸਤੀਫ਼ੇ ਸਮੇਤ ਪੰਜਾਬ ਨਾਲ ਸਬੰਧਤ ਹੋਰ ਕਈ ਮਾਮਲਿਆਂ 'ਤੇ ਚਰਚਾ ਹੋਈ। ਸੂਤਰਾਂ ਮੁਤਾਬਕ ਕਾਂਗਰਸ ਪ੍ਰਧਾਨ ਨੇ ਕੈਪਟਨ ਨੂੰ ਪਹਿਲਾਂ ਹੀ ਸਾਫ਼ ਕਰ ਦਿੱਤਾ ਸੀ ਕਿ ਮੰਤਰੀ (ਰਾਣਾ ਗੁਰਜੀਤ) ਜਾਂ ਤਾਂ ਖੁ ?ਦ ਅਸਤੀਫ਼ਾ ਦੇ ਦੇਵੇ ਜਾਂ ਫ਼ਿਰ ਬਾਹਰ ਜਾਣ ਲਈ ਤਿਆਰ ਕਰ ਲਏ। ਰਾਣਾ ਗੁਰਜੀਤ ਦੀ ਰੇਤ ਖੱਡਾਂ ਦੀ ਨਿਲਾਮੀ ਵਿੱਚ ਕਥਿਤ ਸ਼ਮੂਲੀਅਤ ਕਰਕੇ ਪਾਰਟੀ ਨੂੰ ਖਾਸਾ ਸ਼ਰਮਿੰਦਾ ਹੋਣਾ ਪੈ ਰਿਹਾ ਸੀ। ਮੁੱਖ ਮੰਤਰੀ ਵੱਲੋਂ ਸਾਰੇ ਮਾਮਲੇ ਦੀ ਜਾਂਚ ਲਈ ਕਾਇਮ ਨਾਰੰਗ ਕਮਿਸ਼ਨ ਦੀ ਜਾਂਚ 'ਚ ਕਲੀਨ ਚਿੱਟ ਦੇ ਬਾਵਜੂਦ ਇਸ ਮਾਮਲੇ ਨੇ ਮੰਤਰੀ ਦਾ ਪਿੱਛਾ ਨਹੀਂ ਛੱਡਿਆ। ਈਡੀ ਵੱਲੋਂ ਰਾਣਾ ਗੁਰਜੀਤ ਦੇ ਪੁੱਤਰ ਨੂੰ ਫੇਮਾ ਐਕਟ ਦੀ ਉਲੰਘਣਾ ਤਹਿਤ ਦਿੱਤੇ ਸੱਜਰੇ ਸੰਮਨਾਂ ਨੇ ਮੰਤਰੀ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ। ਕਾਬਿਲੇਗੌਰ ਹੈ ਕਿ ਇਕ ਅਖ਼ਬਾਰ ਨੇ ਅੱਠ ਮਹੀਨੇ ਪਹਿਲਾਂ ਖ਼ਬਰ ਨਸ਼ਰ ਕੀਤੀ ਸੀ ਕਿ ਕਿਵੇਂ ਬਿਜਲੀ ਤੇ ਸਿੰਜਾਈ ਮੰਤਰੀ ਰਾਣਾ ਗੁਰਜੀਤ ਦੇ ਸਾਬਕਾ ਮੁਲਾਜ਼ਮਾਂ ਨੇ ਮਾਮੂਲੀ ਮਾਇਕ ਸਾਧਨ ਹੋਣ ਦੇ ਬਾਵਜੂਦ ਕਰੋੜਾਂ ਰੁਪਏ 'ਚ ਅਲਾਟ ਹੋਈਆਂ ਰੇਤ ਖੱਡਾਂ ਹਾਸਲ ਕਰ ਲਈਆਂ। ਇਸ ਤੋਂ ਪਹਿਲਾਂ ਕੈਪਟਨ ਨੇ ਰਾਹੁਲ ਨਾਲ ਲਗਪਗ ਦੋ ਘੰਟੇ ਤਕ ਮੀਟਿੰਗ ਕੀਤੀ। ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤੇ ਪਾਰਟੀ ਸਕੱਤਰ ਹਰੀਸ਼ ਚੌਧਰੀ ਦੀ ਮੌਜੂਦਗੀ ਵਿੱਚ ਹੋਈ ਇਸ ਮੀਟਿੰਗ ਦੌਰਾਨ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਦਾ ਜਾਇਜ਼ਾ ਲਿਆ ਗਿਆ। ਸੂਤਰਾਂ ਮੁਤਾਬਕ ਕੈਪਟਨ ਨੇ ਸ੍ਰੀ ਗਾਂਧੀ ਨੂੰ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਕਰਜ਼ਾ ਮੁਆਫ਼ੀ, ਮਹਿਲ ਸਸ਼ਕਤੀਕਰਨ ਸਕੀਮਾਂ, ਨਸ਼ਿਆਂ ਖ਼ਿਲਾਫ਼ ਚਲਾਈ ਮੁਹਿੰਮ ਤੇ ਨਸ਼ਿਆਂ ਦੀ ਸਪਲਾਈ ਨੂੰ ਡੱਕਣ ਲਈ ਚੁੱਕੇ ਕਦਮਾਂ ਬਾਰੇ ਦੱਸਿਆ। ਕਾਂਗਰਸ ਪ੍ਰਧਾਨ ਬਣਨ ਮਗਰੋਂ ਰਾਹੁਲ ਦੀ ਪੰਜਾਬ ਦੇ ਪਾਰਟੀ ਆਗੂਆਂ ਨਾਲ ਇਹ ਪਹਿਲੀ ਮੀਟਿੰਗ ਸੀ।



ਨਵੀਂ ਦਿੱਲੀ 'ਚ ਰਾਹੁਲ ਗਾਂਧੀ ਨੂੰ ਮਿਲਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ।

## ਰਾਣੇ ਦੀ ਛੁੱਟੀ ਕੀਤੇ ਜਾਣ ਤੋਂ 'ਆਪ' ਵਾਲੇ ਬਾਗੋ-ਬਾਗ

ਚੰਡੀਗੜ੍ਹ: ਕਾਂਗਰਸ ਹਾਈ ਕਮਾਂਡ ਵੱਲੋਂ ਸਿੰਜਾਈ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਦਾ ਅਸਤੀਫ਼ਾ ਪ੍ਰਵਾਨ ਕਰਨ ਤੋਂ ਬਾਗ਼ੋਬਾਗ਼ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਨੇ ਕਿਹਾ ਕਿ ਉਹ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਸ੍ਰੀ ਰਾਣਾ ਦਾ ਅਸਤੀਫ਼ਾ ਪ੍ਰਵਾਨ ਕਰਨ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਨ। ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਿਰੰਤਰ ਆਪਣੇ ਚਹੇਤੇ ਮੰਤਰੀ ਰਾਣਾ ਨੂੰ ਬਚਾਉਂਦੇ ਆ ਰਹੇ ਸਨ, ਪਰ ਅਖ਼ੀਰ ਸੱਚ ਦੀ ਜਿੱਤ ਹੋਈ ਹੈ। ਸ੍ਰੀ ਖਹਿਰਾ ਨੇ ਮੰਗ ਕੀਤੀ ਕਿ ਹੁਣ ਜਸਟਿਸ ਨਾਰੰਗ ਨੂੰ ਇਸ ਮੁੱਦੇ ਉਪਰ ਪੰਜਾਬ ਦੇ ਲੋਕਾਂ ਕੋਲੋਂ ਮੁਆਫ਼ੀ ਮੰਗਣੀ ਚਾਹੀਦੀ ਹੈ।

## ਰਾਹੁਲ ਗਾਧੀ ਨੇ ਕੈਪਟਨ ਨੂੰ ਦਿੱਤਾ ਸੁਨੇਹਾ
### ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ

**ਚੰਡੀਗੜ੍ਹ/ਬਿਊਰੋ ਨਿਊਜ਼**, ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਬੀਤੇ ਦਿਨ ਨਵੀਂ ਦਿੱਲੀ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਮੇਤ ਪੰਜਾਬ ਦੇ ਹੋਰਨਾਂ ਆਗੂਆਂ ਨਾਲ ਕੀਤੀ ਮੀਟਿੰਗ ਦੌਰਾਨ ਪੰਜਾਬ ਵਜ਼ਾਰਤ ਵਿੱਚ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਅਸਤੀਫੇ ਨੂੰ ਪ੍ਰਵਾਨਗੀ ਦੇਣ ਦੇ ਨਾਲ ਹੀ ਪੰਜਾਬ ਪ੍ਰਦੇਸ਼ ਕਾਂਗਰਸ ਅਤੇ ਪੰਜਾਬ ਸਰਕਾਰ ਨੂੰ ਸਾਫ਼ ਕਰ ਦਿੱਤਾ ਹੈ ਕਿ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਤੇ ਇਸ ਨੂੰ ਨੱਥ ਪਾਉਣ ਲਈ ਸਖ਼ਤ ਕਦਮ ਚੁੱਕੇ ਜਾਣ। ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ 'ਤੇ ਨਿਗ੍ਹਾ ਲਾਈ ਬੈਠੇ ਰਾਹੁਲ ਨੇ ਕੈਪਟਨ ਸਮੇਤ ਹੋਰਨਾਂ ਨੂੰ ਕਿਹਾ ਕਿ ਉਹ ਵਿਰੋਧੀ ਪਾਰਟੀਆਂ ਤੇ ਖਾਸ ਕਰਕੇ ਭਾਜਪਾ ਦੇ ਪ੍ਰਚਾਰ ਦੀ ਕਾਟ ਕਰਨ ਲਈ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਭ੍ਰਿਸ਼ਟਾਚਾਰ ਮੁਕਤ ਦੇਖਣਾ ਚਾਹੁੰਦੇ ਹਨ।

ਇਕ ਸੀਨੀਅਰ ਆਗੂ ਨੇ ਦੱਸਿਆ ਕਿ ਕਾਂਗਰਸ ਪ੍ਰਧਾਨ ਨੇ ਲੋਕਾਂ ਨਾਲ ਕੀਤੇ ਚੋਣ ਵਾਅਦੇ ਪੂਰੇ ਕਰਨ ਅਤੇ ਚੰਗਾ ਪ੍ਰਸ਼ਾਸਨ ਦੇਣ ਲਈ ਕੰਮ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ। ਰਾਹੁਲ ਨੇ ਪੰਜਾਬ ਕੈਬਨਿਟ ਵਿੱਚ ਫੇਰਬਦਲ ਤੇ ਵਾਧੇ ਲਈ ਵੀ ਹਰੀ ਝੰਡੀ ਦੇ ਦਿੱਤੀ ਹੈ, ਪਰ ਇਹ ਵਾਧਾ ਨਿਗਮ ਚੋਣਾਂ ਮਗਰੋਂ ਹੋਵੇਗਾ ਜਾਂ ਬਜਟ ਸੈਸ਼ਨ ਮਗਰੋਂ ਇਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਮੁਨੱਸਰ ਕਰੇਗਾ। ਇਸ ਦੌਰਾਨ ਮੁੱਖ ਮੰਤਰੀ ਨੇ ਦਿੱਲੀ ਤੋਂ ਪਰਤਣ ਮਗਰੋਂ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਬੀਤੇ ਦਿਨ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਦੀ ਨਿਯੁਕਤੀ ਰੱਦ ਕੀਤੇ ਜਾਣ ਅਤੇ ਸਿੰਜਾਈ ਤੇ ਬਿਜਲੀ ਮੰਤਰੀ ਰਾਣਾ ਦੇ ਅਸਤੀਫੇ ਨੂੰ ਪ੍ਰਵਾਨ ਕੀਤੇ ਜਾਣ ਬਾਅਦ ਪੈਦਾ ਹੋਏ ਹਾਲਾਤ ਦਾ ਸੀਨੀਅਰ ਅਧਿਕਾਰੀਆਂ ਨਾਲ ਗੈਰਰਸਮੀ ਮੀਟਿੰਗਾਂ ਕਰਕੇ ਜਾਇਜ਼ਾ ਲਿਆ। ਕੈਪਟਨ ਨੇ ਵਿਵਾਦ ਤੋਂ ਬਚਣ ਤੇ ਅਹਿਤਿਆਤ ਵਜੋਂ ਬਿਜਲੀ ਅਤੇ ਸਿੰਜਾਈ ਵਿਭਾਗ ਫ਼ਿਲਹਾਲ ਆਪਣੇ ਕੋਲ ਰੱਖ ਲਏ ਹਨ। ਇਹੀ ਨਹੀਂ ਮੁੱਖ ਪ੍ਰਮੁੱਖ ਸਕੱਤਰ ਨੂੰ ਜਾਂਦੀਆਂ ਫਾਈਲਾਂ ਵੀ ਫਿਲਹਾਲ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਤੇਜਬੀਰ ਸਿੰਘ ਦੇਖਣਗੇ।

### ਕੈਪਟਨ ਸਾਹਿਬ ਤੋਂ ਸੌ ਅਹੁਦੇ ਕੁਰਬਾਨ: ਰਾਣਾ ਗੁਰਜੀਤ

ਕਪੂਰਥਲਾ:ਬਿਜਲੀ ਤੇ ਸਿੰਜਾਈ ਮੰਤਰੀ ਵਜੋਂ ਅਸਤੀਫ਼ਾ ਪ੍ਰਵਾਨ ਹੋਣ ਮਗਰੋਂ ਰਾਣਾ ਗੁਰਜੀਤ ਸਿੰਘ ਨੇ ਅੱਜ ਕਿਹਾ ਕਿ ਉਹ ਕੈਪਟਨ ਅਮਰਿੰਦਰ ਸਿੰਘ ਲਈ ਅਜਿਹੇ ਸੌ ਅਹੁਦੇ ਛੱਡਣ ਲਈ ਤਿਆਰ ਹਨ। ਰਾਣਾ ਨੇ ਕਿਹਾ ਕਿ ਉਹ ਅਸਤੀਫ਼ਾ ਮਨਜ਼ੂਰ ਕੀਤੇ ਜਾਣ ਲਈ ਕਾਂਗਰਸ ਹਾਈ ਕਮਾਂਡ ਅਤੇ ਮੁੱਖ ਮੰਤਰੀ ਦੇ ਸ਼ੁਕਰਗੁਜ਼ਾਰ ਹਨ। ਰਾਣਾ ਨੇ ਕਿਹਾ ਕਿ ਉਹ ਕਾਂਗਰਸ ਦੇ ਵਫ਼ਾਦਾਰ ਸਿਪਾਹੀ ਹਨ ਤੇ ਉਨ੍ਹਾਂ ਨੈਤਿਕਤਾ ਦੇ ਅਧਾਰ 'ਤੇ ਅਸਤੀਫ਼ਾ ਦਿੱਤਾ ਹੈ।

# ਹਾਈਕੋਰਟ ਵਲੋਂ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਦੀ ਨਿਯੁਕਤੀ ਰੱਦ ਕਰ ਦਿੱਤੇ ਜਾਣ ਬਾਅਦ ਪ੍ਰੇਸ਼ਾਨੀਆਂ ਵਧੀਆਂ

ਚੰਡੀਗੜ੍ਹ/ਬਿਊਰੋ ਨਿਊਜ਼:ਪੰਜਾਬ ਸਰਕਾਰ ਨੂੰ ਬੀਤੇ ਦਿਨੀਂ ਉਸ ਸਮੇਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਪੰਜਾਬ ਹਰਿਆਣਾ ਹਾਈ ਕੋਰਟ ਨੇ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਦੀ ਨਿਯੁਕਤੀ ਨੂੰ ਰੱਦ ਕਰ ਦਿੱਤਾ।

ਹਾਈ ਕੋਰਟ ਮੁਤਾਬਕ ਸਾਬਕਾ ਆਈਏਐਸ ਅਧਿਕਾਰੀ ਬਿਨਾਂ ਕਿਸੇ ਵਿਧੀ ਵਿਧਾਨ ਦੇ ਸਰਕਾਰੀ ਅਹੁਦੇ 'ਤੇ ਤਾਇਨਾਤ ਸਨ। ਨਿਯੁਕਤੀ ਨੂੰ ਮਨਸੂਖ ਕਰਦਿਆਂ ਜਸਟਿਸ ਰਾਜਨ ਗੁਪਤਾ ਨੇ ਕਿਹਾ ਕਿ ਇਹ ਸੰਵਿਧਾਨ ਦੀ ਧਾਰਾ 166(3) ਤਹਿਤ ਨਿਯਮਾਂ ਦੀ ਸਪੱਸ਼ਟ ਉਲੰਘਣਾ ਹੈ। ਸ੍ਰੀ ਸੁਰੇਸ਼ ਕੁਮਾਰ ਦੇ ਨਿਯੁਕਤੀ ਸਬੰਧੀ ਰਿਕਾਰਡ ਦਾ ਹਵਾਲਾ ਦਿੰਦਿਆਂ ਜਸਟਿਸ ਗੁਪਤਾ ਨੇ ਕਿਹਾ ਕਿ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਨੂੰ ਇਕ ਹੁਕਮ ਨਾਲ ਹੀ ਵੱਧ ਤਾਕਤਾਂ ਦੇ ਦਿੱਤੀਆਂ ਗਈਆਂ ਅਤੇ ਇਸ ਕਾਰਨ ਉਨ੍ਹਾਂ ਕੋਲ ਅਧਿਕਾਰ ਸਨ ਕਿ ਉਹ ਮੰਤਰੀਆਂ ਅਤੇ ਪ੍ਰਸ਼ਾਸਕੀ ਸਕੱਤਰਾਂ ਨਾਲ ਵੀ ਵਿਚਾਰ ਵਟਾਂਦਰਾ ਕਰਨ ਦੀ ਲੋੜ ਤੱਕ ਨਹੀਂ ਮਹਿਸੂਸ ਕਰ ਸਕਦੇ ਸਨ।

ਜਸਟਿਸ ਗੁਪਤਾ ਮੁਤਾਬਕ ਅਜਿਹੇ ਹਾਲਾਤ ਦੀ ਕਲਪਨਾ ਕਰਨਾ ਮੁਸ਼ਕਲ ਨਹੀਂ ਜਿਥੇ 'ਅਜਿਹੇ ਢੰਗ ਨਾਲ ਨਿਯੁਕਤ ਅਧਿਕਾਰੀ' ਵੱਲੋਂ ਲਏ ਗਏ ਫ਼ੈਸਲਿਆਂ ਕਾਰਨ ਸੂਬਾ ਸੰਕਟ 'ਚ ਘਿਰ ਸਕਦਾ ਹੈ ਕਿਉਂਕਿ ਸੂਬੇ ਦੇ ਵਿਕਾਸ ਲਈ ਮੁੱਖ ਮੰਤਰੀ ਵਰਗੇ ਦ੍ਰਿਸ਼ਟੀਕੋਣ ਦੀ ਉਸ ਤੋਂ ਆਸ ਨਹੀਂ ਕੀਤੀ ਜਾ ਸਕਦੀ। ਜਾਣੇ-ਅਣਜਾਣੇ 'ਚ ਅਧਿਕਾਰੀ ਦੀ ਕਿਸੇ ਕੋਤਾਹੀ 'ਤੇ ਕਿਸੇ ਅਨੁਸ਼ਾਸਨੀ ਅਥਾਰਟੀ ਕੋਲ ਸਵਾਲ ਨਹੀਂ ਉਠਾਇਆ ਜਾ ਸਕਦਾ। ਉਹ ਅਹੁਦੇ ਦਾ ਭੇਤ ਗੁਪਤ ਰੱਖਣ ਲਈ ਵੀ ਪਾਬੰਦ ਨਹੀਂ ਹੈ ਕਿਉਂਕਿ ਉਹ ਨਿਯਮਤ ਸੇਵਾ ਤੋਂ ਰਿਟਾਇਰ ਹੋ ਚੁੱਕਿਆ ਹੈ। ਜਸਟਿਸ ਰਾਜਨ ਨੇ ਕਿਹਾ ਕਿ ਮੁੱਖ ਮੰਤਰੀ ਦੀ ਗ਼ੈਰਹਾਜ਼ਰੀ 'ਚ ਸਭ ਤੋਂ ਸੀਨੀਅਰ ਮੰਤਰੀ ਜਾਂ ਇੰਚਾਰਜ ਮੰਤਰੀ ਨੂੰ ਕਮਾਂਡ ਕਿਉਂ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸੁਰੇਸ਼ ਕੁਮਾਰ ਦੀ ਨਿਯੁਕਤੀ ਕਰਕੇ ਸੂਬੇ 'ਚ ਆਈਏਐਸ ਕਾਡਰ ਦਾ ਅਹਿਮ ਅਹੁਦਾ ਖਾਲੀ ਰੱਖਿਆ ਗਿਆ। ਉਨ੍ਹਾਂ ਦੀ ਨਿਯੁਕਤੀ ਵਾਲੀ ਫਾਈਲ ਨੂੰ ਜਿਸ ਤੇਜ਼ੀ ਅਤੇ ਜੋਸ਼ ਨਾਲ ਅੱਗੇ ਵਧਾਇਆ ਗਿਆ, ਉਸ ਤੋਂ ਸਾਬਿਤ ਹੁੰਦਾ ਹੈ ਕਿ ਉਹ ਸੂਬੇ ਦੇ ਕੰਮਕਾਜ ਦੇ ਫ਼ੈਸਲਿਆਂ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਨ।

ਜਸਟਿਸ ਗੁਪਤਾ ਨੇ ਸੂਬੇ ਦੀ ਉਸ ਦਲੀਲ ਨੂੰ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਸੁਰੇਸ਼ ਕੁਮਾਰ ਸਰਕਾਰੀ ਅਹੁਦੇ 'ਤੇ ਤਾਇਨਾਤ ਨਹੀਂ ਹਨ ਅਤੇ ਸਰਕਾਰ ਅਜਿਹੀ ਨਿਯੁਕਤੀ ਲਈ ਅਦਾਲਤਾਂ ਮੂਹਰੇ ਜਵਾਬਦੇਹ ਨਹੀਂ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਸੂਬੇ ਦੇ ਮਾਮਲਿਆਂ 'ਚ ਫ਼ੈਸਲੇ ਲੈਣ ਦੇ ਖੁਲ੍ਹੇ ਅਧਿਕਾਰ ਦਿੱਤੇ ਗਏ। ਜਸਟਿਸ ਗੁਪਤਾ ਨੇ ਇਸ ਗੱਲ 'ਤੇ ਵੀ ਧਿਆਨ ਦਿੱਤਾ ਕਿ ਫਾਈਲ 'ਤੇ 'ਸੀਨੀਅਰ, ਤਜਰਬੇਕਾਰ ਅਤੇ ਸੇਵਾਮੁਕਤ ਆਈਏਐਸ ਅਧਿਕਾਰੀ' 'ਤੇ ਜ਼ੋਰ ਦਿੱਤਾ ਗਿਆ ਸੀ ਤਾਂ ਜੋ ਉਸ ਦੀ ਨਿਯੁਕਤੀ ਕੀਤੀ ਜਾ ਸਕੇ। ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਅਜਿਹਾ ਕੰਮ ਨੌਕਰੀਸ਼ੁਦਾ ਅਧਿਕਾਰੀ ਕਿਉਂ ਨਹੀਂ ਕਰ ਸਕਦਾ ਸੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਚੋਣ ਦੀ ਪੂਰੀ ਖੁਲ੍ਹ ਹੁੰਦੀ ਹੈ ਪਰ ਇਹ ਸੰਵਿਧਾਨ ਦੇ ਘੇਰੇ ਅੰਦਰ ਹੀ ਹੋਣੀ ਚਾਹੀਦੀ ਹੈ।



## ਕੈਪਟਨ ਨੇ ਮਾਰਨੇ ਸ਼ੁਰੂ ਕੀਤੇ ਕਾਨੂੰਨੀ ਹੱਥ-ਪੈਰ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਪ੍ਰਮੁੱਖ ਸਕੱਤਰ ਅਤੇ ਸਰਕਾਰ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਸੁਰੇਸ਼ ਕੁਮਾਰ ਦੀ ਨਿਯੁਕਤੀ ਰੱਦ ਕੀਤੇ ਜਾਣ ਨਾਲ ਕੈਪਟਨ ਸਰਕਾਰ ਨੂੰ ਜ਼ਬਰਦਸਤ ਧੱਕਾ ਲੱਗਾ ਹੈ। ਇਸ ਫੈਸਲੇ ਨਾਲ ਸਰਕਾਰ ਦੇ ਕੰਮ ਕਾਜ 'ਤੇ ਮਾੜਾ ਅਸਰ ਪੈਣ ਦੇ ਆਸਾਰ ਹਨ। ਉਹ ਅਣਥੱਕ ਅਧਿਕਾਰੀ ਹਨ ਜਿਹੜੇ ਕੈਪਟਨ ਸਰਕਾਰ ਦੇ ਸਾਰੇ ਕੰਮ ਕਾਜ ਨੂੰ ਅੰਜਾਮ ਦਿੰਦੇ ਸਨ ਅਤੇ ਹਰੇਕ ਲਈ ਉਨ੍ਹਾਂ ਤਕ ਪਹੁੰਚ ਕਰਨਾ ਆਸਾਨ ਸੀ। ਉਹ ਹਰੇਕ ਮਸਲੇ ਵਿੱਚ ਬੇਬਾਕ ਰਾਏ ਦੇਣ ਦੇ ਮਾਹਿਰ ਸਨ। ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਐਡਵੋਕੇਟ ਜਨਰਲ (ਏਜੀ) ਅਤੁਲ ਨੰਦਾ ਨੂੰ ਕਿਹਾ ਹੈ ਕਿ ਉਹ ਹਾਈ ਕੋਰਟ ਦੇ ਫੈਸਲੇ ਦੀ ਸਮੀਖਿਆ ਕਰਨ ਅਤੇ ਇਸ ਨਿਯੁਕਤੀ ਦੇ ਹੱਕ ਵਿੱਚ ਚੁੱਕੇ ਜਾਣ ਵਾਲੇ ਕਾਨੂੰਨੀ ਕਦਮਾਂ ਬਾਰੇ ਠੋਸ ਸੁਝਾਅ ਦੇਣ। ਕੈਪਟਨ ਸਰਕਾਰ ਫੈਸਲੇ ਖਿਲਾਫ਼ ਨਜ਼ਰਸਾਨੀ ਪਟੀਸ਼ਨ ਰਾਹੀਂ ਜਾਂ ਕਿਸੇ ਹੋਰ ਰਸਤੇ ਰਾਹੀਂ ਉਨ੍ਹਾਂ ਨੂੰ ਵਾਪਸ ਲਿਆਉਣ ਦੇ ਯਤਨ ਕਰੇਗੀ। ਜਾਣਕਾਰੀ ਅਨੁਸਾਰ ਸੁਰੇਸ਼ ਕੁਮਾਰ ਨੇ ਆਪਣਾ ਅਸਤੀਫਾ ਪਿਛਲੇ ਸਾਲ 7 ਨਵੰਬਰ ਨੂੰ ਮੁੱਖ ਮੰਤਰੀ ਨੂੰ ਭੇਜ ਦਿੱਤਾ ਸੀ ਪਰ ਅਦਾਲਤ ਦੇ ਫੈਸਲੇ ਮਗਰੋਂ ਅੱਜ ਚਾਰਜ ਛੱਡ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜਿਸ ਸਮੇਂ ਉਨ੍ਹਾਂ ਖਿਲਾਫ਼ ਅਦਾਲਤ ਵਿੱਚ ਪਟੀਸ਼ਨ ਦਾਇਰ ਹੋਈ ਸੀ ਤਾਂ ਉਨ੍ਹਾਂ ਦਫਤਰ ਆਉਣਾ ਛੱਡ ਦਿਤਾ ਸੀ। ਉਸ ਤੋਂ ਬਾਅਦ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਕੈਬਨਿਟ ਸਾਥੀਆਂ ਨੇ ਉਨ੍ਹਾਂ ਨੂੰ ਘਰ ਜਾ ਕੇ ਮਨਾਇਆ ਸੀ ਜਿਸ ਮਗਰੋਂ ਉਹ ਡਿਊਟੀ 'ਤੇ ਹਾਜ਼ਰ ਹੋਏ ਸਨ। ਉਨ੍ਹਾਂ ਖਿਲਾਫ਼ ਪਟੀਸ਼ਨ ਦਾਇਰ ਕਰਨ ਪਿੱਛੇ ਦੋ ਆਈਏਐਸ ਅਧਿਕਾਰੀਆਂ ਅਤੇ ਐਡਵੋਕੇਟ ਜਨਰਲ ਦਫਤਰ ਦਾ ਹੱਥ ਦੱਸਿਆ ਜਾਂਦਾ ਹੈ। ਉਹ ਇਸ ਗੱਲ ਤੋਂ ਖਫਾ ਸਨ ਕਿ ਜੇਕਰ ਐਡਵੋਕੇਟ ਜਨਰਲ ਦਫਤਰ ਹੀ ਉਨ੍ਹਾਂ ਖਿਲਾਫ਼ ਹੈ ਤਾਂ ਅਦਾਲਤ ਵਿੱਚ ਉਨ੍ਹਾਂ ਦਾ ਕੇਸ ਕੌਣ ਲੜੇਗਾ ? ਇਸ 'ਤੇ ਮੁੱਖ ਮੰਤਰੀ ਨੇ ਡੱਟ ਕੇ ਪੈਰਵੀ ਭਰੋਸਾ ਦਿੱਤਾ ਸੀ। ਸੁਰੇਸ਼ ਕੁਮਾਰ ਦੀ ਨਿਯੁਕਤੀ ਰੱਦ ਹੋਣ ਨਾਲ ਉਨ੍ਹਾਂ ਦੇ ਵਿਰੋਧੀ ਖੁਸ਼ ਹਨ।

## ਮੈਂ ਪਹਿਲਾਂ ਹੀ ਮੁੜ ਡਿਊਟੀ ਸੰਭਾਲ ਕੇ ਗ਼ਲਤੀ ਕੀਤੀ: ਸੁਰੇਸ਼ ਕੁਮਾਰ

### *ਸਾਬਕਾ ਮੁੱਖ ਪ੍ਰਮੁੱਖ ਸਕੱਤਰ ਦੀ ਥਾਂ ਨਵਾਂ ਅ਼ਫਸਰਾਂ ਲਾਉਣ ਲਈ ਜੋੜ-ਤੋੜ*

**ਚੰਡੀਗੜ੍ਹ/ਬਿਊਰੋ ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਾਬਕਾ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਨੂੰ ਵਾਪਸ ਲਿਆਉਣ ਲਈ ਪੰਜਾਬ ਸਰਕਾਰ ਜਿੰਨੇ ਮਰਜ਼ੀ ਯਤਨ ਕਰੇ ਪਰ ਉਨ੍ਹਾਂ ਦੀ ਵਾਪਸੀ ਦੀ ਸੰਭਾਵਨਾ ਨਹੀਂ ਹੈ। ਉਨ੍ਹਾਂ ਦੀ ਜਗ੍ਹਾ ਮੁੱਖ ਮੰਤਰੀ ਦਫ਼ਤਰ ਵਿੱਚ ਲਾਉਣ ਲਈ ਚਾਰ ਸੀਨੀਅਰ ਅਧਿਕਾਰੀਆਂ ਦੇ ਨਾਵਾਂ ਦੀ ਚਰਚਾ ਚੱਲ ਰਹੀ ਹੈ।

ਜਾਣਕਾਰੀ ਅਨੁਸਾਰ ਉਨ੍ਹਾਂ ਨੇ ਆਪਣੇ ਨੌਕਰਸ਼ਾਹ ਭਾਈਚਾਰੇ ਨੂੰ ਕਿਹਾ ਕਿ ਅਸਤੀਫ਼ਾ ਦੇਣ ਬਾਅਦ ਉਨ੍ਹਾਂ ਦਾ ਡਿਊਟੀ 'ਤੇ ਆਉਣਾ ਗਲਤੀ ਸੀ। ਜ਼ਿਕਰਯੋਗ ਹੈ ਕਿ ਉਨ੍ਹਾਂ ਨੇ ਪਿਛਲੇ ਸਾਲ ਨਵੰਬਰ ਵਿੱਚ ਅਸਤੀਫ਼ਾ ਦੇ ਦਿੱਤਾ ਸੀ। ਇਸ ਬਾਅਦ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਵਜ਼ਾਰਤੀ ਸਾਥੀਆਂ ਨੇ ਉਨ੍ਹਾਂ ਨੂੰ ਡਿਊਟੀ 'ਤੇ ਆਉਣ ਲਈ ਰਾਜ਼ੀ ਕਰ ਲਿਆ ਸੀ ਪਰ ਉਸ ਸਮੇਂ ਉਨ੍ਹਾਂ ਨੇ ਸੁਆਲ ਕੀਤਾ ਸੀ ਕਿ ਉਨ੍ਹਾਂ ਦੀ ਨਿਯੁਕਤੀ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ, ਜਿਸ 'ਚ ਐਡਵੋਕੇਟ ਜਨਰਲ ਦਫ਼ਤਰ ਅਤੇ ਦੋ ਅਧਿਕਾਰੀਆਂ ਦੀ ਭੂਮਿਕਾ ਹੈ। ਅਜਿਹੇ ਹਾਲਾਤ ਵਿੱਚ ਅਦਾਲਤ ਵਿੱਚ ਉਨ੍ਹਾਂ ਦੇ ਕੇਸ ਦੀ ਪੈਰਵੀ ਕੌਣ ਕਰੇਗਾ ? ਉਸ ਸਮੇਂ ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਸਰਕਾਰ ਹਰ ਸੰਭਵ ਕਦਮ ਚੁੱਕੇਗੀ। ਪਰ ਹੋਇਆ ਉਹੀ ਜਿਸ ਦਾ ਖ਼ਦਸ਼ਾ ਸੀ। ਹਾਈ ਕੋਰਟ ਨੇ ਉਨ੍ਹਾਂ ਦੀ ਨਿਯੁਕਤੀ ਰੱਦ ਕਰ ਦਿੱਤੀ। ਸ਼ਾਇਦ ਇਸ ਫੈਸਲੇ ਦੇ ਮੱਦੇਨਜ਼ਰ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੜ ਡਿਊਟੀ 'ਤੇ ਹਾਜ਼ਰ ਹੋਣਾ ਗ਼ਲਤੀ ਸੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਬਿਹਤਰੀਨ ਪ੍ਰਸ਼ਾਸਨ ਦੇਣ ਲਈ ਯਤਨ ਕਰਨ। ਮੁੱਖ ਮੰਤਰੀ ਦਫ਼ਤਰ ਅਤੇ ਕੁਝ ਮੰਤਰੀਆਂ ਨੂੰ ਆਸ ਹੈ ਕਿ ਉਹ ਸਾਬਕਾ ਮੁੱਖ ਪ੍ਰਮੁੱਖ ਸਕੱਤਰ ਨੂੰ ਮੁੜ ਆਉਣ ਲਈ ਰਾਜ਼ੀ ਕਰ ਲੈਣਗੇ। ਮੁੱਖ ਮੰਤਰੀ ਨੇ ਸੁਰੇਸ਼ ਕੁਮਾਰ ਦੀ ਨਿਯੁਕਤੀ ਰੱਦ ਹੋਣ ਬਾਅਦ ਦੇ ਹਾਲਾਤ 'ਤੇ ਵੀ ਗੌਰ ਕੀਤਾ। ਉਨ੍ਹਾਂ ਨੇ ਇਸ ਸਿਲਸਿਲੇ 'ਚ ਮੁੱਖ ਸਕੱਤਰ ਅਤੇ ਹੋਰ ਅਧਿਕਾਰੀਆਂ ਨਾਲ ਵੀ ਚਰਚਾ ਕੀਤੀ। ਸਰਕਾਰ ਵੱਲੋਂ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ।

# ਕੈਪਟਨ ਦੇ ਰਾਹਾਂ 'ਚ ਕੰਡੇ ਬੀਜ ਰਹੇ ਨੇ ਉਸਦੇ ਦਰਬਾਰੀ

**ਚੰਡੀਗੜ੍ਹ/ਬਿਊਰੋ ਨਿਊਜ਼:** ਦਹਾਕੇ ਬਾਅਦ ਨਸੀਬ ਹੋਈ ਪੰਜਾਬ ਦੀ ਸੱਤਾ ਦੇ ਦਸ ਮਹੀਨਿਆਂ ਬਾਅਦ ਹੀ ਮੁੱਖ ਮੰਤਰੀ ਅਮਰਿੰਦਰ ਸਿੰਘ ਪਿਛਲੇ ਕਾਰਜਕਾਲ ਵਾਂਗ 'ਦਰਬਾਰੀਆਂ' ਵਿੱਚ ਘਿਰ ਗਏ ਹਨ। ਪਿਛਲੇ ਵਰ੍ਹੇ 16 ਮਾਰਚ ਨੂੰ ਸੱਤਾ ਸੰਭਾਲਣ ਬਾਅਦ ਮੁੱਖ ਮੰਤਰੀ ਨੇ ਆਪਣੀਆਂ ਪ੍ਰਸ਼ਾਸਕੀ ਤੇ ਸਿਆਸੀ ਗਤੀਵਿਧੀਆਂ ਬਹੁਤ ਹੀ ਸੀਮਤ ਕਰ ਲਈਆਂ ਸਨ। ਉਹ ਅਕਸਰ ਆਪਣੇ ਸਰਕਾਰੀ ਮਕਾਨ ਜਾਂ ਘਰ ਵਿਚਲੇ ਦਫ਼ਤਰ ਵਿੱਚ ਹੀ ਅਫ਼ਸਰਾਂ ਨਾਲ ਮੀਟਿੰਗਾਂ ਕਰਦੇ ਹਨ। ਉਹ ਸਕੱਤਰੇਤ ਵਿਚਲੇ ਦਫ਼ਤਰ 'ਚ ਘੱਟ ਹੀ ਫੇਰੀ ਪਾਉਂਦੇ ਹਨ।

ਸੂਤਰਾਂ ਮੁਤਾਬਕ ਅਮਰਿੰਦਰ ਸਿੰਘ ਜਾਂ ਤਾਂ ਪਹਿਲੇ ਦਿਨ ਸਕੱਤਰੇਤ ਵਿਚਲੇ ਦਫ਼ਤਰ ਵਿੱਚ ਕੁਰਸੀ 'ਤੇ ਬੈਠ ਕੇ ਤਸਵੀਰ ਖਿਚਵਾਉਣ ਆਏ ਸਨ ਜਾਂ ਫਿਰ ਕਦੇ ਕਦਾਈ ਜਦੋਂ ਵਜ਼ਾਰਤੀ ਮੀਟਿੰਗ ਹੁੰਦੀ ਹੈ ਤਾਂ ਸਕੱਤਰੇਤ ਆ ਜਾਂਦੇ ਹਨ। ਮੁੱਖ ਮੰਤਰੀ ਵੱਲੋਂ ਸਕੱਤਰੇਤ ਤੋਂ ਮੂੰਹ ਫੇਰ ਲੈਣ ਕਾਰਨ ਹੋਰ ਮੰਤਰੀ ਵੀ ਘੱਟ ਹੀ ਬਹੁੜਦੇ ਹਨ। ਮੁੱਖ ਮੰਤਰੀ ਸਮੇਤ ਮੰਤਰੀਆਂ ਦੇ ਸਕੱਤਰੇਤ ਨਾ ਆਉਣ ਕਾਰਨ ਪੰਜਾਬ ਤੋਂ ਕੰਮ-ਕਾਜ ਲਈ ਆਉਣ ਵਾਲੇ ਲੋਕਾਂ ਦੀਆਂ ਭੀੜਾਂ ਵੀ ਨਹੀਂ ਦਿਖਾਈ ਦਿੰਦੀਆਂ। ਕਿਹਾ ਜਾ ਸਕਦਾ ਹੈ ਕਿ ਸਕੱਤਰੇਤ ਪੂਰੀ ਤਰ੍ਹਾਂ ਬਾਬੂਆਂ ਹਵਾਲੇ ਹੈ। ਪੰਜਾਬ ਦੇ ਬਹੁਤੇ ਵਿਭਾਗਾਂ 'ਚ ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ ਅਤੇ ਸਰਕਾਰ ਦੀ ਕਾਰਗੁਜ਼ਾਰੀ ਜ਼ੀਰੋ ਹੋ ਗਈ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਦੀ ਨਿਯੁਕਤੀ ਨੂੰ ਰੱਦ ਕਰਨ ਦੇ ਫੈਸਲੇ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅੱਗੇ ਸਰਕਾਰ ਦਾ ਅਕਸ ਸੁਧਾਰਨ ਦੀ ਵੱਡੀ ਚੁਣੌਤੀ ਖੜ੍ਹੀ ਹੋ ਗਈ ਹੈ ਕਿਉਂਕਿ ਤਾਜ਼ਾ ਘਟਨਾਕ੍ਰਮ ਅਤੇ ਸੰਕਟ ਨੂੰ ਦਰਬਾਰੀਆਂ ਦੀ ਹੀ ਦੇਣ ਮੰਨਿਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਕੁੱਝ ਮੰਤਰੀਆਂ ਨੇ ਵੀ ਦਰਬਾਰੀਆਂ



ਦੀਆਂ ਬੇਲੋੜੀਆਂ ਗਤੀਵਿਧੀਆਂ 'ਤੇ ਚਰਚਾ ਕਰਨੀ ਸ਼ੁਰੂ ਕਰ ਦਿੱਤੀ ਹੈ। ਸਰਕਾਰ 'ਚ ਇਹ ਕਾਫ਼ੀ ਹੱਦ ਤਕ ਸਪੱਸ਼ਟ ਹੋ ਚੁੱਕਾ ਹੈ ਕਿ ਮੁੱਖ ਮੰਤਰੀ ਨਾਲ ਤਾਇਨਾਤ ਇੱਕ ਵਿਵਾਦਤ ਕਿਸਮ ਦੇ ਸਲਾਹਕਾਰ ਨੇ ਵਿਜੀਲੈਂਸ ਬਿਊਰੋ ਅਤੇ ਟਰਾਂਸਪੋਰਟ ਵਿਭਾਗ ਦੀ ਅਸਿੱਧੇ ਢੰਗ ਨਾਲ 'ਵਾਗਡੋਰ ਸੰਭਾਲੀ' ਹੋਈ ਹੈ। ਵਿਜੀਲੈਂਸ ਵੱਲੋਂ ਲਏ ਗਏ ਵਿਵਾਦਤ ਫੈਸਲਿਆਂ ਪਿੱਛੇ ਵੀ ਇਸੇ ਸਲਾਹਕਾਰ ਦਾ ਹੱਥ ਮੰਨਿਆ ਜਾਂਦਾ ਹੈ। ਚਰਚਾ ਹੈ ਕਿ ਇਸੇ ਸਲਾਹਕਾਰ ਦੇ ਦਖ਼ਲ ਕਾਰਨ ਹੀ ਨਵੀਂ ਟਰਾਂਸਪੋਰਟ ਨੀਤੀ ਲਾਗੂ ਨਹੀਂ ਹੋ ਰਹੀ। ਟਰਾਂਸਪੋਰਟ ਵਿਭਾਗ ਦੇ ਵਿਵਾਦਾਂ 'ਚ ਘਿਰੇ ਰਹਿਣ ਵਾਲੇ ਸਾਬਕਾ ਅਫ਼ਸਰ ਹਰਮੇਲ ਸਿੰਘ ਦੇ ਪੁੱਤਰ ਨੂੰ ਵੀ ਟਰਾਂਸਪੋਰਟ ਵਿਭਾਗ ਵਿੱਚ ਇਸੇ ਸਲਾਹਕਾਰ ਦੀ ਮਿਹਰਬਾਨੀ ਨਾਲ ਅਨਿਯਮਤ ਦਾਖ਼ਲਾ ਮਿਲਿਆ ਹੈ। ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਟਰਾਂਸਪੋਰਟ ਨੀਤੀ ਲਾਗੂ ਨਾ ਹੋਣ ਦਾ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕੈਪਟਨ ਹਕੂਮਤ ਸੂਬੇ ਦੇ ਸਭ ਤੋਂ ਵੱਡੇ ਟਰਾਂਸਪੋਰਟਰ ਵਜੋਂ ਜਾਣੇ ਜਾਂਦੇ ਬਾਦਲ ਪਰਿਵਾਰ ਨੂੰ ਨਾਰਾਜ਼ ਕਰਨ ਦੇ ਰੌਅ ਵਿੱਚ ਨਹੀਂ ਹੈ।

ਪੰਜਾਬ ਵਜ਼ਾਰਤ ਦਾ ਆਕਾਰ ਛੋਟਾ ਹੋਣ ਕਾਰਨ ਜ਼ਿਆਦਾਤਰ ਵਿਭਾਗ ਮੁੱਖ ਮੰਤਰੀ ਨੇ ਆਪਣੇ ਕੋਲ ਰੱਖੇ ਹੋਏ ਹਨ। ਮੁੱਖ ਮੰਤਰੀ ਸਾਰੇ ਵਿਭਾਗਾਂ ਨੂੰ ਸਮਾਂ ਨਹੀਂ ਦੇ ਰਹੇ। ਕੈਪਟਨ ਅਮਰਿੰਦਰ ਸਿੰਘ ਨੇ ਤਾਂ ਜ਼ਿਆਦਾਤਰ ਵਿਭਾਗਾਂ ਦੀ ਸਮੀਖਿਆ ਹੀ ਨਹੀਂ ਕੀਤੀ, ਜੋ ਜ਼ਰੂਰੀ ਕਦਮ ਹੈ। ਮੁੱਖ ਮੰਤਰੀ ਕੋਲ ਇਸ ਸਮੇਂ 40 ਤੋਂ ਵੱਧ ਵਿਭਾਗ ਹਨ। ਇਨ੍ਹਾਂ 'ਚ ਕਈ ਵੱਡੇ ਵਿਭਾਗ ਸ਼ਾਮਲ ਹਨ, ਜੋ ਲਗਾਤਾਰ ਨਿਗਰਾਨੀ ਭਾਲਦੇ ਹਨ। ਮੁੱਖ ਮੰਤਰੀ ਕੋਲ ਖੇਤੀਬਾੜੀ, ਸਹਿਕਾਰਤਾ, ਗ੍ਰਹਿ (ਪੰਜਾਬ ਪੁਲੀਸ), ਵਿਜੀਲੈਂਸ, ਕਰ ਤੇ ਆਬਕਾਰੀ, ਖੁਰਾਕ ਤੇ ਸਿਵਲ ਸਪਲਾਈ, ਪਸ਼ੂ ਪਾਲਣ ਤੇ ਮੱਛੀ ਪਾਲਣ, ਉਦਯੋਗ ਤੇ ਵਣਜ, ਬਿਜਲੀ, ਸਿੰਜਾਈ, ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ, ਮਾਲ ਤੇ ਮੁੜ ਵਸੇਬਾ, ਸ਼ਹਿਰੀ ਹਵਾਬਾਜ਼ੀ ਤੇ ਟਰਾਂਸਪੋਰਟ ਆਦਿ ਵਿਭਾਗ ਹਨ।

### 'ਰਾਜ ਪ੍ਰਬੰਧ 'ਚ ਸੁਧਾਰ ਲਈ ਦਰਬਾਰੀਆਂ ਦੀ ਬਲੀ ਜ਼ਰੂਰੀ'

ਇੱਕ ਮੰਤਰੀ ਨੇ ਮੰਨਿਆ ਕਿ ਅਮਰਿੰਦਰ ਸਿੰਘ ਨੂੰ ਕੁਸ਼ਲ ਪ੍ਰਸ਼ਾਸਨ ਦੇਣ ਲਈ ਸੁਰੇਸ਼ ਕੁਮਾਰ ਨੂੰ ਵਾਪਸ ਲਿਆਉਣ ਤੋਂ ਇਲਾਵਾ ਸਰਕਾਰ ਦਾ ਅਕਸ ਸੁਧਾਰਨ ਲਈ ਸਰਕਾਰੀ ਕੰਮਾਂ 'ਚ ਅੜਿੱਕਾ ਤੇ ਬਦਨਾਮੀ ਦਾ ਕਾਰਨ ਬਣਨ ਵਾਲੇ ਦਰਬਾਰੀਆਂ ਦੀ 'ਬਲੀ' ਲੈਣੀ ਪਵੇਗੀ। ਇਸ ਮੰਤਰੀ ਦਾ ਕਹਿਣਾ ਹੈ ਕਿ ਜੇਕਰ ਕੈਪਟਨ ਹਕੂਮਤ 'ਚ ਦਰਬਾਰੀਆਂ ਦਾ ਸਿੱਕਾ ਇਸੇ ਤਰ੍ਹਾਂ ਚਲਦਾ ਰਿਹਾ ਤਾਂ 2019 ਦੀਆਂ ਲੋਕ ਸਭਾ ਚੋਣਾਂ ਦਾ ਰਾਹ ਕੰਡਿਆਂ ਭਰਿਆ ਹੋਵੇਗਾ। 2019 ਦੀਆਂ ਲੋਕ ਸਭਾ ਚੋਣਾਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਲਈ ਵੱਡੀ ਚੁਣੌਤੀ ਹੋਣ ਕਾਰਨ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਵੀ ਪਾਰਟੀ ਹਾਈ ਕਮਾਨ ਦੀ ਨਜ਼ਰ ਹੈ।

## ਮਾਫ਼ ਕਰੋ ਕਿਸਾਨ ਭਰਾਵੋ, ਹੁਣ ਕਰਜ਼ੇ ਮਾਫ਼ ਨਹੀਂ ਹੋਣੇ: ਕੈਪਟਨ

**ਚੰਡੀਗੜ੍ਹ/ਬਿਊਰੋ ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਕਿਸਾਨਾਂ ਨੂੰ ਸੰਘਰਸ਼ ਦਾ ਰਾਹ ਤਿਆਗਣ ਦੀ ਅਪੀਲ ਕਰਦਿਆਂ ਆਖਿਆ ਕਿ ਮੌਜੂਦਾ ਪ੍ਰਸਥਿਤੀਆਂ ਮੁਤਾਬਿਕ ਸਰਕਾਰ ਕਿਸਾਨਾਂ ਦੇ ਸਮੁੱਚੇ ਕਰਜ਼ੇ 'ਤੇ ਲੀਕ ਫੇਰਨ ਦਾ ਬੋਝ ਨਹੀਂ ਸਹਾਰ ਸਕਦੀ, ਪਰ ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਛੇਤੀ ਤੋਂ ਛੇਤੀ ਹੱਲ ਕੱਢਣ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਡੂੰਘੇ ਆਰਥਿਕ ਸੰਕਟ ਦਾ ਸਾਹਮਣਾ ਕੀਤੇ ਜਾਣ ਦੇ ਬਾਵਜੂਦ ਪੰਜਾਬ ਨੇ ਕਿਸਾਨਾਂ ਨੂੰ ਦੂਜੇ ਸੂਬਿਆਂ ਨਾਲੋਂ ਵੱਧ ਕਰਜ਼ਾ ਰਾਹਤ ਦਿੱਤੀ ਗਈ ਹੈ। ਮਹਾਰਾਸ਼ਟਰ ਨੇ ਕਿਸਾਨਾਂ ਦਾ 1.5 ਲੱਖ ਰੁਪਏ ਤੱਕ ਕਰਜ਼ਾ ਮੁਆਫ਼ ਕੀਤਾ ਹੈ। ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਨੇ ਇੱਕ ਲੱਖ ਰੁਪਏ ਤੱਕ, ਰਾਜਸਥਾਨ ਨੇ 50 ਹਜ਼ਾਰ ਤੱਕ, ਮੱਧ ਪ੍ਰਦੇਸ਼ ਨੇ ਇੱਕ ਲੱਖ ਰੁਪਏ ਤੱਕ ਅਤੇ ਕਰਨਾਟਕ ਨੇ 50 ਹਜ਼ਾਰ ਰੁਪਏ ਤੱਕ ਦਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਹੈ, ਜਦੋਂਕਿ ਪੰਜਾਬ ਸਰਕਾਰ ਨੇ ਜ਼ਿਆਦਾ ਕਰਜ਼ਾ ਮੁਆਫ਼ੀ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਸਿਆਸੀ ਪਾਰਟੀਆਂ ਅਤੇ ਕਿਸਾਨ ਯੂਨੀਅਨਾਂ ਆਪਣੇ ਸੌੜੇ ਸਿਆਸੀ ਹਿੱਤ ਪਾਲਣ ਲਈ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦੇ ਮੁੱਦੇ 'ਤੇ ਕੂੜ ਪ੍ਰਚਾਰ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੂੰ ਪਿਛਲੀ ਅਕਾਲੀ-ਭਾਜਪਾ ਗਠਜੋੜ ਸਰਕਾਰ ਤੋਂ ਖਾਲੀ ਖ਼ਜ਼ਾਨੇ ਦੀ ਵਿਰਾਸਤ ਮਿਲੀ ਸੀ ਅਤੇ ਦੂਜੇ ਪਾਸੇ ਕੇਂਦਰ ਸਰਕਾਰ ਨੇ ਵੀ ਕਿਸਾਨਾਂ ਦੀ ਮਦਦ ਕਰਨ ਤੋਂ ਹੱਥ ਪਿੱਛੇ ਖਿੱਚ ਲਏ, ਜਿਸ ਕਰਕੇ ਸਕੀਮ ਦੇ ਘੇਰੇ 'ਚ ਹੋਰ ਕਿਸਾਨਾਂ ਨੂੰ ਲਿਆਉਣ ਜਾਂ ਦੋ ਲੱਖ ਰੁਪਏ ਤੋਂ ਵੱਧ ਰਕਮ ਦੀ ਕਰਜ਼ਾ ਮੁਆਫ਼ੀ ਦੇਣੀ ਸੰਭਵ ਨਹੀਂ ਹੈ। ਮੁੱਖ ਮੰਤਰੀ ਨੇ ਖੇਤੀ ਕਰਜ਼ਾ ਪੂਰੀ ਤਰ੍ਹਾਂ ਮੁਆਫ਼ ਕਰਨ ਨੂੰ ਅਮਲ ਵਿੱਚ ਲਿਆਉਣ ਲਈ ਕਿਸਾਨਾਂ ਤੋਂ ਹੋਰ ਸਮੇਂ ਦੀ ਮੰਗ ਕਰਦਿਆਂ ਆਖਿਆ ਕਿ ਉਨ੍ਹਾਂ ਦੀ ਸਰਕਾਰ ਇਸ ਵੇਲੇ ਸੂਬੇ ਦੇ ਅਰਥਚਾਰੇ ਨੂੰ ਪੈਰਾਂ-ਸਿਰ ਕਰਨ ਵਿੱਚ ਜੁਟੀ ਹੋਈ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸਾਨਾਂ ਲਈ ਐਲਾਨੀ ਕਰਜ਼ਾ ਮੁਆਫ਼ੀ ਸਕੀਮ ਅਧੀਨ 10.25 ਲੱਖ ਕਿਸਾਨਾਂ ਨੂੰ ਸ਼ਾਮਲ ਕੀਤਾ ਜਾਣਾ ਹੈ ਅਤੇ ਪਹਿਲੇ ਪੜਾਅ ਵਿੱਚ 5.63 ਲੱਖ ਕਿਸਾਨਾਂ ਨੂੰ ਇਸ ਦਾ ਲਾਭ ਹੋਣਾ ਹੈ।

## ਸੰਖੇਪ ਖ਼ਬਰਾਂ

### ਬਲਾਤਕਾਰੀ ਸੌਦਾ ਸਾਧ ਦੇ ਪ੍ਰੇਮੀਆਂ ਵਲੋਂ ਕੀਤੀ ਹਿੰਸਾ 'ਚ ਹੋਏ ਨੁਕਸਾਨ ਦਾ ਬਿਊਰਾ ਹਾਈਕੋਰਟ 'ਚ ਪੇਸ਼

**ਚੰਡੀਗੜ੍ਹ/ਬਿਊਰੋ ਨਿਊਜ਼:** ਗੁਰਮੀਤ ਰਾਮ ਰਹੀਮ ਮਾਮਲੇ ਨੂੰ ਲੈ ਕੇ ਦਰਜ ਜਨਹਿਤ ਪਟੀਸ਼ਨ 'ਚ ਹਰਿਆਣਾ ਸਰਕਾਰ ਵੱਲੋਂ ਬੀਤੇ ਦਿਨੀਂ ਹਾਈਕੋਰਟ ਦੀ ਫੁੱਲ ਬੈਂਚ ਵਿਚ ਦੰਗਿਆਂ ਦੌਰਾਨ ਹੋਏ ਕੁੱਲ ਨੁਕਸਾਨ ਦਾ ਬਿਓਰਾ ਪੇਸ਼ ਕੀਤਾ ਗਿਆ ਹੈ। ਨੁਕਸਾਨ, ਮਾਲੀਆ ਅਤੇ ਹਾਲਾਤ ਨੂੰ ਲੈ ਕੇ ਕੀਤੇ ਗਏ ਖਰਚੇ ਬਾਰੇ ਇਹ ਜਾਣਕਾਰੀ ਪੇਸ਼ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਕੁਲ ਨੁਕਸਾਨ 18,29,37,977, ਮਾਲੀਆ ਨੁਕਸਾਨ 80,57,63,0 58 ਅਤੇ ਦਿੱਤੀਆਂ ਸੇਵਾਵਾਂ ਵਿਚ ਹੋਏ ਖਰਚ ਦੀ ਰਾਸ਼ੀ 20,09,33,824 ਦੱਸਿਆ ਹੈ। ਹਾਈਕੋਰਟ ਦੀ ਫੁੱਲ ਬੈਂਚ ਨੇ ਇਹ ਰਿਪੋਰਟ ਆਨ ਰਿਕਾਰਡ ਲੈਂਦੇ ਹੋਏ ਮਾਮਲੇ ਵਿਚ ਡੇਰੇ ਨੂੰ ਨੋਟਿਸ ਕੀਤਾ ਹੈ। ਕੇਸ ਦੀ ਸੁਣਵਾਈ 6 ਫਰਵਰੀ ਲਈ ਤੈਅ ਕੀਤੀ ਹੈ।

### ਕੈਪਟਨ ਕਹਿੰਦਾ 1 ਬਦਲੇ 10 ਪਾਕਿ ਜਵਾਨ ਮਾਰੋ

**ਚੰਡੀਗੜ੍ਹ/ਬਿਊਰੋ ਨਿਊਜ਼:** ਵੱਧ ਰਹੀ ਘੁਸਪੈਠ ਅਤੇ ਪਾਕਿਸਤਾਨੀ ਸੈਨਿਕਾਂ ਅਤੇ ਅੱਤਵਾਦੀਆਂ ਵੱਲੋਂ ਜੰਗਬੰਦੀ ਦੀ ਕੀਤੀ ਜਾ ਰਹੀ ਉਲੰਘਣਾ ਖ਼ਿਲਾਫ਼ ਸਖ਼ਤ ਸਟੈਂਡ ਲੈਂਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਰਤੀ ਫ਼ੌਜ ਨੂੰ ਚਾਹੀਦਾ ਹੈ ਕਿ ਉਹ ਗੁਆਂਢੀ ਮੁਲਕ ਨੂੰ ਸਖ਼ਤ ਮੂੰਹ ਤੋੜ ਜਵਾਬ ਦੇਵੇ। ਕੈਪਟਨ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਜੇਕਰ ਸਾਡਾ ਇਕ ਜਵਾਨ ਮਰਦਾ ਹੈ ਤਾਂ ਉਨ੍ਹਾਂ ਦੇ 10 ਜਵਾਨ ਮਾਰਨੇ ਚਾਹੀਦੇ ਹਨ।

### ਫਰਾਰ ਐਨ ਆਰ ਆਈ ਪਤੀਆਂ ਦੇ ਪਾਸਪੋਰਟ ਹੋਣਗੇ ਰੱਦ

ਨਵੀਂ ਦਿੱਲੀ/ਬਿਊਰੋ ਨਿਊਜ਼:ਭਾਰਤ ਵਿਚ ਵਿਆਹ ਕਰ ਕੇ ਪਤਨੀਆਂ ਨੂੰ ਛੱਡ ਕੇ ਵਿਦੇਸ਼ ਜਾਣ ਵਾਲੇ ਐੱਨ. ਆਰ. ਆਈ. ਦੇ ਪਾਸਪੋਰਟ ਨੂੰ ਰੱਦ ਕਰ ਦਿੱਤਾ ਜਾਵੇਗਾ। ਸਰਕਾਰ ਦੀ ਨੋਡਲ ਏਜੰਸੀ ਨੇ ਫਰਾਰ ਪਤੀਆਂ ਖ਼ਿਲਾਫ਼ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਘੱਟ ਤੋਂ ਘੱਟ 10 ਅਜਿਹੇ ਦੋਸ਼ੀਆਂ ਦੇ ਪਾਸਪੋਰਟ ਰੱਦ ਕਰਨ ਦੀ ਸਿਫਾਰਿਸ਼ ਕੀਤੀ ਹੈ। ਇਹ ਫੈਸਲਾ ਐੱਨ. ਆਰ. ਆਈ. ਵਿਆਹ 'ਤੇ ਇਨਟੈਗਰੇਟਿਡ ਨੋਡਲ ਗਠਨ ਏਜੰਸੀ ਦੀ ਬੈਠਕ ਵਿਚ ਲਿਆ ਗਿਆ। ਜਿਸ ਦੀ ਅਗਵਾਈ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਨੇ ਕੀਤੀ।

### ਸ਼ਿਵਲਿੰਗ ਬਾਰੇ ਗਲਤ ਸ਼ਬਦਾਵਲੀ ਵਰਤਣ ਵਾਲੇ 'ਆਪ' ਨੇਤਾ 'ਤੇ ਕੇਸ ਦਰਜ

ਫਿਲੌਰ/ਬਿਊਰੋ ਨਿਊਜ਼: ਫਿਲੌਰ ਤੋਂ ਆਮ ਆਦਮੀ ਪਾਰਟੀ ਫਿਲੌਰ ਦੇ ਪ੍ਰਧਾਨ ਰਜਿੰਦਰ ਸੰਧੂ ਵਲੋਂ ਬੀਤੇ ਦਿਨੀਂ ਆਪਣੀ ਫੇਸਬੁੱਕ 'ਤੇ ਸ਼ਿਵਲਿੰਗ ਬਾਰੇ ਗਲਤ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ, ਜਿਸ ਕਾਰਨ ਇਲਾਕੇ ਦੇ ਕਈ ਹਿੰਦੂ ਸੰਗਠਨਾਂ ਵਲੋਂ ਇਸ ਦਾ ਡਟਵਾਂ ਵਿਰੋਧ ਕੀਤਾ ਗਿਆ ਸੀ। ਇਸ ਸਬੰਧੀ ਸਬੰਧੀ ਡੀ. ਐਸ. ਪੀ. ਫਿਲੌਰ ਕਮਲਪ੍ਰੀਤ ਸਿੰਘ ਚਾਹਲ ਨੇ ਦੱਸਿਆ ਕਿ ਜਾਂਚ ਉਪਰੰਤ ਰਜਿੰਦਰ ਸੰਧੂ ਦੇ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ।

# ਮੰਗਾਂ ਲਈ ਠੰਢੀਆਂ ਰਾਤਾਂ 'ਚ ਘੋਲ ਕਰਨ ਲਈ ਮਜਬੂਰ ਨੇ ਪੰਜਾਬ ਦੇ ਧਰਤੀ ਪੁੱਤਰ

**ਸੰਗਰੂਰ/ਬਿਊਰੋ ਨਿਊਜ਼:** ਸਮੁੱਚੇ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਸਮੇਤ ਹੋਰ ਕਿਸਾਨੀ ਮੰਗਾਂ ਦੀ ਪ੍ਰਾਪਤੀ ਲਈ ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਦੀ ਅਗਵਾਈ ਹੇਠ ਸ਼ੁਰੂ ਹੋਇਆ ਪੰਜ ਦਿਨਾਂ ਦਾ ਪੱਕਾ ਮੋਰਚਾ ਇੱਥੇ ਡੀਸੀ ਕੰਪਲੈਕਸ ਅੱਗੇ ਖ਼ਰਾਬ ਮੌਸਮ ਦੇ ਬਾਵਜੂਦ ਦੂਜੇ ਦਿਨ ਵੀ ਜਾਰੀ ਰਿਹਾ। ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਵੱਲੋਂ ਵਰ੍ਹਦੇ ਮੀਂਹ ਦੌਰਾਨ ਹੀ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ ਅਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਮਾਘ ਮਹੀਨੇ ਦੀਆਂ ਠੰਢੀਆਂ ਰਾਤਾਂ, ਅੱਜ ਸਵੇਰ ਤੋਂ ਵਗਦੀਆਂ ਤੇਜ਼ ਹਵਾਵਾਂ ਅਤੇ ਜ਼ੋਰਦਾਰ ਬਾਰਸ਼ ਦੌਰਾਨ ਵੀ ਡੀਸੀ ਕੰਪਲੈਕਸ ਅੱਗੇ ਸੜਕ ਉਪਰ ਕਿਸਾਨ ਰਹੇ। ਕੰਪਲੈਕਸ ਦੀ ਕੰਧ ਦੇ ਨਾਲ-ਨਾਲ ਦਰਜਨਾਂ ਟਰੈਕਟਰ ਟਰਾਲੀਆਂ ਕਿਸਾਨਾਂ ਦਾ ਰਾਤ ਨੂੰ ਰੈਣ-ਬਸੇਰਾ ਬਣੀਆਂ ਹੋਈਆਂ ਹਨ। ਟਰਾਲੀਆਂ 'ਤੇ ਤਰਪਾਲਾਂ ਤਾਣ ਕੇ ਕਿਸਾਨਾਂ ਨੇ ਰਾਤ ਗੁਜ਼ਾਰੀ ਅਤੇ ਚੁੱਲ੍ਹੇ ਬਾਲ਼ ਕੇ ਆਪਣੀ ਦਾਲ-ਰੋਟੀ ਦਾ ਜੁਗਾੜ ਵੀ ਕੀਤਾ। ਅੱਜ ਸਵੇਰ ਤੋਂ ਰੁਕ ਰੁਕ ਪੈ ਰਹੇ ਮੀਂਹ ਦੇ ਬਾਵਜੂਦ ਕਿਸਾਨ ਧਰਨੇ ਉਪਰ ਡਟੇ ਰਹੇ ਅਤੇ ਜ਼ੋਰਦਾਰ ਮੀਂਹ ਵਿੱਚ ਸ਼ਹਿਰ 'ਚ ਰੋਸ ਮਾਰਚ ਕੀਤਾ ਗਿਆ, ਜਿਸਦੀ ਅਗਵਾਈ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕੀਤੀ।

ਧਰਨੇ ਨੂੰ ਸੰਬੋਧਨ ਕਰਦਿਆਂ ਸ੍ਰੀ ਉਗਰਾਹਾਂ ਨੇ ਦੋਸ਼



ਸੰਗਰੂਰ 'ਚ ਦੂਜੇ ਦਿਨ ਖ਼ਰਾਬ ਮੌਸਮ ਦੇ ਬਾਵਜੂਦ ਖੁੱਲ੍ਹੇ ਆਸਮਾਨ ਹੇਠ ਲੰਗਰ ਬਣਾਉਣ 'ਚ ਰੁੱਝੇ ਕਿਸਾਨ।

ਲਾਇਆ ਕਿ ਸੂਬੇ ਦੇ ਵੱਡੇ ਘਰਾਣੇ ਹਜ਼ਾਰਾਂ ਏਕੜ ਜ਼ਮੀਨਾਂ ਦੱਬੀ ਬੈਠੇ ਹਨ ਅਤੇ ਸਬਸਿਡੀਆਂ ਪ੍ਰਾਪਤ ਕਰਕੇ ਸਰਕਾਰਾਂ ਨੂੰ ਮੋਟਾ ਚੂਨਾ ਲਗਾ ਰਹੇ ਹਨ ਜਦੋਂਕਿ ਛੋਟੇ ਕਿਸਾਨ ਅਤੇ ਬੇਜ਼ਮੀਨੇ ਕਿਸਾਨ ਕਰਜ਼ੇ ਦੇ ਬੋਝ ਹੇਠ ਦੱਬ ਕੇ ਦਮ ਤੋੜ ਰਹੇ ਹਨ। ਸਰਕਾਰ ਵੱਡੇ ਘਰਾਣਿਆਂ ਦਾ ਕਰਜ਼ਾ ਮੁਆਫ ਕਰ ਰਹੀ ਹੈ ਜਦੋਂ ਕਿ ਛੋਟੇ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਲਈ ਮਜਬੂਰ ਕੀਤਾ ਜਾ ਰਿਹਾ ਹੈ। ਬੁਲਾਰਿਆਂ ਨੇ ਮੰਗ ਕੀਤੀ ਕਿ ਸਰਕਾਰ ਆਪਣੇ ਵਾਅਦੇ ਅਨੁਸਾਰ ਸਮੁੱਚੇ ਕਿਸਾਨ-ਮਜ਼ਦੂਰਾਂ ਦਾ ਸਾਰਾ ਕਰਜ਼ਾ ਮੁਆਫ਼ ਕਰੇ, ਹਰ ਘਰ ਵਿਚ ਨੌਕਰੀ ਦੇਵੇ, ਪੜ੍ਹੇ-ਲਿਖੇ ਨੌਜਵਾਨਾਂ ਨੂੰ ਯੋਗਤਾ ਅਨੁਸਾਰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ, ਖੁਦਕਸ਼ੀ ਪੀੜਤ ਕਿਸਾਨਾਂ ਦਾ ਸਾਰਾ ਕਰਜ਼ਾ ਖਤਮ ਕਰਕੇ ਇੱਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ, ਜਸਵਿੰਦਰ ਸਿੰਘ ਸੋਮਾ ਲੌਂਗੋਵਾਲ, ਬਹਾਦਰ ਸਿੰਘ ਭੁਟਾਲ ਖੁਰਦ, ਜਸਵੰਤ ਸਿੰਘ ਤੋਲਾਵਾਲ, ਰਾਜਪਾਲ ਸਿੰਘ ਮੰਗਵਾਲ, ਮਨਜੀਤ ਸਿੰਘ ਘਰਾਚੋਂ, ਰਾਮਸ਼ਰਨ ਉਗਰਾਹਾਂ, ਦਰਸ਼ਨ ਸਿੰਘ ਸ਼ਾਦੀਹਰੀ ਆਦਿ ਵੀ ਸ਼ਾਮਲ ਸਨ।

## ਭਗਵੰਤ ਮਾਨ ਸੰਗਰੂਰ ਤੋਂ ਹੀ ਲੜੇਗਾ ਲੋਕ ਸਭਾ ਚੋਣ

**ਰੁੜਕੇ ਕਲਾਂ/ਬਿਊਰੋ ਨਿਊਜ਼**,ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ 2019 ਦੀ ਲੋਕ ਸਭਾ ਚੋਣ ਸੰਗਰੂਰ ਤੋਂ ਹੀ ਲੜਨ ਦਾ ਐਲਾਨ ਕੀਤਾ ਹੈ। ਹਲਕਾ ਭਦੌੜ ਦੇ ਅੱਠ ਪਿੰਡਾਂ ਦੇ ਦੌਰੇ 'ਆਪ ਆਪਣਿਆਂ ਨਾਲ' ਤਹਿਤ ਪਿੰਡ ਅਸਪਾਲ ਕਲਾਂ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਮਾਨ ਨੇ ਆਖਿਆ ਕਿ ਸੰਗਰੂਰ ਦੇ ਲੋਕਾਂ ਨੇ 2.5 ਲੱਖ ਵੋਟਾਂ ਨਾਲ ਜਿਤਾ ਕੇ ਉਨ੍ਹਾਂ 'ਤੇ ਜੋ ਭਰੋਸਾ ਪ੍ਰਗਟ ਕੀਤਾ ਹੈ, ਉਸਨੂੰ ਉਹ ਕਦੇ ਨਹੀਂ ਤੋੜਨਗੇ। ਦੱਸਣਯੋਗ ਹੈ ਕਿ ਸਿਆਸੀ ਗਲਿਆਰਿਆਂ ਵਿੱਚ ਪਿਛਲੇ ਕੁਝ ਦਿਨਾਂ ਤੋਂ ਭਗਵੰਤ ਮਾਨ ਵੱਲੋਂ ਬਠਿੰਡਾ ਤੋਂ ਲੋਕ ਸਭਾ ਚੋਣ ਲੜਨ ਦੀਆਂ ਚਰਚਾਵਾਂ ਹਨ।

# ਹਰਿਆਣਾ 'ਚ ਕੈਦੀਆਂ ਨੂੰ ਸੁਧਾਰੇਗੀ ਗਊ ਮਾਤਾ ਥੈਰੇਪੀ

### *'ਜਾਦੂਈ ਸ਼ਕਤੀ ਨਾਲ ਬਦਲ ਜਾਣਗੇ ਅਪਰਾਧੀਆਂ ਦੇ ਮਨ'*

**ਚੰਡੀਗੜ੍ਹ/ਬਿਊਰੋ ਨਿਊਜ਼:** ਹਰਿਆਣਾ ਸਰਕਾਰ ਅੱਜਕੱਲ੍ਹ ਆਰ. ਐੱਸ. ਐੱਸ. ਦੇ ਭਗਵੇਂ ਏਜੰਡੇ ਨੂੰ ਲਾਗੂ ਕਰਨ ਦੇ ਲਈ ਹਰਿਆਣਾ ਦੀ ਜਨਤਾ ਨੂੰ ਗਾਂ ਦਾ ਪੇਸ਼ਾਬ ਪਿਆਏਗੀ। ਇਸ ਦੇ ਨਾਲ ਹਰਿਆਣਾ ਦੀਆਂ ਛੇ ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਹੁਣ ਕਾਊ ਥੈਰੇਪੀ ਦਿੱਤੀ ਜਾਵੇਗੀ, ਤਾਂ ਜੋ ਉਹ ਗਾਂ ਦੀ ਕਿਰਪਾ ਤੇ ਜਾਦੂਈ ਸ਼ਕਤੀ ਨਾਲ ਸੁਧਰ ਜਾਣ। ਇਸ ਦੇ ਤਹਿਤ ਕੈਦੀ ਗਊ ਦੀ ਸੇਵਾ ਕਰਨਗੇ, ਗਊ ਦਾ ਦੁੱਧ ਪੀਣਗੇ। ਸੂਬੇ ਦੀਆਂ ਜੇਲ੍ਹਾਂ ਵਿਚ ਕੈਦੀਆਂ ਦੀ ਮਾਨਸਿਕ ਤੇ ਸਰੀਰਕ ਸਿਹਤ ਦਰੁੱਸਤ ਰੱਖਣ ਲਈ ਇਹ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ। 6 ਜੇਲ੍ਹਾਂ ਦੇ ਲਈ 600 ਗਊਆਂ ਮੰਗਾਈਆਂ ਜਾਣਗੀਆਂ। ਗਊਆਂ ਲਈ ਥਾਂ ਵੀ ਬਣਾਈ ਜਾਵੇਗੀ। ਇਹ ਕੰਮ ਅਗਲੇ ਮਹੀਨੇ ਤੋਂ ਸ਼ੁਰੂ ਹੋਵੇਗਾ। ਪੂਰੇ ਪ੍ਰੋਗਰਾਮ ਲਈ 1 ਕਰੋੜ 5 ਲੱਖ ਰੁਪਏ ਦਾ ਬਜਟ ਵੀ ਤੈਅ ਕੀਤਾ ਗਿਆ ਹੈ। ਹਰਿਆਣਾ ਦੇ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਭਨੀ ਰਾਮ ਮੰਗਲਾ ਦਾ ਕਹਿਣਾ ਹੈ ਕਿ 'ਗਊ ਹਿੰਦੂ ਧਰਮ ਦੀ ਮਾਤਾ ਹੈ ਤੇ ਗਾਂ ਵਿਚ ਇਕ ਜਾਦੂਈ ਤਾਕਤ ਹੁੰਦੀ ਹੈ, ਜਿਸ ਦੇ ਕਈ ਲਾਭ ਹੁੰਦੇ ਹਨ। ਇਸ ਦੀ ਕਿਰਪਾ ਨਾਲ ਅਪਰਾਧੀ ਅਪਰਾਧ ਤੋਂ ਦੂਰ ਹੋ ਜਾਣਗੇ।'

ਜੇਲ੍ਹ ਪ੍ਰਸ਼ਾਸਨ ਦਾ ਦਾਅਵਾ ਹੈ ਕਿ ਜੇਲ੍ਹ ਵਿਚ ਪਾਲੀਆਂ ਜਾਣ ਵਾਲੀਆਂ ਗਊਆਂ ਦੀ ਕਿਰਪਾ ਨਾਲ ਕੈਦੀਆਂ ਦੀ ਮਾਨਸਿਕ ਸਥਿਤੀ ਵੀ ਸੁਧਰ ਜਾਵੇਗੀ। ਨਾਲ ਹੀ ਗਊ ਦੇ ਗੋਹੇ ਤੇ ਪੇਸ਼ਾਬ ਨੂੰ ਮਾਰਕੀਟ ਵਿਚ ਵੇਚਣ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਜੇਲ੍ਹ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਗਊ ਮੂਤਰ ਵਿਚ ਅਸਥਮਾ, ਡਾਇਬਿਟੀਜ਼, ਕੈਂਸਰ, ਆਰਥਰਾਈਟਸ ਅਤੇ ਹੱਡੀਆਂ ਦੀਆਂ ਕਈ ਬਿਮਾਰੀਆਂ ਤੋਂ ਬਚਾਉਣ ਦਾ ਗੁਣ ਹੁੰਦਾ ਹੈ। ਇਸ ਤੋਂ ਬਾਅਦ ਅੰਬਾਲਾ, ਜੀਂਦ, ਭਿਵਾਨੀ, ਸੋਨੀਪਤ ਅਤੇ ਰੋਹਤਕ ਜੇਲ੍ਹ ਵਿਚ ਵੀ ਅਜਿਹੇ ਹੀ ਪ੍ਰਯੋਗ ਕੀਤੇ ਜਾਣਗੇ। ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਤੇ ਗੁਜਰਾਤ ਦੀਆਂ ਵੀ ਕੁਝ ਜੇਲ੍ਹਾਂ ਵਿਚ ਗਊਸ਼ਾਲਾਵਾਂ ਬਣਾਈਆਂ ਗਈਆਂ ਹਨ। ਯੂਪੀ ਦੀ ਵੀ ਆਗਰਾ ਤੇ ਇਲਾਹਾਬਾਦ ਦੀਆਂ ਜੇਲ੍ਹਾਂ ਵਿਚ ਗਊਸ਼ਾਲਾ ਬਣਾਈ ਜਾ ਸਕਦੀ ਹੈ।

# ਬਾਬਾ ਰਾਮਦੇਵ ਮਜ਼ਦੂਰਾਂ ਕੋਲੋਂ ਕਾਨੂੰਨੀ ਜੰਗ ਹਾਰਿਆ

**• ਰਾਮਦੇਵ ਵੱਲੋਂ ਦਿੱਤੇ ਇਸ਼ਤਿਹਾਰਾਂ ਕਾਰਨ ਭਾਰਤੀ ਮੀਡੀਆ ਖ਼ਬਰ ਲੁਕਾ ਗਿਆ • ਵਿਦੇਸ਼ੀ ਕੰਪਨੀਆਂ ਨੂੰ ਲੁਟੇਰਾ ਕਹਿਣ ਵਾਲੇ ਬਾਬਾ ਰਾਮਦੇਵ ਦੀ ਕੰਪਨੀ ਪਤੰਜਲੀ ਨੇ ਵਿਦੇਸ਼ੀ ਕੰਪਨੀਆਂ ਨਾਲ ਮਿਲਾਇਆ ਹੱਥ**

## ਕਈ ਵਿਵਾਦਾਂ 'ਚ ਘਿਰਿਆ ਰਿਹਾ ਬਾਬਾ ਰਾਮਦੇਵ ਤੇ ਉਸ ਦੇ ਗੁਰੂ ਨੂੰ ਹਾਲੇ ਤੱਕ ਸੀਬੀਆਈ ਨਾ ਲੱਭ ਸਕੀ

9 ਜਨਵਰੀ ਨੂੰ ਉੱਤਰਾਖੰਡ ਹਾਈ ਕੋਰਟ ਨੇ ਬਾਬਾ ਰਾਮ ਦੇਵ ਦੀ ਦਿਵਯ ਯੋਗ ਫਾਰਮੈਸੀ ਦੇ ਕਾਲੇ ਕਾਰਨਾਮਿਆਂ ਦੇ ਖ਼ਿਲਾਫ਼ ਫੈਸਲਾ ਸੁਣਾਇਆ ਤੇ ਇਸ ਦੀ ਜਾਣਕਾਰੀ ਭਾਰਤੀ ਚੈਨਲਾਂ ਤੇ ਅਖਬਾਰਾਂ ਨੇ ਰੋਕ ਲਈ। ਇਹ ਸਭ ਬਾਬਾ ਰਾਮਦੇਵ ਵੱਲੋਂ ਮੀਡੀਆ ਨੂੰ ਦਿੱਤੇ ਇਸ਼ਤਿਹਾਰਾਂ ਦੀ ਕਰਾਮਾਤ ਸੀ। ਯਾਦ ਰਹੇ ਕਿ 13 ਸਾਲ ਪਹਿਲਾਂ ਰਾਮਦੇਵ ਦੀ ਦਿਵਯ ਫਾਰਮੈਸੀ ਦੀਆਂ ਦਵਾਈਆਂ ਵਿਚ ਮਨੁੱਖ ਦੀਆਂ ਹੱਡੀਆਂ ਮਿਲਾਉਣ ਦਾ ਮਾਮਲਾ ਸੰਸਦ ਵਿਚ ਵੀ ਉੱਠਿਆ ਸੀ ਤੇ ਮੀਡੀਆ ਵਿਚ ਵੀ ਇਸ ਦੀ ਕਾਫੀ ਚਰਚਾ ਹੋਈ ਸੀ। 2005 ਦੌਰਾਨ ਦਿਵਯ ਯੋਗ ਫਾਰਮੈਸੀ ਵਿਚ ਕੰਮ ਕਰਦੇ ਮਜ਼ਦੂਰਾਂ ਨੂੰ ਦਵਾਈਆਂ ਵਿਚ ਮਨੁੱਖੀ ਅੰਗ ਮਿਲਾਉਣ ਦਾ ਸ਼ੱਕ ਉਦੋਂ ਹੋਇਆ ਜਦੋਂ ਇੱਕ ਉਂਗਲੀ ਦੀ ਹੱਡੀ ਵਿਚ ਅੰਗੂਠੀ ਪਾਈ ਗਈ। ਇਸ ਤੋਂ ਜ਼ਾਹਿਰ ਸੀ ਕਿ ਉਹ ਹੱਡੀ ਕਿਸੇ ਮਨੁੱਖ ਦੀ ਸੀ।

ਇਸ 'ਤੇ ਮਜ਼ਦੂਰ ਭੜਕ ਗਏ ਤੇ ਹੱਡੀ ਦਾ ਚੂਰਾ ਮਿਲਾਏ ਜਾਣ ਦੀ ਗੱਲ ਬਾਹਰ ਆ ਗਈ। ਦਿਵਯ ਯੋਗ ਫਾਰਮੈਸੀ ਦੇ ਮਜ਼ਦੂਰਾਂ ਨੇ ਆਪਣੇ ਸ਼ੋਸ਼ਣ ਦੇ ਨਾਲ ਦਵਾਈਆਂ ਵਿਚ ਜਾਨਵਰਾਂ ਦੀਆਂ ਹੱਡੀਆਂ ਦੇ ਚੂਰੇ ਦੇ ਨਾਲ ਮਨੁੱਖੀ ਅੰਗਾਂ ਨੂੰ ਮਿਲਾਉਣ ਦਾ ਦੋਸ਼ ਲਗਾਇਆ ਸੀ। ਉਸ ਵਕਤ ਮਜ਼ਦੂਰਾਂ ਦੀ ਲੜਾਈ ਵਿਚ ਵਰਿੰਦਾ ਕਰਾਤ ਨੇ ਸਮੱਰਥਨ ਤੇ ਸਾਥ ਦਿੱਤਾ ਸੀ। ਅੰਦੋਲਨ ਵੀ ਹੋਇਆ, ਕਿਉਂਕਿ 93 ਮਜ਼ਦੂਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਬਾਅਦ ਵਿਚ 21 ਮਈ 2005 ਨੂੰ ਹਰਿਦੁਆਰ ਦੇ ਮਜ਼ਦੂਰ ਕਮਿਸ਼ਨ ਨੇ ਕੰਪਨੀ ਪ੍ਰਬੰਧਕ ਤੇ ਮਜ਼ਦੂਰਾਂ ਵਿਚ ਸਮਝੌਤਾ ਕਰਵਾ ਦਿੱਤਾ। ਸਮਝੌਤੇ ਦੇ ਤਹਿਤ ਜਦੋਂ ਦੂਜੇ ਦਿਨ ਮਜ਼ਦੂਰ ਸਵੇਰੇ ਕੰਮ 'ਤੇ ਗਏ, ਤਾਂ ਉਨ੍ਹਾਂ ਨੂੰ ਗੇਟ ਤੋਂ ਵਾਪਸ ਭਜਾ ਦਿੱਤਾ ਗਿਆ। ਮਜ਼ਦੂਰ ਨੇ ਅਦਾਲਤਾਂ ਤੋਂ ਲੈ ਕੇ ਹਾਈ ਕੋਰਟ ਤੱਕ ਮਜ਼ਦੂਰਾਂ ਨੇ ਇਹ ਲੜਾਈ ਸੀਟੂ ਦੀ ਅਗਵਾਈ ਵਿਚ ਲੜੀ ਤੇ ਹਾਈ ਕੋਰਟ ਨੇ ਮਜ਼ਦੂਰਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਦਿਵਯ ਯੋਗ ਫਾਰਮੈਸੀ ਨੂੰ ਹੁਕਮ ਦਿੱਤਾ ਹੈ ਕਿ ਉਹ 93 ਮਜ਼ਦੂਰਾਂ ਨੂੰ ਵਾਪਸ ਕੰਮ 'ਤੇ ਰੱਖੇ ਤੇ 2005 ਤੋਂ 13 ਸਾਲ ਦੀ ਤਨਖ਼ਾਹ ਵੀ ਦੇਵੇ ਜੋ 14.50 ਕਰੋੜ ਹੁੰਦਾ ਹੈ। ਮਜ਼ਦੂਰਾਂ ਦੀ ਇਹ ਇੱਕ ਵੱਡੀ ਜਿੱਤ ਹੈ। ਮਜ਼ਦੂਰਾਂ ਦੀ ਜਿੱਤ ਦੀ ਇਹ ਵੱਡੀ ਖ਼ਬਰ ਭਾਰਤੀ ਮੀਡੀਏ ਨੇ ਗਾਇਬ ਹੀ ਕਰ ਦਿੱਤੀ।



### ਕੌਣ ਹੈ ਬਾਬਾ ਰਾਮਦੇਵ

ਭਾਰਤ ਸਰਕਾਰ ਉੱਪਰ ਕਾਲੇ ਧਨ ਤੇ ਭ੍ਰਿਸ਼ਟਾਚਾਰ ਤੇ ਵੱਡੇ ਕਦਮ ਉਠਾਉਣ ਦਾ ਦਬਾਅ ਬਣਾ ਕੇ ਭੁੱਖ ਹੜਤਾਲ ਦਾ ਡਰਾਮਾ ਰਚਣ ਵਾਲੇ ਸਵਾਮੀ ਰਾਮਦੇਵ ਲੰਬੇ ਸਮੇਂ ਤੋਂ ਕਿਸੇ ਨਾ ਕਿਸੇ ਬਹਾਨੇ ਮੀਡੀਆ ਦੀਆਂ ਸੁਰਖੀਆਂ ਬਣਦੇ ਰਹੇ ਹਨ। ਆਪਣੀ ਗੱਲ ਕਹਿਣ ਦੇ ਲਈ ਉਨ੍ਹਾਂ ਕੋਲ ਕਈ ਮਾਧਿਅਮ ਹਨ, ਯੋਗ ਕੈਂਪ, ਉਨ੍ਹਾਂ ਦੇ ਡੀਵੀਡੀ ਕੈਸਿਟ, ਕਿਤਾਬਾਂ, ਇੰਟਰਨੈੱਟ ਤੇ ਵੀਡੀਓ ਅਤੇ ਸ਼ਾਇਦ ਇਸ ਤੋਂ ਵੀ ਵੱਡਾ ਪ੍ਰਭਾਵਸ਼ਾਲੀ ਮਾਧਿਅਮ ਟੀਵੀ ਚੈਨਲ। ਸਵੇਰੇ ਤੜਕੇ ਤੁਸੀਂ ਕੋਈ ਵੀ ਚੈਨਲ ਦੇਖੋ ਭਗਵੇਂ ਕੱਪੜੇ ਪਾ ਕੇ ਯੋਗ ਸਿੱਖਿਆ ਦਿੰਦੇ ਹੋਏ ਸਵਾਮੀ ਰਾਮਦੇਵ ਦਾ ਸਿੱਧਾ ਜਾਂ ਰਿਕਾਰਡਿੰਗ ਪ੍ਰਸਾਰਣ ਤੁਹਾਨੂੰ ਕਿਸੇ ਵੀ ਚੈਨਲ 'ਤੇ ਮਿਲ ਜਾਵੇਗਾ। ਬਾਬਾ ਰਾਮਦੇਵ ਦਾ ਦਾਅਵਾ ਹੈ ਕਿ ਦੁਨੀਆਂ ਭਰ ਵਿਚ ਇੱਕ ਅਰਬ ਤੋਂ ਜ਼ਿਆਦਾ ਲੋਕ ਉਨ੍ਹਾਂ ਦੇ ਯੋਗ ਪ੍ਰੋਗਰਾਮਾਂ ਨੂੰ ਦੇਖਦੇ ਹਨ। ਜ਼ਾਹਿਰ ਹੈ ਕਿ ਉਨ੍ਹਾਂ ਦੇ ਪ੍ਰੋਗਰਾਮ ਹਿੰਦੀ, ਅੰਗਰੇਜ਼ੀ, ਤਾਮਿਲ ਤੇ ਤੇਲਗੂ ਭਾਸ਼ਾ ਵਿਚ 22 ਭਾਰਤੀ ਟੀਵੀ ਚੈਨਲਾਂ ਦੇ ਰਾਹੀਂ ਦੁਨੀਆਂ ਭਰ ਦੇ ਘਰ-ਘਰ ਵਿਚ ਪਹੁੰਚ ਗਏ ਹਨ। ਪਿਛਲੇ ਇਕ ਦਹਾਕੇ ਵਿਚ ਭਾਰਤ ਤੇ ਵਿਸ਼ਵ ਵਿਚ ਯੋਗ ਨੂੰ ਪ੍ਰਚਾਰ ਕਰਨ ਦਾ ਸਿਹਰਾ ਸਵਾਮੀ ਰਾਮਦੇਵ ਨੂੰ ਹੀ ਜਾਂਦਾ ਹੈ।

### ਯੋਗ ਸਿੱਖਿਆ ਦਾ ਵਪਾਰ

ਰਾਮਦੇਵ ਨੂੰ ਇੱਕ ਸਾਧ ਨਾਲੋਂ ਸਫ਼ਲ ਕਾਰਪੋਰੇਟ ਵਪਾਰੀ ਹੀ ਮੰਨਿਆ ਜਾਂਦਾ ਹੈ। ਯੋਗ ਸਿੱਖਿਆ ਦੇ ਪ੍ਰਚਾਰ ਪਸਾਰ ਦੇ ਲਈ ਬਣਾਇਆ ਗਿਆ ਉਸ ਦਾ ਪਤੰਜਲੀ ਯੋਗ ਪੀਠ ਦੁਨੀਆਂ ਵਿਚ ਆਪਣੀ ਤਰ੍ਹਾਂ ਦੀ ਸਭ ਤੋਂ ਵੱਡੀ ਸੰਸਥਾ ਹੈ। ਰਾਮਦੇਵ ਦਾ ਦਾਅਵਾ ਹੈ ਕਿ ਯੋਗ ਤੇ ਉਸ ਦੀਆਂ ਦਵਾਈਆਂ ਨਾਲ ਜ਼ਿਆਦਾਤਰ ਬਿਮਾਰੀਆਂ ਠੀਕ ਹੋ ਜਾਂਦੀਆਂ ਹਨ। ਉਸ ਨੇ ਹਰਿਦੁਆਰ ਵਿਚ ਦਿਵਯ ਫਾਰਮੈਸੀ ਨਾਂ ਦੀ ਏਸ਼ੀਆ ਦੀ ਸਭ ਤੋਂ ਵੱਡੀ ਦਵਾਈਆਂ ਦੀ ਫੈਕਟਰੀ ਵੀ ਲਗਾਈ ਹੋਈ ਹੈ। ਇੱਥੇ ਦਵਾਈਆਂ ਤੋਂ ਇਲਾਵਾ ਜੈਵਿਕ ਤਰੀਕੇ ਨਾਲ ਬਣਾਈਆਂ ਗਈਆਂ ਖਾਣ ਪੀਣ ਦੀਆਂ ਚੀਜ਼ਾਂ ਆਟਾ, ਬੇਸਨ, ਜੈਮ, ਪਿਸਤਾ, ਦਲੀਆ, ਜੂਸ, ਤੇਲ, ਬਿਸਕੁਟ ਤੇ ਸ਼ਰਬਤ ਆਦਿ ਵੇਚਣ ਦਾ ਦਾਅਵਾ ਕੀਤਾ ਜਾਂਦਾ ਹੈ। ਹਰਿਦੁਆਰ ਵਿਚ ਆਪਣਾ ਆਸ਼ਰਮ ਬਣਾਉਣ ਵਾਲੇ ਰਾਮਦੇਵ ਦਾ ਜਨਮ 26 ਦਸੰਬਰ 1965 ਦੌਰਾਨ ਇੱਕ ਪਿੰਡ ਸਈਅਦ ਅਲੀਪੁਰ, ਮਹਿੰਦਰ ਗੜ੍ਹ, ਹਰਿਆਣਾ ਵਿਚ ਹੋਇਆ। ਬਚਪਨ ਵਿਚ ਉਸ ਦਾ ਨਾਂ ਰਾਮਕਿਸ਼ਨ ਰਾਮ ਨਿਵਾਸ ਯਾਦਵ ਸੀ। ਸਕੂਲੀ ਸਿੱਖਿਆ ਤੋਂ ਬਾਅਦ ਉਨ੍ਹਾਂ ਨੇ ਸੰਸਕ੍ਰਿਤ ਤੇ ਯੋਗ ਸਿੱਖਿਆ ਵਿਚ ਅਗਲੇਰੀ ਪੜ੍ਹਾਈ ਕੀਤੀ। ਦੱਸਿਆ ਜਾਂਦਾ ਹੈ ਕਿ ਸ਼ੁਰੂਆਤ ਵਿਚ ਉਨ੍ਹਾਂ ਨੇ ਕਈ ਗੁਰੂਕੁਲਾਂ ਵਿਚ ਯੋਗ ਸਿਖਾਇਆ। ਹੁਣ ਸਕਾਟਲੈਂਡ ਦਾ ਇੱਕ ਦੀਪ ਉਨ੍ਹਾਂ ਦੇ ਟਰੱਸਟ ਦੇ ਨਾਂ 'ਤੇ ਹੈ। ਉਹ ਬ੍ਰਿਟੇਨ, ਅਮਰੀਕਾ, ਜਪਾਨ, ਚੀਨ, ਵੀਅਤਨਾਮ ਤੇ ਸੀਰੀਆ ਵਰਗੇ ਦੇਸਾਂ ਦਾ ਦੌਰਾ ਵੀ ਕਰ ਚੁੱਕੇ ਹਨ।

### ਕਈ ਵਿਵਾਦਾਂ ਵਿਚ ਘਿਰੇ ਰਾਮਦੇਵ

ਬਾਬਾ ਰਾਮਦੇਵ ਕਈ ਵਿਵਾਦਾਂ ਵਿਚ ਘਿਰੇ ਹੋਏ ਹਨ ਪਰ ਉਨ੍ਹਾਂ ਦੇ ਗੁਰੂ ਦੀ ਗੁੰਮਸ਼ੁਦਗੀ 16 ਜੁਲਾਈ 2007 ਦਾ ਮਾਮਲਾ ਸਭ ਤੋਂ ਹੈਰਾਨੀਜਨਕ ਹੈ। ਤਕਰੀਬਨ ਕਾਫੀ ਸਾਲ ਪਹਿਲਾਂ ਰਾਮਦੇਵ ਦੇ ਗੁਰੂ ਸ਼ੰਕਰਦੇਵ ਆਪਣੇ ਆਸ਼ਰਮ ਤੋਂ ਗਾਇਬ ਕਰ ਦਿੱਤੇ ਗਏ ਸਨ। ਉਨ੍ਹਾਂ ਦੀ ਗੁੰਮਸ਼ੁਦਗੀ ਦੇ ਬਾਅਦ ਬਾਬਾ ਰਾਮਦੇਵ ਨੇ ਉਨ੍ਹਾਂ ਦੇ ਟਰੱਸਟ ਦਿਵਯ ਯੋਗ ਮੰਦਰ ਦਾ ਪ੍ਰਬੰਧ ਸੰਭਾਲ ਲਿਆ ਸੀ। ਮੀਡੀਆ ਵਿਚ ਕਈ ਲੋਕਾਂ ਨੇ ਸ਼ੱਕ ਪ੍ਰਗਟਾਇਆ ਸੀ ਕਿ ਇਸ ਪਿੱਛੇ ਬਾਬਾ ਰਾਮਦੇਵ ਦੀ ਸਾਜ਼ਿਸ਼ ਹੈ। ਬਾਬਾ ਰਾਮਦੇਵ ਨੇ ਹਮੇਸ਼ਾਂ ਆਪਣੇ ਵਿਰੋਧੀਆਂ ਦੇ ਬਿਆਨਾਂ ਦਾ ਖੰਡਨ ਕੀਤਾ ਹੈ। ਮਾਮਲਾ 2012 ਤੋਂ ਸੀਬੀਆਈ ਦੇ ਹਵਾਲੇ ਹੈ, ਪਰ ਹਾਲੇ ਤੱਕ ਇਸ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਏਨੀ ਗੱਲ ਜ਼ਰੂਰ ਹੈ ਕਿ ਸੀ.ਬੀ.ਆਈ. ਨੇ ਧਾਰਾ 365 ਦੇ ਤਹਿਤ ਅਣਪਛਾਤੇ ਲੋਕਾਂ 'ਤੇ ਮਾਮਲਾ ਦਰਜ ਕੀਤਾ ਸੀ। ਭਾਰਤ ਵਿਚ ਵਿਦੇਸ਼ੀ ਕੰਪਨੀਆਂ ਦੇ ਪ੍ਰਵੇਸ਼ ਦਾ ਵਿਰੋਧ ਕਰਨ ਵਾਲੇ ਬਾਬਾ ਰਾਮਦੇਵ ਨੇ ਆਪਣੀ ਕੰਪਨੀ ਦਾ ਨਾਂ ਵਧਾਉਣ ਦੇ ਲਈ ਹੁਣ ਉਨ੍ਹਾਂ ਦੇ ਨਾਲ ਹੱਥ ਮਿਲਾਉਣ ਦਾ ਫ਼ੈਸਲਾ ਕਰ ਲਿਆ ਹੈ। ਦਿੱਲੀ ਦੀ ਇੱਕ ਪ੍ਰੈੱਸ ਕਾਨਫਰੰਸ ਵਿਚ ਪਤੰਜਲੀ ਨੇ ਐਮਾਜ਼ੋਨ, ਪੇਟੀਐੱਮ, ਬਿਗ ਬਾਸਕਟ ਤੇ ਗਰੋਫਰਸ ਵਰਗੀਆਂ ਈ ਵਪਾਰਕ ਕੰਪਨੀਆਂ ਦੇ ਨਾਲ ਸਮਝੌਤੇ ਕੀਤੇ ਹਨ।

# ਫਰਾਂਸ 'ਚ ਭਾਰਤ ਦੇ ਲੋਕਾਂ ਲਈ ਮਸੀਹਾ ਬਣੇ ਇਕਬਾਲ ਭੱਟੀ

*• 15 ਸਾਲ ਪਹਿਲਾਂ ਲਾਵਾਰਿਸ ਲਾਸ਼ਾਂ ਦੀ ਸ਼ਨਾਖ਼ਤ ਕਰਕੇ ਭਾਰਤ ਭੇਜਣ ਦਾ ਮਿਸ਼ਨ ਕੀਤਾ ਸੀ ਸ਼ੁਰੂ*
*• ਹੁਣ ਤੱਕ 117 ਲੋਕਾਂ ਦੀਆਂ ਲਾਸ਼ਾਂ ਭਿਜਵਾ ਚੁੱਕੇ ਨੇ ਭਾਰਤ*



ਇਕਬਾਲ ਸਿੰਘ ਭੱਟੀ

ਜਲੰਧਰ: ਮੂਲ ਤੌਰ 'ਤੇ ਕਪੂਰਥਲਾ ਦੇ ਭੁਲੱਥ ਨੇੜਲੇ ਪਿੰਡ ਨਿੱਕੀ ਮਿਆਣੀ ਵਾਸੀ ਇਕਬਾਲ ਸਿੰਘ ਭੱਟੀ ਅੱਜ ਫਰਾਂਸ ਵਿਚ ਭਾਰਤੀ ਮੂਲ ਦੇ ਲੋਕਾਂ ਦੇ ਮਸੀਹਾ ਬਣ ਚੁੱਕੇ ਹਨ। ਉਨ੍ਹਾਂ ਨੇ 15 ਸਾਲ ਪਹਿਲਾਂ ਲਾਵਾਰਿਸ ਲਾਸ਼ਾਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਭਾਰਤ ਭੇਜਣ ਦਾ ਮਿਸ਼ਨ ਸ਼ੁਰੂ ਕੀਤਾ ਸੀ। ਭੱਟੀ ਹੁਣ ਤਕ 117 ਲਾਸ਼ਾਂ ਭਾਰਤ ਭਿਜਵਾ ਚੁੱਕੇ ਹਨ। ਹੁਣ ਤਾਂ ਫਰਾਂਸ ਸਰਕਾਰ ਵੀ ਉਨ੍ਹਾਂ ਦਾ ਲੋਹਾ ਮੰਨਣ ਲੱਗੀ ਹੈ।

ਇਹੀ ਕਾਰਨ ਹੈ ਕਿ ਫਰਾਂਸ ਵਿਚ ਜਦੋਂ ਕਿਸੇ ਭਾਰਤੀ ਮੂਲ ਦੇ ਲਾਵਾਰਿਸ ਵਿਅਕਤੀ ਦੀ ਲਾਸ਼ ਮਿਲਦੀ ਹੈ, ਤਾਂ ਪਹਿਲੀ ਘੰਟੀ ਇਕਬਾਲ ਦੇ ਫੋਨ 'ਤੇ ਵੱਜਦੀ ਹੈ ਤੇ ਪੁਲੀਸ ਉਨ੍ਹਾਂ ਦੀ ਮਦਦ ਨਾਲ ਸ਼ਨਾਖਤ ਕਰਦੀ ਹੈ। 'ਇਕਬਾਲ ਭੱਟੀ (62) ਇਨ੍ਹੀਂ ਦਿਨੀਂ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੇ ਨਾਲ ਉਨ੍ਹਾਂ ਦੀ ਮੀਟਿੰਗ ਹੈ। ਇਸ ਦੌਰਾਨ ਫਰਾਂਸ ਵਿਚ ਭਾਰਤੀ ਮੂਲ ਦੇ ਲੋਕਾਂ ਪ੍ਰਤੀ ਅਵਾਜ਼ ਚੁੱਕਣਾ ਉਨ੍ਹਾਂ ਦਾ ਮੁੱਦਾ ਹੈ, ਜੋ ਨਸ਼ੇ ਦੀ ਦਲਦਲ ਵਿਚ ਫਸ ਕੇ ਸੜਕਾਂ 'ਤੇ ਡਿੱਗਦੇ ਨਜ਼ਰ ਆਉਂਦੇ ਹਨ। ਜਲੰਧਰ ਪੁੱਜੇ ਇਕਬਾਲ ਭੱਟੀ ਨੇ ਦੱਸਿਆ ਕਿ 1991 ਵਿਚ ਉਹ ਫਰਾਂਸ ਗਏ ਸਨ ਤੇ ਉੱਥੇ ਪੈਰਿਸ ਵਿਚ ਜਾ ਕੇ ਵਸ ਗਏ। ਆਪਣੇ ਕੰਮ ਵਿਚ ਉਹ ਲਗਾਤਾਰ ਰੁੱਝੇ ਰਹੇ, ਪਰ 2003 ਵਿਚ ਇੱਕ ਘਟਨਾ ਨੇ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਬਦਲ ਦਿੱਤਾ। ਇਕਬਾਲ ਨੇ ਦੱਸਿਆ ਕਿ 2003 ਵਿਚ ਭੁਲੱਥ ਦਾ ਰਹਿਣ ਵਾਲਾ ਸੁਖਵਿੰਦਰ ਸਿੰਘ ਪੈਰਿਸ ਤੋਂ ਅਚਾਨਕ ਗਾਇਬ ਹੋ ਗਿਆ ਸੀ। ਸੁਖਵਿੰਦਰ ਫਰਾਂਸ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ। ਉਸ ਨੇ ਉੱਥੇ ਦੀ ਸਰਕਾਰ ਤੋਂ ਰਾਜਨੀਤਕ ਸ਼ਰਨ ਮੰਗੀ ਸੀ। ਉਸ ਦਾ ਫੋਨ ਸਵਿੱਚ ਬੰਦ ਆਉਣ 'ਤੇ ਉਸ ਦੇ ਦੋਸਤਾਂ ਨੇ ਉਨ੍ਹਾਂ ਨੂੰ ਸੁਖਵਿੰਦਰ ਨੂੰ ਲੱਭਣ ਦੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬੀ ਨੌਜਵਾਨ ਲਾਪਤਾ ਹੋ ਗਿਆ ਸੀ। ਮੈਂ ਉਸ ਨੂੰ ਲੱਭਣਾ ਸ਼ੁਰੂ ਕੀਤਾ, ਤਾਂ ਪਤਾ ਲੱਗਿਆ ਕਿ ਉਹ ਅਕਸਰ ਇਕ ਕਲੱਬ ਵਿਚ ਚੀਨੀ ਲੜਕੀ ਨਾਲ ਮਿਲਣ ਜਾਇਆ ਕਰਦਾ ਸੀ। ਇਸ ਤੋਂ ਬਾਅਦ ਮੈਂ ਉਸੇ ਸਮੇਂ ਆਪਣਾ ਨੰਬਰ ਉੱਥੋਂ ਦੇ ਮੈਨੇਜਰ ਨੂੰ ਦਿੱਤਾ ਤੇ ਕਿਹਾ ਕਿ ਚੀਨੀ ਲੜਕੀ ਆਵੇ ਤਾਂ ਉਸ ਨਾਲ ਗੱਲ ਜ਼ਰੂਰ ਕਰਵਾਓ। ਉਨ੍ਹਾਂ ਦੱਸਿਆ ਕਿ ਕੁਝ ਦਿਨਾਂ ਬਾਅਦ ਉਕਤ ਲੜਕੀ ਨੇ ਫੋਨ 'ਤੇ ਦੇਸਿਆ ਕਿ ਸੁਖਵਿੰਦਰ ਫਰਾਂਸ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿੰਦਾ ਸੀ। ਇਸ ਕਾਰਨ ਸਰਕਾਰ ਨੇ ਉਸ ਨੂੰ ਪੁਰਤਗਾਲ ਸਰਹੱਦ 'ਤੇ ਭੇਜ ਦਿੱਤਾ ਹੈ, ਜਿੱਥੇ ਉਸ ਨੂੰ ਰਹਿਣਾ ਹੋਵੇਗਾ। ਰਾਤ ਨੂੰ 11 ਵਜੇ ਹੀ ਕਾਰ 'ਤੇ ਸੁਖਵਿੰਦਰ ਦੀ ਭਾਲ ਵਿਚ ਪੁਰਤਗਾਲ ਸਰਹੱਦ 'ਤੇ ਚਲਾ ਗਿਆ, ਜਿੱਥੇ ਪਤਾ ਲੱਗਿਆ ਕਿ ਸੁਖਵਿੰਦਰ ਸਰਕਾਰੀ ਹਾਊਸ ਵਿਚ ਠਹਿਰਿਆ ਹੋਇਆ ਸੀ ਉੱਥੇ ਉਸ ਦੀ ਮੌਤ ਹੋ ਗਈ ਹੈ।

ਸਰਕਾਰੀ ਹਾਊਸ ਦੇ ਮੈਨੇਜਰ ਨੂੰ ਸੁਖਵਿੰਦਰ ਕੋਲੋਂ ਕੋਈ ਫੋਨ ਨੰਬਰ ਨਹੀਂ ਮਿਲਿਆ, ਜਿਸ ਨਾਲ ਉਸ ਦੀ ਸ਼ਨਾਖਤ ਹੋ ਸਕੇ। ਇਸ ਤੋਂ ਬਾਅਦ ਉਨ੍ਹਾਂ ਨੇ ਸੁਖਵਿੰਦਰ ਦੇ ਪਰਿਵਾਰ ਵਾਲਿਆਂ ਨੂੰ ਸਾਰੀ ਗੱਲ ਦੱਸੀ। ਭੱਟੀ ਨੇ ਦੱਸਿਆ ਕਿ ਇਸ ਤੋਂ ਬਾਅਦ ਉਨ੍ਹਾਂ ਨੇ ਉਸ ਦੀ ਮਾਂ ਤੇ ਜੀਜਾ ਨੂੰ ਫਰਾਂਸ ਬੁਲਾਇਆ, ਜਿੱਥੇ ਸੁਖਵਿੰਦਰ ਦਾ ਅੰਤਿਮ ਸਸਕਾਰ ਕੀਤਾ ਗਿਆ।

### ਕਾਫ਼ੀ ਮਸ਼ੱਕਤ ਬਾਅਦ ਸ਼ਨਾਖ਼ਤ

ਇਕਬਾਲ ਭੱਟੀ ਨੇ ਦੱਸਿਆ ਕਿ ਇਸ ਘਟਨਾ ਦੇ ਤਿੰਨ ਮਹੀਨੇ ਬਾਅਦ ਇਕ ਹੋਰ ਘਟਨਾ ਵਾਪਰੀ। ਭੁਲੱਥ ਦੇ ਰਹਿਣ ਵਾਲੇ ਪੱਪੂ ਨਾਂ ਦਾ ਨੌਜਵਾਨ ਲਾਪਤਾ ਹੋ ਗਿਆ। ਉਸ ਦੀ ਭਾਲ ਵੀ ਸ਼ੁਰੂ ਕੀਤੀ। ਇਕਬਾਲ ਨੇ ਇਸ ਲਈ ਪਹਿਲਾਂ ਸਾਰੇ ਸਿਹਤ ਕੇਂਦਰਾਂ ਨੂੰ ਚੈੱਕ ਕੀਤਾ, ਫਿਰ ਕੇਂਦਰੀ ਸੁਧਾਰ ਘਰ ਤੇ ਪੁਲੀਸ ਰਿਕਾਰਡ ਚੈੱਕ ਕੀਤਾ, ਤਾਂ ਉਸ ਵਿਚ ਨਾਂ ਤੇ ਪਤਾ ਨਹੀਂ ਮਿਲਿਆ। ਇਸ ਤੋਂ ਬਾਅਦ ਪੈਰਿਸ ਵਿਚ ਇਕ ਡੈੱਡ ਹਾਊਸ ਚੈੱਕ ਕੀਤਾ, ਤਾਂ ਉੱਥੇ ਨੌਜਵਾਨ ਦੀ ਲਾਸ਼ ਹੋਣ ਦੀ ਜਾਣਕਾਰੀ ਮਿਲੀ। ਇਸ ਤੋਂ ਬਾਅਦ ਉੱਥੇ ਜਾ ਕੇ ਪਤਾ ਲੱਗਿਆ ਕਿ ਲਾਸ਼ ਪੱਪੂ ਦੀ ਹੈ।

### ਕਾਫ਼ੀ ਪੈਸਾ ਹੋਇਆ ਖ਼ਰਚ, ਫਿਰ ਰਜਿਸਟਰਡ ਕੀਤੀ ਐੱਨ. ਜੀ. ਓ.

ਭੱਟੀ ਨੇ ਕਿਹਾ ਕਿ ਉਨ੍ਹਾਂ ਦੀ ਜੇਬ ਤੋਂ ਕਾਫ਼ੀ ਪੈਸਾ ਖ਼ਰਚ ਹੋ ਚੁੱਕਾ ਸੀ, 2005 ਤੱਕ ਪੰਜ-ਛੇ ਕੇਸ ਹੋ ਚੁੱਕੇ ਸਨ, ਜਿਨ੍ਹਾਂ ਦੀਆਂ ਲਾਸ਼ਾਂ ਉਹ ਭਾਰਤ ਭਿਜਵਾ ਚੁੱਕੇ ਸਨ। ਉਸ ਤੋਂ ਬਾਅਦ ਤੈਅ ਕੀਤਾ ਤੇ ਫਿਰ ਐੱਨਜੀਓ ਰਜਿਸਟਰਡ ਕਰਵਾਈ। ਉਨ੍ਹਾਂ ਕਈ ਵਾਰ ਗੁਰੂਘਰ ਦੀ ਮਦਦ ਲਈ, ਫਿਰ ਐੱਨਜੀਓ ਬਣਨ ਤੋਂ ਬਾਅਦ ਭਾਰਤੀ ਦੂਤਾਵਾਸ ਦੀ ਮਦਦ ਲੈਣੀ ਸ਼ੁਰੂ ਕਰ ਦਿੱਤੀ। ਉੱਥੇ ਨਸ਼ੇ ਦੀ ਦਲਦਲ ਵਿਚ ਫਸੇ ਨੌਜਵਾਨ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਹਨ। ਉਨ੍ਹਾਂ ਨੇ ਆਪਣਾ ਨਾਂ ਤੇ ਪਤਾ ਛੁਪਾ ਰੱਖਿਆ ਹੈ। ਇਸ ਲਈ ਉਨ੍ਹਾਂ ਦੀ ਸ਼ਨਾਖਤ ਕਰਨਾ ਸੌਖਾ ਕੰਮ ਨਹੀਂ ਸੀ, ਪਰ ਭਾਰਤੀ ਅੰਬੈਸੀ ਵਾਲੇ ਮਦਦ ਕਰਨ ਲੱਗੇ ਤਾਂ ਮਿਸ਼ਨ ਦਾ ਰਸਤਾ ਸੌਖਾ ਹੋ ਗਿਆ।

### ਇਕ ਲਾਸ਼ ਨੂੰ ਭੇਜਣ ਦਾ ਖ਼ਰਚਾ ਸਾਢੇ ਤਿੰਨ ਲੱਖ ਰੁਪਏ

ਇਕਬਾਲ ਸਿੰਘ ਭੱਟੀ ਨੇ ਦੱਸਿਆ ਕਿ ਇੱਕ ਲਾਸ਼ ਨੂੰ ਭਾਰਤ ਭਿਜਵਾਉਣ ਵਿਚ 5 ਹਜ਼ਾਰ ਯੂਰੋ ਖ਼ਰਚ ਹੁੰਦੇ ਹਨ। ਇਸ ਵਿਚ ਕੁਝ ਪੈਸਾ ਅਸੀਂ ਖ਼ਰਚਦੇ ਹਾਂ ਤੇ ਬਾਕੀ ਅੰਬੈਸੀ ਵੱਲੋਂ ਖ਼ਰਚਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਉਹ ਪਹਿਲਾਂ ਲਾਸ਼ ਦੀ ਸ਼ਨਾਖਤ ਕਰਕੇ ਉਸ ਦੇ ਪਰਿਵਾਰ ਵਾਲਿਆਂ ਨੂੰ ਭਾਰਤ ਵਿਚ ਦੱਸਦੇ ਹਨ ਤੇ ਫਿਰ ਉਨ੍ਹਾਂ ਤੋਂ ਪਾਵਰ ਆਫ ਅਟਾਰਨੀ ਮੰਗਵਾਉਂਦੇ ਹਾਂ। ਉਸ ਦੇ ਆਧਾਰ 'ਤੇ ਸਾਰੇ ਕੰਮ ਕਰਵਾ ਕੇ ਲਾਸ਼ ਨੂੰ ਸੀਲ ਕਰਕੇ ਭਾਰਤ ਭਿਜਵਾਇਆ ਜਾਂਦਾ ਹੈ। ਉਹ ਇਕੱਲੇ ਪੰਜਾਬ ਹੀ ਨਹੀਂ, ਸਗੋਂ ਹਰਿਆਣਾ ਦੇ 30 ਨੌਜਵਾਨਾਂ ਦੀਆਂ ਲਾਸ਼ਾਂ ਵੀ ਭਿਜਵਾ ਚੁੱਕੇ ਹਨ।

# ਭਾਰਤ ਦੀਆਂ ਜੇਲ੍ਹਾਂ ’ਚ ਹੋ ਰਹੀ ਏ ਮਨੁੱਖੀ ਅਧਿਕਾਰਾਂ ਦੀ ਉਲੰਘਣਾ

**✪ ਭਾਰਤ ਦੀਆਂ ਸਾਰੀਆਂ ਜੇਲ੍ਹਾਂ ਵਿਚ ਕੁਲ ਮਿਲਾ ਕੇ 332, 782 ਲੋਕਾਂ ਨੂੰ ਰੱਖਣ ਦੀ ਸਮਰੱਥਾ ਹੈ ਪਰ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੀ 2015 ਦੀ ਰਿਪੋਰਟ ਦੇ ਅਨੁਸਾਰ ਜੇਲ੍ਹਾਂ ਵਿਚ 4 ਲੱਖ 11 ਹਜ਼ਾਰ ਤੋਂ ਜ਼ਿਆਦਾ ਕੈਦੀ ਬੰਦ ✪ 2 ਕਰੋੜ 60 ਲੱਖ ਮਾਮਲੇ ਪੈਂਡਿੰਗ ਹੋਣ ਕਾਰਨ ਜੇਲ੍ਹਾਂ ’ਚ ਕੈਦੀਆਂ ਦੀ ਗਿਣਤੀ ਵਧੀ ✪ ਮੌਜੂਦਾ ਸਮੇਂ ਦੌਰਾਨ ਜੱਜਾਂ ਦੇ ਕੁਲ 6379 ਅਹੁਦੇ ਖਾਲੀ ਹਨ, ਸੁਪਰੀਮ ਕੋਰਟ ਵਿਚ ਜਿੱਥੇ 6 ਸੀਟਾਂ ਖਾਲੀ ਹਨ, ਉਥੇ ਹਾਈਕੋਰਟ ਵਿਚ 389 ਤੇ ਹੇਠਲੀਆਂ ਅਦਾਲਤਾਂ ਵਿਚ 5984 ਅਹੁਦੇ ਖਾਲੀ ✪ ਭ੍ਰਿਸ਼ਟ ਅ.ਫਸਰਸ਼ਾਹੀ ਕਾਰਨ ਜੇਲ੍ਹਾਂ ’ਚ ਗੈਂਗਸਟਰ ਤੇ ਅਮੀਰ ਕੈਦੀ ਕਰ ਰਹੇ ਨੇ ਮੌਜ, ਨਸ਼ੇ ਤੇ ਮਹਿੰਗੇ ਮੋਬਾਇਲ ਪਹੁੰਚ ਰਹੇ ਨੇ ਜੇਲ੍ਹਾਂ ’ਚ**

ਵਿਸ਼ੇਸ਼ ਰਿਪੋਰਟ
ਪ੍ਰੋ. ਬਲਵਿੰਦਰਪਾਲ ਸਿੰਘ
(ਮੋਬਾਇਲ: 9815700916)

*ਭਾਰਤ ਦੀਆਂ ਜੇਲ੍ਹਾਂ ਦੀ ਹਾਲਤ ਕਿਸੇ ਤੋਂ ਲੁਕੀ ਨਹੀਂ। ਪਰ ਇਸ ਦੇ ਬਾਵਜੂਦ ਜੇਲ੍ਹ ਸੁਧਾਰ ਵਲ ਕੋਈ ਯਤਨ ਨਹੀਂ ਹੋ ਰਹੇ। ਭਾਰਤ ਦੀਆਂ ਸਾਰੀਆਂ ਜੇਲ੍ਹਾਂ ਵਿਚ ਕੁਲ ਮਿਲਾ ਕੇ 332, 782 ਲੋਕਾਂ ਨੂੰ ਰੱਖਣ ਦੀ ਸਮਰੱਥਾ ਹੈ। ਪਰ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੀ 2015 ਦੀ ਰਿਪੋਰਟ ਦੇ ਅਨੁਸਾਰ ਜੇਲ੍ਹਾਂ ਵਿਚ 4 ਲੱਖ 11 ਹਜ਼ਾਰ ਤੋਂ ਜ਼ਿਆਦਾ ਕੈਦੀ ਬੰਦ ਹਨ। ਇਹ 2015 ਦਾ ਅੰਕੜਾ ਹੈ। ਜ਼ਿਆਦਾ ਸੰਭਾਵਨਾ ਇਹੀ ਹੈ ਕਿ ਕੈਦੀਆਂ ਦੀ ਸੰਖਿਆ ਘੱਟ ਹੋਣ ਦੀ ਬਜਾਏ ਵਧੀ ਹੋਵੇਗੀ। ਇਸ ਦੀ ਸਭ ਤੋਂ ਵੱਡਾ ਕਾਰਨ ਅਦਾਲਤਾਂ ਦੇ ਫੈਸਲਿਆਂ ਦੀ ਢਿੱਲੀ ਰ.ਫਤਾਰ ਹੈ। ਮੁਕੱਦਮੇ ਲੰਬੇ ਸਮੇਂ ਤੱਕ ਲਟਕਦੇ ਰਹਿੰਦੇ ਹਨ ਤੇ ਇਸ ਦੇ ਕਾਰਣ ਕਾਫੀ ਸੰਖਿਆ ਵਿਚ ਵਿਚਾਰ ਅਧੀਨ ਕੈਦੀ ਫੈਸਲੇ ਦੇ ਇੰਤਜ਼ਾਰ ਵਿਚ ਜੇਲ੍ਹ ਵਿਚ ਰਹਿਣ ਲਈ ਮਜ਼ਬੂਰ ਰਹਿੰਦੇ ਹਨ।*



## ਕਮੇਟੀਆਂ ਦੀਆਂ ਸਿਫਾਰਸ਼ਾਂ ਡਸਟ ਬਿਨ ਵਿਚ

ਹੈਰਾਨੀ ਦੀ ਗੱਲ ਇਹ ਹੈ ਕਿ ਜੇਲ੍ਹ ਸੁਧਾਰ ਦੇ ਮਕਸਦ ਨਾਲ ਕਈ ਕਮੇਟੀਆਂ ਜਦ ਜਦ ਬਣਾਈਆਂ ਗਈਆਂ, ਪਰ ਉਨ੍ਹਾਂ ਦੀਆਂ ਸਿਫਾਰਸ਼ਾਂ ਠੰਡੇ ਬਸਤੇ ਵਿਚ ਪਾ ਦਿੱਤੀਆਂ ਗਈਆਂ। ਪਿਛਲੇ ਸਾਲ ਸੁਪਰੀਮ ਕੋਰਟ ਨੇ ਕੈਦੀਆਂ ਬਾਰੇ 2013 ਵਿਚ ਦਾਖਲ ਇਕ ਜਨਹਿੱਤ ਪਟੀਸ਼ਨ ’ਤੇ ਸੁਣਵਾਈ ਕਰਦੇ ਹੋਏ ਜੇਲ੍ਹ ਸੁਧਾਰ ਦੀ ਖਾਤਰ ਹੁਕਮ ਜਾਰੀ ਕੀਤੇ। ਰਿੱਟ ਵਿਚ ਕਿਹਾ ਗਿਆ ਕਿ ਦੇਸ਼ ਭਰ ਦੀਆਂ 1382 ਜੇਲ੍ਹਾਂ ਵਿਚ ਬੰਦ ਕੈਦੀਆਂ ਦੀ ਸਥਿਤੀ ਬੇਹੱਦ ਖਰਾਬ ਹੈ। ਅਜਿਹੀ ਸਥਿਤੀ ਵਿਚ ਜੇਲ੍ਹ ਸੁਧਾਰ ਦੇ ਲਈ ਹੁਕਮ ਜਾਰੀ ਕੀਤੇ ਜਾਣੇ ਚਾਹੀਦੇ ਹਨ।

ਜੇਲ੍ਹ ਸੁਧਾਰ ਦੀ ਖਾਤਰ ਹੁਣ ਤੱਕ ਭਾਵੇਂ ਕੋਈ ਠੋਸ ਕਦਮ ਨਹੀਂ ਉਠਾਇਆ ਗਿਆ, ਪਰ ਦੇਸ ਦੇ ਅਜ਼ਾਦ ਹੋਣ ਤੋਂ ਬਾਅਦ ਜੇਲ੍ਹ ਸੁਧਾਰ ਨਾਲ ਸੰਬੰਧਿਤ ਸੁਝਾਵਾਂ ਦੇ ਲਈ ਕਮੇਟੀਆਂ ਜਰੂਰ ਬਣਾਈਆਂ ਗਈਆਂ ਹਨ। ਇਨ੍ਹਾਂ ਵਿਚ 1983 ਦੀ ਮੁੱਲਾ ਕਮੇਟੀ, 1966 ਦੀ ਕਪੂਰ ਕਮੇਟੀ ਤੇ 1967 ਦੀ ਅਈਅਰ ਕਮੇਟੀ ਪ੍ਰਮੁਖ ਹੈ। ਇਨ੍ਹਾਂ ਨੇ ਆਪਣੇ ਆਪਣੇ ਪੱਧਰ ’ਤੇ ਜੇਲ੍ਹਾਂ ਦੀ ਹਾਲਤ ਦੀ ਪੜਤਾਲ ਕਰਕੇ ਸੁਧਾਰ ਦੇ ਲਈ ਸੁਝਾਅ ਦਿੱਤੇ ਸਨ, ਪਰ ਇਨ੍ਹਾਂ ਕਮੇਟੀਆਂ ਦੀਆਂ ਸਿਫਾਰਸ਼ਾਂ ਡਸਟ ਬਿਨ ਵਿਚ ਸੁੱਟੀਆਂ ਹੋਈਆਂ ਹਨ। ਜਦ ਅਸੀਂ ਜੇਲ੍ਹ ਸੁਧਾਰ ਬਾਰੇ ਕੋਈ ਕਦਮ ਹੀ ਨਹੀਂ ਉਠਾਵਾਂਗੇ ਤਾਂ ਜੇਲ੍ਹਾਂ ਦੀ ਹਾਲਤ ਕਿਥੋਂ ਸੁਧਰੇਗੀ ? ਜੇਲ੍ਹਾਂ ਵਿਚ ਕੈਦੀਆਂ ਦੀ ਆਪਸੀ ਲੜਾਈ ਝਗੜੇ, ਕਰਮਚਾਰੀਆਂ ਦੁਆਰਾ ਕੀਤੇ ਜਾਣ ਵਾਲੇ ਭੇਦ ਭਾਵ ਦੀਆਂ ਸ਼ਿਕਾਇਤਾਂ ਇਸ ਕਾਰਨ ਜੇਲ੍ਹ ਦੀਆਂ ਬਾਹਰੀ ਉੱਚੀਆਂ ਦੀਵਾਰਾਂ ਦੇ ਅੰਦਰ ਅਪਰਾਧ ਦਾ ਜਨਮ ਲੈਣਾ ਆਮ ਗੱਲ ਹੋ ਗਈ ਹੈ। ਜੇਲ੍ਹਾਂ ਵਿਚੋਂ ਗੈਂਗਸਟਰ ਕੁਰੱਪਟ ਜੇਲ੍ਹ ਅਧਿਕਾਰੀਆਂ ਦੀ ਮਦਦ ਸਦਕਾ ਮੋਬਾਇਲ ਵੀ ਰੱਖ ਰਹੇ ਹਨ, ਨਸ਼ਿਆਂ ਦਾ ਸੇਵਨ ਵੀ ਕਰ ਰਹੇ ਹਨ ਤੇ ਐਸ਼ਪ੍ਰਸਤੀ ਵੀ ਕਰ ਰਹੇ ਹਨ। ਇਥੋਂ ਤੱਕ ਬਾਹਰੋਂ ਜੇਲ੍ਹ ਵਿਚ ਭ੍ਰਿਸ਼ਟ ਅਧਿਕਾਰੀਆਂ ਸਦਕਾ ਨਸ਼ੇ ਵੀ ਪਹੁੰਚ ਰਹੇ ਹਨ। ਗੈਂਗਸਟਰ ਜੇਲ੍ਹਾਂ ਵਿਚ ਚਮ ਦੀਆਂ ਚਲਾਉਂਦੇ ਹਨ ਤੇ ਛੋਟੇ ਅਧਿਕਾਰੀਆਂ ਨੂੰ ਖੁਲ੍ਹੇਆਮ ਦੇ ਕੇ ਬਲੈਕਮੇਲ ਵੀ ਕਰਦੇ ਹਨ। ਇਥੋਂ ਤੱਕ ਆਪਣੇ ਸਾਥੀਆਂ ਨੂੰ ਕਹਿ ਕੇ ਜੇਲ੍ਹ ਸਟਾਫ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ’ਤੇ ਹਮਲੇ ਵੀ ਕਰਾਉਂਦੇ ਹਨ। ਜੇਲ੍ਹਾਂ ਵਿਚ ਟੀਵੀ, ਆਧੁਨਿਕ ਕਿਸਮ ਦੇ ਮੋਬਾਇਲ ਪਹੁੰਚਣਾ ਆਮ ਗੱਲ ਹੋ ਚੁੱਕੀ ਹੈ। ਪੈਸੇ ਖਰਚ ਕੇ ਅਮੀਰ ਕੈਦੀ ਕਿਸੇ ਵੀ ਤਰ੍ਹਾਂ ਦਾ ਭੋਜਨ ਬਾਹਰੋਂ ਮੰਗਵਾ ਸਕਦੇ ਹਨ। ਪੰਜਾਬ ਦੀਆਂ ਜੇਲ੍ਹਾਂ ਵਿਚ ਜਨਮ ਦਿਨ ਤੇ ਪਾਰਟੀਆਂ ਕਰਨ ਤੇ ਕੇਕ ਕੱਟਣ ਦੀਆਂ ਖ਼ਬਰਾਂ ਆਮ ਹੀ ਛਪ ਰਹੀਆਂ ਹਨ ਤੇ ਸ਼ੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀਆਂ ਹਨ। ਜੇਲ੍ਹਾਂ ਵਿਚ ਕੈਦੀ ਅਧਿਕਾਰੀਆਂ ਨੂੰ ਪੈਸੇ ਦੇ ਕੇ ਕਿਸੇ ਕੋਨੇ ਵਾਲੇ ਕਮਰੇ ਦੀ ਬੁਕਿੰਗ ਕਰਕੇ ਸ਼ਰਾਬ, ਕਬਾਬ ਦੇ ਮੌਜ ਮੇਲੇ ਵੀ ਕਰਦੇ ਹਨ। ਅੱਜ ਸਥਿਤੀ ਇਹ ਪਹੁੰਚ ਚੁੱਕੀ ਹੈ ਕਿ ਵੱਡੇ ਕਿਸਮ ਦੇ ਗੈਂਗਸਟਰ ਅਲੱਗ ਅਲੱਗ ਗੁੱਟ ਬਣਾ ਕੇ ਬੈਰਕਾਂ ਦੀ ਬੁਕਿੰਗ ਵੀ ਕਰਨ ਲੱਗੇ ਹਨ। ਇਸ ਦੇ ਲਈ ਜੇਲ੍ਹ ਦੇ ਉੱਚ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਦੀਆਂ ਖਬਰਾਂ ਵੀ ਮਿਲ ਰਹੀਆਂ ਹਨ। ਜੇ ਮਾਡਰਨ ਜੇਲ੍ਹ ਕਪੂਰਥਲਾ ਦੀ ਗੱਲ ਕਰੀਏ, ਤਾਂ ਗੈਂਗਵਾਰ ਦੀਆਂ ਘਟਨਾਵਾਂ ਨੂੰ ਲੈ ਕੇ ਸੁਰਖੀਆਂ ਵਿਚ ਰਹਿਣ ਵਾਲੀ ਇਸ ਜੇਲ੍ਹ ਅੰਦਰ ਮੋਬਾਈਲ ਫੋਨ ਮਿਲਣ ਦਾ ਸਿਲਸਿਲਾ ਬੰਦ ਹੋਣ ਦਾ ਨਾਂ ਹੀ ਨਹੀਂ ਲੈ ਰਿਹਾ, ਪਰੰਤੂ ਇਹ ਮੋਬਾਈਲ ਫੋਨ ਕਿਸ ਤਰ੍ਹਾਂ ਤੇ ਕੌਣ ਜੇਲ੍ਹ ਵਿਚ ਪਹੁੰਚਾਉਂਦਾ ਹੈ, ਇਹ ਚਿੰਤਾ ਦਾ ਵਿਸ਼ਾ ਹੈ। ਜੇਲ੍ਹ ਵਿਚ ਕਿਸੇ ਕੈਦੀ ਦੀ ਮੁਲਾਕਾਤ ਕਰਨ ਗਏ ਉਸ ਦੇ ਸਕੇ ਸੰਬੰਧੀ ਨੂੰ 3-4 ਥਾਵਾਂ ਤੋਂ ਬਾਰੀਕੀ ਨਾਲ ਚੈਕਿੰਗ ਕਰਨ ਤੋਂ ਬਾਅਦ ਹੀ ਅੱਗੇ ਜਾਣ ਦਿੱਤਾ ਜਾਂਦਾ ਹੈ, ਪਰ ਜੇਲ੍ਹ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਮੂਕ ਦਰਸ਼ਕ ਬਣੀ ਬੈਠਾ ਹੈ। ਜੇਲ੍ਹ ਵਿਚ ਬੰਦ ਕਈ ਖ਼ਤਰਨਾਕ ਗੈਂਗਸਟਰ ਤੇ ਨਸ਼ਾ ਸਮੱਗਲਰ ਜੇਲ੍ਹਾਂ ਅੰਦਰੋਂ ਹੀ ਆਪਣਾ ਨੈੱਟਵਰਕ ਚਲਾ ਰਹੇ ਹਨ, ਜਿਸ ਦੇ ਖੁਲਾਸਾ ਸਮੇਂ-ਸਮੇਂ ’ਤੇ ਹੋ ਚੁੱਕੇ ਹਨ।

ਮਾਡਰਨ ਜੇਲ੍ਹ ਵਿਚ ਮੋਬਾਈਲ ਫੋਨ ਤੇ ਨਸ਼ੀਲੇ ਪਦਾਰਥ ਮਿਲਣ ਦੇ ਮਾਮਲੇ ਸਾਲ 2017 ਦੌਰਾਨ ਕੁੱਲ 60 ਮਾਮਲੇ ਥਾਣਾ ਕੋਤਵਾਲੀ ਵਿਚ ਦਰਜ ਹੋਏ ਅਤੇ ਇਨ੍ਹਾਂ ਮਾਮਲਿਆਂ ਵਿਚ 63 ਹਵਾਲਾਤੀ ਅਤੇ 19 ਕੈਦੀ ਨਾਮਜ਼ਦ ਕੀਤੇ ਗਏ ਹਨ। ਇਨ੍ਹਾਂ ਵਿਚੋਂ ਕੁਝ ਮਹਿਲਾ ਕੈਦੀ ਤੇ ਹਵਾਲਾਤੀਆਂ ਦੇ ਵੀ ਨਾਂ ਸ਼ਾਮਲ ਹਨ। ਨਾਮਜ਼ਦ ਕੀਤੇ ਗਏ 60 ਮਾਮਲਿਆਂ ਵਿਚੋਂ 50 ਮਾਮਲਿਆਂ ਦੇ ਚਾਲਾਨ ਕੋਰਟ ਵਿਚ ਪੇਸ਼ ਕਰ ਦਿੱਤੇ ਜਾਣਗੇ। ਉੱਥੇ ਹੀ ਜੋ ਦਸ ਮਾਮਲੇ ਬਚ ਗਏ ਹਨ, ਉਨ੍ਹਾਂ ਨੂੰ ਵੀ ਜਲਦ ਅਦਾਲਤ ਵਿਚ ਪੇਸ਼ ਕਰ ਦਿੱਤਾ ਜਾਵੇਗਾ। ਇਨ੍ਹਾਂ ਮਾਮਲਿਆਂ ਵਿਚ ਜੇ ਬਰਾਮਦਗੀ ਦੀ ਗੱਲ ਕੀਤੀ ਜਾਵੇ, ਤਾਂ ਬੀਤੇ ਸਾਲ ਦੌਰਾਨ ਜੇਲ੍ਹ ਅੰਦਰ 128 ਮੋਬਾਈਲ ਫੋਨ ਬਰਾਮਦ ਹੋਏ, ਜਦ ਕਿ 80 ਸਿਮ ਕਾਰਡ ਵੀ ਬਰਾਮਦਗੀ ਵਿਚ ਸ਼ਾਮਲ ਹਨ ਤੇ ਜੇਲ੍ਹ ਵਿਚ ਸਿਗਰਟ, ਨਸ਼ੀਲੇ ਪਦਾਰਥ ਅਤੇ ਨਸ਼ੀਲੀਆਂ ਗੋਲੀਆਂ ਵੀ ਬਰਾਮਦ ਕੀਤੀਆਂ ਜਾਂਦੀਆਂ ਹਨ। ਭਾਵੇਂ ਹੀ ਇਨ੍ਹਾਂ ਬਰਾਮਦਗੀ ਸਬੰਧੀ ਕੇਸ ਦਰਜ ਹੋਣ ਉਪਰੰਤ ਨਾਮਜ਼ਦ ਕੈਦੀਆਂ ਅਤੇ ਹਵਾਲਾਤੀਆਂ ਨੂੰ ਪ੍ਰੋਡਕਸ਼ਨ ਵਾਰੰਟ ’ਤੇ ਲਗਾ ਕੇ ਪੁੱਛਗਿੱਛ ਦਾ ਸਿਲਸਿਲਾ ਵੀ ਚਲਾਇਆ ਜਾਂਦਾ ਹੈ, ਪਰੰਤੂ ਕਾਰਵਾਈ ਦੇ ਨਾਂ ’ਤੇ ਕੋਈ ਠੋਸ ਨਤੀਜੇ ਸਾਹਮਣੇ ਨਹੀਂ ਆਉਂਦੇ। ਜੇਲ੍ਹਾਂ ਅੰਦਰ ਫੈਲਿਆ ਭ੍ਰਿਸ਼ਟਾਚਾਰ ਕਾਰਨ ਪੰਜਾਬ ਦੀਆਂ ਜੇਲ੍ਹਾਂ ਦਾ ਸੁਧਾਰ ਅਸੰਭਵ ਦਿਖਾਈ ਦੇ ਰਿਹਾ ਹੈ। ਸਰਕਾਰ ਇਸ ਮਾਮਲੇ ’ਤੇ ਸਖ਼ਤੀ ਵਰਤਣ ਦੀ ਬਜਾਏ ਦਬਾਉਣ ਵਲ ਰੁਚੀ ਰੱਖ ਰਹੀ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਗੈਂਗਸਟਰਾਂ ਦੇ ਟਕਰਾਅ ਕਾਰਨ ਹਿੰਸਕ ਘਟਨਾਵਾਂ ਵੀ ਹੋ ਚੁੱਕੀਆਂ ਹਨ।



**ਜੱਜਾਂ ਦੀ ਕਮੀ :** ਭਾਰਤ ਵਿਚ ਸਾਰੀ ਅਦਾਲਤਾਂ ਵਿਚ ਪੈਂਡਿੰਗ ਕੇਸਾਂ ਦੀ ਗੱਲ ਕਰੀਏ ਤਾਂ ਲੱਗਭੱਗ 2 ਕਰੋੜ 60 ਲੱਖ ਮਾਮਲੇ ਪੈਂਡਿੰਗ ਹਨ ਤੇ ਜੱਜਾਂ ਦੇ ਅਹੁਦੇ ਹਜ਼ਾਰਾਂ ਦੀ ਗਿਣਤੀ ਵਿਚ ਖਾਲੀ ਹਨ। ਅੰਕੜਿਆਂ ਦੇ ਮੁਤਾਬਕ ਇੱਥੇ ਉਪਰਲੀਆਂ ਅਦਾਲਤਾਂ ਵਿਚ ਪੈਂਡਿੰਗ ਮਾਮਲਿਆਂ ਵਿਚ ਕਮੀ ਆਈ ਹੈ, ਉੱਥੇ ਦੂਸਰੇ ਪਾਸੇ ਹੇਠਲੀਆਂ ਅਦਾਲਤਾਂ ਵਿਚ ਮਾਮਲੇ ਵਧਦੇ ਜਾ ਰਹੇ ਹਨ। 27 ਦਸੰਬਰ 2017 ਤੱਕ ਦੇ ਅੰਕੜਿਆਂ ਮੁਤਾਬਕ ਸੁਪਰੀਮ ਕੋਰਟ ਵਿਚ 55,259 ਮਾਮਲੇ ਪੈਂਡਿੰਗ ਹਨ। ਵੱਡਾ ਸੁਆਲ ਇਹੀ ਹੈ ਕਿ ਜੱਜਾਂ ਦੀ ਗਿਣਤੀ ਜੇਕਰ ਇਸੇ ਤਰ੍ਹਾਂ ਘਟਦੀ ਰਹੇਗੀ ਤਾਂ ਪੈਂਡਿੰਗ ਮਾਮਲਿਆਂ ਵਿਚ ਹੋਰ ਜ਼ਿਆਦਾ ਇਜਾਫਾ ਹੋਵੇਗਾ। ਮੌਜੂਦਾ ਸਮੇਂ ਦੌਰਾਨ ਜੱਜਾਂ ਦੇ ਕੁਲ 6379 ਅਹੁਦੇ ਖਾਲੀ ਹਨ, ਸੁਪਰੀਮ ਕੋਰਟ ਵਿਚ ਜਿੱਥੇ 6 ਸੀਟਾਂ ਖਾਲੀ ਹਨ, ਉਥੇ ਹਾਈਕੋਰਟ ਵਿਚ 389 ਤੇ ਹੇਠਲੀਆਂ ਅਦਾਲਤਾਂ ਵਿਚ 5984 ਅਹੁਦੇ ਖਾਲੀ ਹਨ। ਇਥੇ 9 ਹਾਈਕੋਰਟ ਅਜਿਹੇ ਹਨ, ਜਿੱਥੇ ਮੁੱਖ ਜੱਜ ਦਾ ਅਹੁਦਾ ਖਾਲੀ ਪਿਆ ਹੈ ਤੇ ਇੱਥੇ ਕਾਰਜਕਾਰੀ ਮੁੱਖ ਜੱਜ ਦੇ ਰਾਹੀਂ ਕਾਰਜ ਹੋ ਰਿਹਾ ਹੈ। ਇਸ ਤੋਂ ਸਪੱਸ਼ਟ ਹੈ ਕਿ ਭਾਰਤ ਦੀ ਨਿਆਂਪਾਲਿਕਾ ਮਾੜੀ ਹਾਲਤ ਵਿਚ ਗੁਜ਼ਰ ਰਹੀ ਹੈ, ਜਦ ਨਿਆਂ ਨਹੀਂ ਮਿਲ ਰਿਹਾ ਤੇ ਨਿਆਂ ਮਿਲਣ ਵਿਚ ਦੇਰੀ ਹੋ ਰਹੀ ਹੈ ਤਾਂ ਨਿਸ਼ਚਿਤ ਹੈ ਕਿ ਭਾਰਤ ਵਿਚ ਅਪਰਾਧ ਤੇ ਕੈਦੀ ਦੋਵੇਂ ਵਧਣਗੇ। ਜੱਜਾਂ ਦੀ ਘਾਟ ਕਾਰਨ ਜੇਲ੍ਹਾਂ ਵਿਚ ਮੌਜੂਦ ਕੁਲ ਕੈਦੀਆਂ ਵਿਚੋਂ ਲੱਗਭੱਗ ਦੋ ਤਿਹਾਈ ਕੈਦੀ ਵਿਚਾਰ ਅਧੀਨ ਹਨ। ਅਰਥਾਤ ਦੋ ਤਿਹਾਈ ਫੀਸਦੀ ਕੈਦੀ ਅਜਿਹੇ ਹਨ, ਜਿਨ੍ਹਾਂ ਦੇ ਮਾਮਲਿਆਂ ਵਿਚ ਅਜੇ ਕੁਝ ਵੀ ਸਿੱਧ ਨਹੀਂ ਹੋਇਆ ਪਰ ਉਨ੍ਹਾਂ ਨੂੰ ਜੇਲ੍ਹ ਵਿਚ ਰੱਖਿਆ ਗਿਆ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਕੈਦੀ ਨਿਰਦੋਸ਼ ਹੋ ਸਕਦੇ ਹਨ ਅਤੇ ਬਹੁਤ ਸਾਰੇ ਅਜਿਹੇ ਹੋ ਸਕਦੇ ਹਨ ਜੋ ਆਪਣੇ ਉਪਰ ਲੱਗੇ ਦੋਸ਼ ਦੇ ਲਈ ਸੰਭਾਵਿਤ ਸਜ਼ਾ ਦੀ ਜ਼ਿਆਦਾ ਸਮਾਂ ਜੇਲ੍ਹ ਵਿਚ ਬਿਤਾ ਚੁੱਕੇ ਹਨ। ਪਰ ਅਜਿਹੇ ਲੋਕਾਂ ਦਾ ਦਰਦ ਸੁਣਨ ਵਾਲਾ ਕੋਈ ਨਹੀਂ ਹੈ। ਇਹ ਇਕ ਤਰ੍ਹਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

**ਨਰਕ ਭਰੀਆਂ ਜੇਲ੍ਹਾਂ :** ਜੇਲ੍ਹ ਵਿਚ ਖਰਾਬ ਖਾਣਾ ਤੇ ਸ਼ੌਚ ਨਾਲ ਸੰਬੰਧਿਤ ਸਮੱਸਿਆਵਾਂ ਜੋ ਸਾਹਮਣੇ ਆਉਂਦੀਆਂ ਰਹਿੰਦੀ ਹਨ, ਉਸ ਦਾ ਮੁੱਖ ਕਾਰਨ ਇਹੀ ਹੈ ਕਿ ਭਾਰਤੀ ਜੇਲ੍ਹਾਂ ਵਿਚ ਸਮਰੱਥਾ ਤੋਂ ਜ਼ਿਆਦਾ ਕੈਦੀ ਭਰੇ ਹੋਏ ਹਨ ਤੇ ਨਰਕ ਭਰਿਆ ਜੀਵਨ ਹੰਢਾ ਰਹੇ ਹਨ। ਇਸ ਕਾਰਨ ਕੈਦੀਆਂ ਦੇ ਆਪਸ ਵਿਚ ਲੜਾਈ, ਝਗੜੇ ਤੇ ਹੰਗਾਮੇ ਵੀ ਹੁੰਦੇ ਰਹਿੰਦੇ ਹਨ ਤੇ ਜੇਲ੍ਹ ਵਿਚੋਂ ਭੱਜਣ ਤੇ ਕੈਦੀਆਂ ਦੇ ਸ਼ੱਕੀ ਹਾਲਤਾਂ ਵਿਚ ਮਰਨ ਦੀਆਂ ਖਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ। ਜੇਲ੍ਹ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਸਖ਼ਤ ਵਿਹਾਰ ਵੀ ਕਈ ਵਾਰ ਅਜਿਹੀਆਂ ਘਟਨਾਵਾਂ ਦਾ ਕਾਰਨ ਬਣਦਾ ਹੈ। ਜੇਕਰ ਜੇਲ੍ਹ ਸੁਧਾਰ ਕਰਨਾ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਨਿਆਂ ਪ੍ਰਕਿਰਿਆ ਸਹੀ ਕਰੇ ਤੇ ਜੇਲ੍ਹਾਂ ਦਾ ਪ੍ਰਬੰਧ ਵਧੀਆ ਢੰਗ ਨਾਲ ਕਰੇ, ਜਿਸ ਵਿਚ ਸਮਰੱਥਾ ਤੋਂ ਵਧ ਕੈਦੀ ਨਾ ਹੋਣ। ਪਿਛਲੇ ਸਾਲ ਸੁਪਰੀਮ ਕੋਰਟ ਦੁਆਰਾ ਦਿੱਤੇ ਗਏ ਜੇਲ੍ਹ ਸੁਧਾਰ ਦੇ ਹੁਕਮ ਕਾਫੀ ਹੱਦ ਤੱਕ ਲਾਭਦਾਇਕ ਸਿੱਧ ਹੋ ਸਕਦੇ ਹਨ ਕਿ ਕੈਦੀਆਂ ਦੇ ਪਰਿਵਾਰਾਂ ਤੇ ਵਕੀਲਾਂ ਨਾਲ ਉਨ੍ਹਾਂ ਦੀ ਗੱਲਬਾਤ ਕਰਾਈ ਜਾਵੇ, ਹਿੰਸਾ ਪ੍ਰਕਿਰਤੀ ਵਾਲੇ ਕੈਦੀਆਂ ਦੀ ਕੌਂਸਲਿੰਗ ਕੀਤੀ ਜਾਵੇ, ਪੁਲੀਸ ਦਾ ਰਵੱਈਆ ਕੈਦੀਆਂ ਪ੍ਰਤੀ ਠੀਕ ਹੋਵੇ, ਕੈਦੀਆਂ ਦੀਆਂ ਸਿਹਤ ਸੰਬੰਧੀ ਜ਼ਰੂਰਤਾਂ ਵਲ ਧਿਆਨ ਦਿੱਤਾ ਜਾਵੇ। ਬਿਨਾਂ ਸ਼ੱਕ ਇਹ ਹਦਾਇਤਾਂ ਜੇਲ੍ਹ ਸੁਧਾਰ ਦੀ ਦਿਸ਼ਾ ਵਿਚ ਕਾਰਗਾਰ ਸਿੱਧ ਹੋ ਸਕਦੀਆਂ ਹਨ। ਲੋੜ ਇਸ ਗੱਲ ਦੀ ਵੀ ਹੈ ਕਿ ਅਦਾਲਤਾਂ ਵਿਚ ਜੱਜਾਂ ਦੀ ਕਮੀ ਪੂਰੀ ਕੀਤੀ ਜਾਵੇ ਤਾਂ ਜੋ ਅਪਰਾਧੀਆਂ ਦੀ ਗਿਣਤੀ ਘਟਾਈ ਜਾ ਸਕੇ ਤੇ ਲੋਕਾਂ ਨੂੰ ਇਨਸਾਫ਼ ਮਿਲ ਸਕੇ। ਰਾਸ਼ਟਰੀ ਅਪਰਾਧ ਬਿਊਰੋ ਦੁਆਰਾ ‘ਪ੍ਰੀਜਨ ਸਟੇਟਿਸਟਿਕਸ ਇੰਡੀਆ 2015’ ਵਿਚ ਭਾਰਤ ਦੀਆਂ ਜੇਲ੍ਹਾਂ ਦੀ ਸਥਿਤੀ ਦੱਸੀ ਗਈ ਹੈ ਜਿਸ ਅਨੁਸਾਰ ਕੈਦੀਆਂ ਦੀ ਜ਼ਿਆਦਾ ਸੰਖਿਆ ਕਾਰਨ ਉੱਚ ਭੋਜਨ, ਰਹਿਣ ਲਾਇਕ ਸਥਾਨ, ਸੌਣ ਲਈ ਸਿਹਤਮੰਦ ਮਾਹੌਲ ਨਹੀਂ ਮਿਲਦਾ। ਇਨ੍ਹਾਂ ਕੈਦੀਆਂ ਦੇ ਲੱਗਭੱਗ 67 ਫੀਸਦੀ ਮੁਕੱਦਮੇ ਵਿਚਾਰ ਅਧੀਨ ਹਨ। ਉਨ੍ਹਾਂ ਨੂੰ ਕਿਸੇ ਵੀ ਅਪਰਾਧ ਦੇ ਤਹਿਤ ਅਦਾਲਤ ਦੁਆਰਾ ਸਜ਼ਾ ਨਹੀਂ ਸੁਣਾਈ ਗਈ। ਕੈਦੀਆਂ ਵਿਚ ਲੱਗਭੱਗ 70 ਫੀਸਦੀ ਅਪਰਾਧੀ ਅਨਪੜ੍ਹ ਜਾਂ ਦਸਵੀਂ ਤੱਕ ਪੜ੍ਹੇ ਲਿਖੇ ਹਨ। ਭਾਰਤੀ ਜੇਲ੍ਹ ਵਿਚ ਵਿਚਾਰਅਧੀਨ ਕੈਦੀਆਂ ਦਾ ਸਾਮਾਜਿਕ ਤੇ ਧਾਰਮਿਕ ਪਿਛੋਕੜ ਦੇਖਿਆ ਜਾਵੇ ਤਾਂ ਅਜਿਹਾ ਸਪੱਸ਼ਟ ਦਿਖਦਾ ਹੈ ਕਿ ਦਲਿਤ ਆਦਿਵਾਸੀ ਮੁਸਲਿਮ ਕੈਦੀਆਂ ਦਾ ਅਨੁਪਾਤ ਕੁਲ ਜਨਸੰਖਿਆ ਵਿਚ ਉਨ੍ਹਾਂ ਦੇ ਅਨੁਪਾਤ ਤੋਂ ਕਿਤੇ ਜ਼ਿਆਦਾ ਹੈ। ਜੇਲ੍ਹ ਸੁਧਾਰ ਘਰ ਹੋਣੇ ਚਾਹੀਦੇ ਹਨ, ਨਾ ਕਿ ਕਰਾਈਮ ਦੇ ਅੱਡੇ। ਕੈਦੀਆਂ ਦੀ ਮਾਨਸਿਕਤਾ ਨੂੰ ਬਦਲਣਾ ਜੇਲ੍ਹ ਪ੍ਰਸ਼ਾਸ਼ਣ ਦਾ ਫਰਜ਼ ਹੋਣਾ ਚਾਹੀਦਾ ਹੈ ਤਾਂ ਜੋ ਉਹ ਜੇਲ੍ਹ ਵਿਚੋਂ ਬਾਹਰ ਨਿਕਲ ਕੇ ਕੋਈ ਕਰਾਈਮ ਨਾ ਕਰਨ ਤੇ ਰਿਹਾਈ ਤੋਂ ਬਾਅਦ ਇਕ ਚੰਗੇ ਇਨਸਾਨ ਦੀ ਤਰ੍ਹਾਂ ਜੀਵਨ ਗੁਜਾਰਨ। ਪਰ ਭਾਰਤ ਵਿਚ ਇਸ ਦੇ ਉਲਟ ਵਾਪਰ ਰਿਹਾ ਹੈ। ਇੱਥੇ ਅਪਰਾਧੀਆਂ ਨੂੰ ਉਸ ਦੇ ਅਪਰਾਧਾਂ ਦੇ ਲਈ ਜ਼ਾਲਮਾਨਾ ਢੰਗ ਨਾਲ ਰੱਖ ਕੇ ਦੰਡ ਦਿੱਤਾ ਜਾਂਦਾ ਹੈ। ਜੇਲ੍ਹ ਦਾ ਉਦੇਸ਼ ਕਿਸੇ ਅਪਰਾਧੀ ਨੂੰ ਉਸ ਦੇ ਅਪਰਾਧ ਦੇਣ ਲਈ ਦੰਡ ਦੇਣ ਨਾਲ ਉਸ ਦੀ ਮਾਨਸਿਕਤਾ ਵਿਚ ਸੁਧਾਰ ਲਿਆਉਣ ਦਾ ਇਕ ਮੌਕਾ ਵੀ ਦੇਣਾ ਹੁੰਦਾ ਹੈ।

# ਜਹਾਜ਼ਾਂ ਵਾਲੇ ਪਿੰਡ ਵਜੋਂ ਜਾਣਿਆ ਜਾਂਦਾ ਏ ਪਿੰਡ ਉਪਲ

- **ਉਪਲ ਪਿੰਡ ਦੇ ਸੰਤੋਖ ਸਿੰਘ ਨੇ ਆਪਣਾ ਘਰ ਵੀ ਜਹਾਜ਼ ਵਰਗਾ ਬਣਾ ਦਿੱਤਾ**
- **ਦੁਆਬੇ ਦੇ ਪਿੰਡਾਂ 'ਚ ਹੈ ਕਈ ਘਰਾਂ ਉਤੇ ਹਵਾਈ ਅੱਡਾ**
- **ਜਲੰਧਰ, ਹੁਸ਼ਿਆਰਪੁਰ, ਕਪੂਰਥਲਾ 'ਚ ਪ੍ਰਵਾਸੀ ਪੰਜਾਬੀਆਂ ਨੇ ਆਪਣੀਆਂ ਕੋਠੀਆਂ 'ਤੇ ਜਹਾਜ਼ ਦੀਆਂ ਬਣਾਈਆਂ ਹੋਈਆਂ ਨੇ ਟੈਂਕੀਆਂ**
- **ਵੀਜਾ ਚਾਹੀਦੈ, ਹਵਾਈ ਜਹਾਜ਼ ਚੜ੍ਹਾਓ ਤੇ ਪੂਰੀ ਹੋਵੇਗੀ ਵਿਦੇਸ਼ ਜਾਣ ਦੀ ਆਸ**




**ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਬਿਊਰੋ**

ਜਲੰਧਰ: ਦੁਆਬੇ ਇਲਾਕੇ ਦੇ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਇਲਾਕੇ ਵਿਚ ਕਈ ਪਿੰਡਾਂ ਦੇ ਮਕਾਨਾਂ 'ਤੇ ਪਾਣੀ ਦੀ ਟੈਂਕੀ 'ਤੇ ਹਵਾਈ ਜਹਾਜ਼ ਦਿਖਾਈ ਦੇਣਗੇ, ਜੋ ਕਿ ਪ੍ਰਵਾਸੀ ਪੰਜਾਬੀਆਂ ਵਲੋਂ ਬਣਾਏ ਗਏ ਹਨ। ਜਲੰਧਰ ਵਿਚ ਪਿੰਡ ਲਾਂਬੜਾ ਜਿੱਥੇ ਹਰੇਕ ਘਰ ਦੀ ਛੱਤ 'ਤੇ ਏਅਰ ਇੰਡੀਆ ਦਾ ਹਵਾਈ ਜਹਾਜ਼ ਖੜ੍ਹਾ ਹੈ, ਜਿਹੜਾ ਵੀ ਇਨ੍ਹਾਂ ਨੂੰ ਦੇਖਦਾ ਹੈ, ਹੈਰਾਨ ਹੋ ਜਾਂਦਾ ਹੈ। ਇਕੱਲੇ ਜਲੰਧਰ ਵਿਚ ਹੀ ਨਹੀਂ, ਬਲਕਿ ਨੂਰਮਹਿਲ ਤਹਿਸੀਲ ਦੇ ਉੱਪਲਾ ਪਿੰਡ ਵਿਚ ਤਾਂ ਹਰ ਘਰ ਦੇ ਉੱਪਰ ਜਹਾਜ਼ ਬਣੇ ਨਜ਼ਰ ਆਉਂਦੇ ਹਨ। ਇਸ ਕਾਰਨ ਇਸ ਪਿੰਡ ਨੂੰ ਲੋਕ ਹੁਣ ਜਹਾਜ਼ ਵਾਲੇ ਪਿੰਡ ਦੇ ਨਾਂ ਨਾਲ ਜਾਣਨ ਲੱਗੇ ਹਨ। ਇਸ ਪਿੰਡ ਵਿਚ ਰਹਿਣ ਵਾਲੇ ਲੋਕਾਂ ਨੇ ਆਪਣੇ ਘਰਾਂ ਦੀਆਂ ਛੱਤਾਂ ਉੱਤੇ ਬਣਾਏ ਜਹਾਜ਼ਾਂ ਨੂੰ ਏਅਰ ਇੰਡੀਆ ਦਾ ਟੈਗ ਤੱਕ ਦੇ ਦਿੱਤਾ ਹੈ। ਇੱਥੋਂ ਦੇ ਰਹਿਣ ਵਾਲੇ ਸੰਤੋਖ ਸਿੰਘ ਨੇ ਆਪਣੇ ਘਰ ਦੇ ਉੱਪਰ ਇੱਕ ਹਵਾਈ ਜਹਾਜ਼ ਬਣਵਾਇਆ ਹੈ। ਸੰਤੋਖ ਸਿੰਘ ਇੰਗਲੈਂਡ ਵਿਚ ਰਹਿੰਦਾ ਹੈ। ਉਸ ਦਾ ਉੱਥੇ ਹੋਟਲ ਦਾ ਕਿੱਤਾ ਹੈ। ਇਹ ਜਹਾਜ਼ ਤਕਰੀਬਨ 2 ਕਿਲੋਮੀਟਰ ਦੀ ਦੂਰੀ ਤੋਂ ਦਿਖਾਈ ਦੇਣ ਲੱਗਦਾ ਹੈ। ਇਹ ਪਿੰਡ ਆਲੇ-ਦੁਆਲੇ ਦੇ ਦੂਜੇ ਲੋਕਾਂ ਤੇ ਪਿੰਡਾਂ ਵਿਚ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਪਰਵਾਸੀ ਭਾਰਤੀ ਸੰਤੋਖ ਸਿੰਘ ਨੇ ਦੱਸਿਆ, 'ਮੁੰਬਈ ਦੇ ਜੁਹੂ ਵਿਚ ਇੱਕ ਪਾਰਕ ਵਿਚ ਪਹਿਲੀ ਵਾਰ ਮੈਂ ਜਹਾਜ਼ ਨੂੰ ਦੇਖਿਆ ਸੀ ਜੋ ਬੱਚਿਆਂ ਦੇ ਖੇਡਣ ਲਈ ਬਣਾਇਆ ਗਿਆ ਹੈ।' ਇਸ ਤੋਂ ਬਾਅਦ ਜਦੋਂ ਹਵਾਈ ਜਹਾਜ਼ ਵਿਚ ਯਾਤਰਾ ਕਰਨ ਦਾ ਮੌਕਾ ਮਿਲਿਆ, ਤਾਂ ਮੈਂ ਸੋਚ ਲਿਆ ਸੀ ਕਿ ਅਜਿਹਾ ਹੀ ਇੱਕ ਘਰ ਬਣਾਵਾਂਗਾ ਤੇ ਇਹ ਉਸੇ ਦਾ ਨਤੀਜਾ ਹੈ। ਇਹ ਪੁੱਛੇ ਜਾਣ 'ਤੇ ਕਿ ਮਕਾਨ 'ਤੇ ਏਅਰ ਇੰਡੀਆ ਲਿਖਿਆ ਹੋਇਆ ਹੈ, ਤਾਂ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੋਇਆ ਤਾਂ ਸੰਤੋਖ ਸਿੰਘ ਨੇ ਹੱਸਦੇ ਹੋਏ ਕਿਹਾ, 'ਕਈ ਲੋਕਾਂ ਦੇ ਮੇਰੇ ਕੋਲ ਫੋਨ ਆਏ ਤੇ ਉਨ੍ਹਾਂ ਕਿਹਾ ਕਿ ਤੁਸੀਂ ਮੁਫ਼ਤ ਵਿਚ ਹੀ ਏਅਰ ਇੰਡੀਆ ਦੀ ਮਸ਼ਹੂਰੀ ਕਰ ਦਿੱਤੀ ਹੈ। ਜਹਾਜ਼ ਦੇ ਅੰਦਰਲੇ ਹਿੱਸੇ ਨੂੰ ਦਿਖਾਉਂਦੇ ਹੋਏ ਸੰਤੋਖ ਸਿੰਘ ਨੇ ਕਿਹਾ ਕਿ ਇਸ ਵਿਚ ਦੋ ਬੈੱਡਰੂਮ ਹਨ। ਇੱਕ ਜਹਾਜ਼ ਦੇ ਅਗਲੇ ਹਿੱਸੇ ਵਿਚ ਹੈ, ਜਦ ਕਿ ਦੂਜਾ ਪਿਛਲੇ ਹਿੱਸੇ ਵਿੱਚ ਹੈ। ਦੋਵੇਂ ਕਮਰਿਆਂ ਦੇ ਨਾਲ-ਨਾਲ ਬਾਥਰੂਮ ਵੀ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਇਸ ਵਿਚ ਬੈਠਣ ਲਈ ਵੀ ਥਾਂ ਬਣਾਈ ਗਈ ਹੈ। ਇਸ ਹਵਾਈ ਜਹਾਜ਼ ਦੀ ਖ਼ਾਸੀਅਤ ਇਹ ਹੈ ਕਿ ਇਸ ਵਿਚ ਮਕਾਨ ਦੀ ਛੱਤ 'ਤੇ ਵੀ ਜਾਣ ਦੀ ਸਹੂਲਤ ਹੈ ਅਤੇ ਘਰ ਦੇ ਅੰਦਰੋਂ ਵੀ ਉੱਪਰ ਜਾਣ ਦਾ ਪ੍ਰਬੰਧ ਹੈ। ਕਮਰਿਆਂ ਤੇ ਬੈਠਕਾਂ ਦੀਆਂ ਖਿੜਕੀਆਂ ਵੀ ਜਹਾਜ਼ ਦੀਆਂ ਖਿੜਕੀਆਂ ਦੇ ਅੰਦਾਜ਼ ਵਿਚ ਗੋਲ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਜਹਾਜ਼ ਦੀ ਲੰਬਾਈ 84 ਤੋਂ 85 ਫੁੱਟ ਹੈ, ਜੋ ਮਕਾਨ ਦੀ ਛੱਤ 'ਤੇ ਬਣਾਇਆ ਗਿਆ ਹੈ। ਸਿੰਘ ਦਾ ਮਕਾਨ ਵੀ ਦੋ ਤਿੰਨ ਕਨਾਲ ਵਿਚ ਬਣਿਆ ਹੈ, ਜਿਸ ਵਿਚ 32 ਕਮਰੇ ਹਨ। ਸੰਤੋਖ ਸਿੰਘ ਕਹਿੰਦਾ ਹੈ, 'ਦੋ ਪੁੱਤਰ ਹਨ, ਦੋਵੇਂ ਵਿਦੇਸ਼ ਰਹਿੰਦੇ ਹਨ। ਪਤਨੀ ਮੇਰੇ ਨਾਲ ਇੰਗਲੈਂਡ ਵਿਚ ਰਹਿੰਦੀ ਹੈ। ਵਾਰੀ-ਵਾਰੀ ਨਾਲ ਅਸੀਂ ਸਾਰੇ ਇੱਥੇ ਆਉਂਦੇ ਰਹਿੰਦੇ ਹਾਂ। ਪੂਰਾ ਪਰਿਵਾਰ ਵੀ ਕਦੇ-ਕਦੇ ਇੱਥੇ ਇਕੱਠੇ ਹੁੰਦੇ ਹਾਂ। ਉਂਝ ਅਸੀਂ ਦੋ ਤਿੰਨ ਮਹੀਨਿਆਂ ਵਿਚ ਇਕ ਚੱਕਰ ਲਗਾ ਹੀ ਲੈਂਦੇ ਹਾਂ।



ਉਨ੍ਹਾਂ ਕਿਹਾ ਕਿ 1999 ਵਿਚ ਇਸ ਮਕਾਨ ਨੂੰ ਬਣਾਉਣ ਵਿਚ ਉਦੋਂ ਤਕਰੀਬਨ 20 ਲੱਖ ਰੁਪਏ ਖ਼ਰਚ ਹੋਏ ਸਨ। ਇਸ ਤੋਂ ਬਾਅਦ ਇਸ 'ਤੇ ਹਵਾਈ ਜਹਾਜ਼ ਦੀ ਉਸਾਰੀ ਕੀਤੀ ਗਈ। ਸਿਰਫ਼ ਸੰਤੋਖ ਸਿੰਘ ਹੀ ਨਹੀਂ, ਬਲਕਿ ਜਲੰਧਰ ਜ਼ਿਲ੍ਹੇ ਵਿਚ ਕਈ ਮਕਾਨਾਂ 'ਤੇ ਪਾਣੀ ਦੀਆਂ ਟੈਂਕੀਆਂ ਕਿਤੇ ਹਵਾਈ ਜਹਾਜ਼, ਕਿਤੇ ਫੁੱਟਬਾਲ ਤਾਂ ਕਿਤੇ ਬਾਜ ਤੇ ਘੋੜੇ ਦੇ ਆਕਾਰ 'ਚ ਦਿਖਾਈ ਪੈ ਜਾਂਦੇ ਹਨ।

ਇਨ੍ਹਾਂ ਪਿੰਡਾਂ ਤੋਂ ਇਲਾਵਾ ਕੁਝ ਆਲੇ-ਦੁਆਲੇ ਦੇ ਪਿੰਡ ਵਿਚ ਵੀ ਹੁਣ ਕੁਝ ਅਜਿਹੀ ਹੀ ਅਜੀਬੋ ਗ਼ਰੀਬ ਅਕਾਰ ਦੀਆਂ ਟੈਂਕੀਆਂ ਤੁਹਾਨੂੰ ਦਿਸ ਜਾਣਗੀਆਂ। ਉੱਪਲਾ ਪਿੰਡ ਦੇ ਮਕਾਨਾਂ ਦੀਆਂ ਛੱਤਾਂ 'ਤੇ ਆਮ ਪਾਣੀ ਦੇ ਟੈਂਕ ਨਹੀਂ ਹਨ, ਬਲਕਿ ਇੱਥੇ ਹਵਾਈ ਜਹਾਜ਼, ਘੋੜੇ, ਗੁਲਾਬ, ਕਾਰ, ਬੱਸ ਆਦਿ ਕਈ ਤਰ੍ਹਾਂ ਦੀਆਂ ਟੈਂਕੀਆਂ ਤੁਹਾਨੂੰ ਦਿਖਾਈ ਦੇਣਗੀਆਂ। ਜੇਕਰ ਕਿਸੇ ਦੀ ਛੱਤ 'ਤੇ ਫ਼ੌਜ ਦਾ ਟੈਂਕ ਦਿਸ ਜਾਵੇ, ਤਾਂ ਸਮਝੋ ਉਸ ਘਰ 'ਚੋਂ ਕੋਈ ਨਾ ਕੋਈ ਮੈਂਬਰ ਫ਼ੌਜ ਵਿਚ ਹੈ। ਜੇਕਰ ਤੁਹਾਨੂੰ ਛੱਤ 'ਤੇ ਜਹਾਜ਼ ਦਿਸੇ, ਤਾਂ ਸਮਝੋ ਕਿ ਉਸ ਘਰ ਦੇ ਲੋਕ ਐੱਨਆਰਆਈ ਹਨ।

ਪਿੰਡ ਵਿਚ ਖ਼ਾਸ ਤੌਰ 'ਤੇ ਐੱਨਆਰਆਈ ਦੀਆਂ ਕੋਠੀਆਂ ਦੀ ਛੱਤ 'ਤੇ ਇਸ ਤਰ੍ਹਾਂ ਦੀਆਂ ਟੈਂਕੀਆਂ ਬਣਾਈਆਂ ਗਈਆਂ ਹਨ। ਕੋਠੀਆਂ 'ਤੇ ਰੱਖੀ ਕਈ ਤਰ੍ਹਾਂ ਦੀਆਂ ਟੈਂਕੀਆਂ ਤੋਂ ਹੀ ਉਸ ਦੀ ਪਛਾਣ ਹੈ। ਇਸ ਦੀ ਸ਼ੁਰੂਆਤ ਤਕਰੀਬਨ 70 ਸਾਲ ਪਹਿਲਾਂ ਹਾਂਗਕਾਂਗ ਜਾਣ ਵਾਲੇ ਤਰਸੇਮ ਸਿੰਘ ਨੇ ਕੀਤੀ ਸੀ। ਆਪਣੀ ਕੋਠੀ ਦੇ ਉੱਪਰ ਪਾਣੀ ਜਹਾਜ਼ ਦੇ ਕਾਰ ਦੀਆਂ ਟੈਂਕੀਆਂ ਬਣਵਾਈਆਂ, ਜਿਸ ਨੂੰ ਲੋਕਾਂ ਨੇ ਖ਼ੂਬ ਪਸੰਦ ਕੀਤਾ ਤੇ ਹੁਣ ਤਾਂ ਇੱਥੇ ਤਕਰੀਬਨ 200 ਤੋਂ ਵੱਧ ਕੋਠੀਆਂ ਵਿਚ ਵੱਖ-ਵੱਖ ਢੰਗ ਨਾਲ ਟੈਂਕੀਆਂ ਤੁਹਾਨੂੰ ਦਿਖਾਈ ਦੇਣਗੀਆਂ।

## ਵਿਦੇਸ਼ ਜਾਣ ਲਈ ਗੁਰਦੁਆਰੇ ਚੜ੍ਹਦੇ ਨੇ ਜਹਾਜ਼

ਵਿਦੇਸ਼ ਜਾਣ ਦੀ ਇੱਛਾ ਪੰਜਾਬੀ ਗੱਭਰੂਆਂ 'ਤੇ ਭਾਰੂ ਹੈ। ਪੰਜਾਬ ਵਿਚ ਬੇਰੁਜ਼ਗਾਰੀ ਹੋਣ ਕਰਕੇ ਪੰਜਾਬ ਦਾ ਯੂਥ ਵਿਦੇਸ਼ ਪੜ੍ਹਨ ਤੇ ਵਸਣ ਵਿਚ ਤਰਜੀਹ ਦੇ ਰਿਹਾ ਹੈ। ਵਿਦੇਸ਼ ਵਿਚ ਨੌਜਵਾਨਾਂ ਨੂੰ ਮਾਲ, ਸ਼ਾਪਿੰਗ ਕੰਪਲੈਕਸ, ਫੈਕਟਰੀਆਂ ਵਿਚ ਅਸਾਨੀ ਨਾਲ ਨੌਕਰੀ ਮਿਲ ਜਾਂਦੀ ਹੈ। ਨੌਜਵਾਨ ਛੋਟਾ-ਵੱਡਾ ਕੋਈ ਵੀ ਕੰਮ ਮਿਲੇ, ਬੇਝਿਜਕ ਹੋ ਕੇ ਕਰ ਲੈਂਦੇ ਹਨ। ਕੰਮ ਦੇ ਬਦਲੇ ਲੋਕਾਂ ਨੂੰ ਉੱਚਿਤ ਤਨਖ਼ਾਹ ਮਿਲ ਜਾਂਦੀ ਹੈ। ਇਸ ਤੋਂ ਇਲਾਵਾ ਘੰਟਿਆਂ ਦੇ ਹਿਸਾਬ ਨਾਲ ਤਨਖ਼ਾਹ, ਪਾਰਟ ਟਾਈਮ ਨੌਕਰੀ ਵੀ ਮਿਲ ਜਾਂਦੀਆਂ ਹਨ। ਰੁਪਏ ਦੇ ਮੁਕਾਬਲੇ ਇੰਗਲੈਂਡ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਤੇ ਕੈਨੇਡਾ ਸਮੇਤ ਦੇਸਾਂ ਦੀ ਮਜ਼ਬੂਤ ਕਰੰਸੀ ਵੀ ਲੋਕਾਂ ਨੂੰ ਵਿਦੇਸ਼ ਵੱਲ ਖਿੱਚ ਰਹੀ ਹੈ। ਕਈਆਂ ਦੇ ਵਿਦੇਸ਼ ਜਾਣ ਦੀ ਇੱਛਾ ਧਰੀ ਦੀ ਧਰੀ ਰਹਿ ਜਾਂਦੀ ਹੈ ਤੇ ਵੀਜਾ ਨਹੀਂ ਮਿਲਦਾ ਹੈ। ਅਖੀਰ ਕਿਵੇਂ ਹੋਵੇਗਾ ਵਿਦੇਸ਼ ਜਾਣ ਦੀ ਸੁਪਨਾ ਸੱਚ ਤੇ ਕਿਵੇਂ ਲੱਗਣਗੇ ਤੁਹਾਡੇ ਸੁਪਨਿਆਂ ਨੂੰ ਖੰਭ। ਆਓ ਇਸ ਬਾਰੇ ਅਸੀਂ ਤੁਹਾਨੂੰ ਦੱਸਦੇ ਹਾਂ।

ਅਸਲ ਵਿਚ ਪੰਜਾਬ ਦੇ ਜਲੰਧਰ ਦੇ ਨੇੜੇ ਇੱਕ ਅਜਿਹਾ ਗੁਰਦੁਆਰਾ ਨਿਹਾਲ ਸਿੰਘ ਸ਼ਹੀਦਾਂ ਗੁਰਦੁਆਰਾ ਤੱਲਣ ਸਾਹਿਬ ਹੈ, ਜਿੱਥੇ ਲੋਕ ਚੜ੍ਹਾਵੇ ਦੇ ਰੂਪ ਵਿਚ ਖਿਡੌਣਾ ਚੜ੍ਹਾਉਂਦੇ ਹਨ ਤੇ ਵਿਦੇਸ਼ ਜਾਣ ਦੀ ਮੰਨਤ ਮੰਗਦੇ ਹਨ। ਇੱਥੇ ਲੋਕ ਮੰਨਤ ਮੰਗਣ ਤੇ ਉਸ ਦੇ ਪੂਰੇ ਹੋਣ 'ਤੇ ਹਵਾਈ ਜਹਾਜ਼ ਚੜ੍ਹਾਉਂਦੇ ਹਨ। ਇਹ ਕੋਈ ਅਸਲੀ ਦਾ ਜਹਾਜ਼ ਨਹੀਂ, ਸਗੋਂ ਖਿਡੌਣੇ ਵਾਲਾ ਹਵਾਈ ਜਹਾਜ਼ ਹੈ। ਮੰਨਤ ਪੂਰੀ ਹੋਣ 'ਤੇ ਵਿਦੇਸ਼ ਦਾ ਵੀਜਾ ਲੱਗਣ 'ਤੇ ਇੱਥੇ ਲੋਕ ਖਿਡੌਣੇ ਵਾਲਾ ਜਹਾਜ਼ ਚੜ੍ਹਾਉਂਦੇ ਹਨ। ਆਪਣੇ ਪਰਿਵਾਰ ਦੇ ਨਾਲ ਜਲੰਧਰ ਤੋਂ ਮੱਥਾ ਟੇਕਣ ਆਏ ਸੋਨੂੰ ਨੇ ਮੱਥਾ ਟੇਕਿਆ ਤੇ ਮੰਨਤ ਮੰਗੀ ਕਿ ਜਦੋਂ ਉਹ ਬਾਹਰ ਚਲਾ ਜਾਵੇਗਾ ਤਾਂ ਉਹ ਵੀ ਇੱਥੇ ਆ ਕੇ ਜਹਾਜ਼ ਭੇਟ ਕਰੇਗਾ ਤੇ ਉਸ ਦਾ ਕਹਿਣਾ ਹੈ ਕਿ ਉਸ ਨੂੰ ਵਿਸ਼ਵਾਸ ਹੈ ਕਿ ਉਹ ਜ਼ਰੂਰ ਬਾਹਰ ਜਾਵੇਗਾ ਤੇ ਉਸ ਦੇ ਜਾਣ ਤੋਂ ਬਾਅਦ ਉਹ ਫਿਰ ਇੱਥੇ ਵਾਪਸ ਆ ਕੇ ਜਹਾਜ਼ ਚੜ੍ਹਾਵੇਗਾ।

ਇੱਥੇ ਇਹ ਮੰਨਤ ਮੰਗਣ ਆਏ ਲੁਧਿਆਣਾ ਦੇ ਰਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਨੇ ਮੰਨਤ ਮੰਗੀ ਸੀ ਕਿ ਜੇਕਰ ਉਸ ਦਾ ਬਾਹਰ ਜਾਣ ਦਾ ਵੀਜਾ ਲੱਗੇਗਾ, ਤਾਂ ਉਹ ਇੱਥੇ ਆ ਕੇ ਜਹਾਜ਼ ਭੇਟ ਕਰੇਗਾ ਤੇ ਜਦੋਂ ਮੰਨਤ ਪੂਰੀ ਹੋ ਗਈ, ਤਾਂ ਉਹ ਇੱਥੇ ਜਹਾਜ਼ ਚੜ੍ਹਾ ਰਿਹਾ ਹੈ। ਇੱਥੇ ਮੰਨਤ ਮੰਗਣ ਤੋਂ ਬਾਅਦ ਜਰਮਨੀ ਦੋ ਸਾਲ ਲਗਾ ਕੇ ਛੁੱਟੀ 'ਤੇ ਆਏ ਰਾਮਾ ਮੰਡੀ ਦੇ ਸ਼ਮਸ਼ੇਰ ਸਿੰਘ ਦਾ ਕਹਿਣਾ ਸੀ ਕਿ ਉਹ ਮੰਨਤ ਪੂਰੀ ਹੋਣ ਤੋਂ ਬਾਅਦ ਇੱਥੇ ਜਹਾਜ਼ ਚੜ੍ਹਾਉਣ ਆਇਆ ਹੈ।

# ਪੰਜਾਬ ਪੁਲਸ ਘੜਦੀ ਏ ਝੂਠੀਆਂ ਕਹਾਣੀਆਂ

**ਬਠਿੰਡਾ**-ਅਪਰਾਧੀਆਂ ਵਿਰੁੱਧ ਮਾਮਲਾ ਦਰਜ ਕਰਦੇ ਸਮੇਂ ਪੁਲਸ ਦੇ ਹੱਥਾਂ ਵਿਚੋਂ ਕੁਝ ਅਜਿਹੇ ਸਬੂਤ ਛੁੱਟ ਜਾਂਦੇ ਹਨ, ਜਿਸ ਦਾ ਫਾਇਦਾ ਅਪਰਾਧੀਆਂ ਨੂੰ ਅਦਾਲਤ ਵਿਚ ਮਿਲਦਾ ਹੈ। ਸਬੂਤਾਂ ਦੀ ਘਾਟ ਕਾਰਨ ਸੰਗੀਨ ਅਪਰਾਧੀ ਵੀ ਛੁੱਟ ਜਾਂਦੇ ਹਨ। ਸਾਲ 2017 ਦੇ ਅੰਕੜਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਬਠਿੰਡਾ ਜ਼ੋਨ ਦੇ 3575 ਮੁਲਜ਼ਮ ਬਰੀ ਹੋ ਚੁੱਕੇ ਹਨ, ਕਿਉਂਕਿ ਪੁਲਸ ਮੁਲਜ਼ਮਾਂ ਵਿਰੁੱਧ ਸਬੂਤ ਇਕੱਠਾ ਕਰਨ ਵਿਚ ਅਸਫਲ ਰਹੀ।

ਸਰਕਾਰੀ ਅੰਕੜਿਆਂ ਅਨੁਸਾਰ ਸਾਲ 2017 ਵਿਚ ਬਠਿੰਡਾ ਜ਼ੋਨ ਵਿਚ ਕੁਲ 6228 ਮਾਮਲੇ ਦਰਜ ਹੋਏ ਹਨ, ਜਿਨ੍ਹਾਂ ਵਿਚੋਂ ਸਿਰਫ 2653 ਅਪਰਾਧੀਆਂ ਨੂੰ ਹੀ ਸਜ਼ਾ ਮਿਲੀ, ਜਦਕਿ 3575 ਮੁਲਜ਼ਮ ਪੁਖਤਾ ਸਬੂਤ ਨਾ ਹੋਣ ਤੇ ਪੁਲਸ ਦੀ ਝੂਠੀ ਕਹਾਣੀ ਕਾਰਨ ਬਰੀ ਹੋਏ। ਪੁਲਸ ਦੀ ਕਾਰਜਪ੍ਰਣਾਲੀ ਨੂੰ ਲੈ ਕੇ ਅਦਾਲਤਾਂ ਨੇ ਵੀ ਕਈ ਵਾਰ ਪੁਲਸ ਨੂੰ ਖਰੀਆਂ-ਖੋਟੀਆਂ ਸੁਣਾਈਆਂ, ਜਿਸ ਦੇ ਬਾਵਜੂਦ ਪੁਲਸ 'ਤੇ ਇਸ ਦਾ ਕੋਈ ਅਸਰ ਨਹੀਂ ਪਿਆ।

**ਸਖਤੀ ਨਾਲ ਪੇਸ਼ ਆਉਂਦੀਆਂ ਹਨ ਅਦਾਲਤਾਂ**

ਬਠਿੰਡਾ ਜ਼ੋਨ ਵਿਚ ਨਸ਼ਾ ਸਮੱਗਲਰਾਂ ਖਿਲਾਫ ਕੁਲ 1750 ਕੇਸਾਂ ਨੂੰ ਸਾਲ 2017 ਵਿਚ ਨਿਪਟਾਇਆ ਗਿਆ ਪਰ ਇਨ੍ਹਾਂ ਵਿਚੋਂ 1309 ਸਮੱਗਲਰਾਂ ਨੂੰ ਅਦਾਲਤਾਂ ਵੱਲੋਂ ਸਜ਼ਾ ਸੁਣਾਈ ਗਈ, ਜਦਕਿ 441 ਮੁਲਜ਼ਮ ਬਰੀ ਹੋ ਗਏ। ਬਠਿੰਡਾ ਜ਼ੋਨ ਦੇ ਸੱਤ ਜ਼ਿਲਿਆਂ ਵਿਚ ਨਸ਼ਾ ਸਮੱਗਲਰਾਂ ਦੇ ਮਾਮਲਿਆਂ ਵਿਚ ਕਰੀਬ 75 ਫੀਸਦੀ ਨੂੰ ਸਜ਼ਾ ਸਣਾਈ ਗਈ ਹੈ। ਬਠਿੰਡਾ ਜ਼ਿਲੇ ਵਿਚ ਨਸ਼ਾ ਸਮੱਗਲਰਾਂ ਨੂੰ 75.05 ਫੀਸਦੀ, ਮਾਨਸਾ ਵਿਚ 88 ਫੀਸਦੀ, ਸ੍ਰੀ ਮੁਕਤਸਰ ਸਾਹਿਬ ਵਿਚ 65.54 ਫੀਸਦੀ, ਫਿਰੋਜ਼ਪੁਰ ਦੇ 78 ਫੀਸਦੀ, ਫਰੀਦਕੋਟ ਵਿਚ 72.15 ਫੀਸਦੀ, ਮੋਗਾ ਵਿਚ 65.21 ਫੀਸਦੀ, ਫਾਜ਼ਿਲਕਾ ਵਿਚ 76 ਫੀਸਦੀ ਮੁਲਜ਼ਮਾਂ ਨੂੰ ਸਜ਼ਾ ਸੁਣਾਈ ਗਈ। ਬਠਿੰਡਾ ਜ਼ੋਨ ਵਿਚ 74.27 ਫੀਸਦੀ ਨਸ਼ਾ ਸਮੱਗਲਰਾਂ ਨੂੰ ਸਜ਼ਾ ਸੁਣਾਈ ਗਈ।



**ਕੇਂਦਰ ਵਿਚ ਅਟਕੀਆਂ ਫਾਈਲਾਂ**

ਨਸ਼ਾ ਸਮੱਗਲਰਾਂ 'ਤੇ ਨਕੇਲ ਕੱਸਣ ਲਈ ਕਾਨੂੰਨ ਵਿਚ ਸਮੱਗਲਰਾਂ ਦੀ ਸੰਪਤੀ ਅਟੈਚ ਕਰਨ ਦਾ ਕਾਨੂੰਨ ਹੈ ਪਰ ਇਸ ਦੀ ਮਨਜ਼ੂਰੀ ਕੇਂਦਰ ਦੇ ਗ੍ਰਹਿ ਮੰਤਰਾਲੇ ਤੋਂ ਲੈਣਾ ਜ਼ਰੂਰੀ ਹੈ। ਕੇਂਦਰੀ ਵਿੱਤ ਮੰਤਰਾਲੇ ਵੱਲੋਂ ਸਾਰੇ ਰਾਜਾਂ ਨੂੰ ਵੱਡੇ ਸਮੱਗਲਰਾਂ ਦੀ ਲਿਸਟ ਭੇਜਣ ਦੇ ਆਦੇਸ਼ ਦਿੱਤੇ ਗਏ ਹਨ। ਬਠਿੰਡਾ ਪੁਲਸ ਨੇ ਪੰਜ ਸਮੱਗਲਰਾਂ ਦੀ ਇਕ ਲਿਸਟ ਵੀ ਕੇਂਦਰ ਨੂੰ ਭੇਜੀ ਸੀ ਪਰ ਕੇਂਦਰੀ ਗ੍ਰਹਿ ਮੰਤਰਾਲਾ ਵੱਲੋਂ ਕੋਈ ਐਕਸ਼ਨ ਨਹੀਂ ਲਿਆ ਜਾ ਸਕਿਆ।

ਇਹ ਮਾਮਲੇ ਇਕ ਦਹਾਕੇ ਤੋਂ ਲਟਕੇ ਹੋਏ ਹਨ। ਪੁਲਸ ਵੱਲੋਂ ਭੇਜੀ ਗਈ ਸੂਚੀ ਅਨੁਸਾਰ ਮੌੜ ਮੰਡੀ ਦੇ ਅਮ੍ਰਿਤਪਾਲ ਦੇ ਸੰਪਤੀ ਨਾਲ ਜੁੜਿਆ ਮਾਮਲਾ 14 ਸਾਲਾਂ ਤੋਂ ਜ਼ਿਆਦਾ ਸਮੇਂ ਤੋਂ ਲਟਕਿਆ ਪਿਆ ਹੈ। ਪੁਲਸ ਨੇ ਉਸ ਨੂੰ 2003 ਵਿਚ 420 ਕਿਲੋ ਚੂਰਾ-ਪੋਸਤ ਸਮੇਤ ਗ੍ਰਿਫਤਾਰ ਕੀਤਾ ਸੀ। ਪਿੰਡ ਸਿਧਾਣਾ ਵਾਸੀ ਮੇਜਰ ਸਿੰਘ ਦਾ ਮਾਮਲਾ ਵੀ ਮੰਤਰਾਲੇ ਕੋਲ ਪਿਆ ਹੈ। ਪੁਲਸ ਨੇ ਡਰੱਗ ਸਮੱਗਲਿੰਗ ਦੇ ਇਲਜ਼ਾਮ ਵਿਚ ਉਸ ਨੂੰ 2006 ਵਿਚ ਗ੍ਰਿਫਤਾਰ ਕੀਤਾ ਸੀ। ਔਰਤ ਨਸ਼ਾ ਸਮੱਗਲਰ ਆਸਾ ਕੋਹਲੀ ਨੂੰ ਪੁਲਸ ਚਾਰ ਵਾਰ ਗ੍ਰਿਫਤਾਰ ਕਰ ਚੁੱਕੀ ਹੈ, ਇਸ ਦਾ ਮਾਮਲਾ ਵੀ ਲਟਕਿਆ ਪਿਆ ਹੈ।

**ਕੀ ਕਹਿੰਦੇ ਹਨ ਐੱਸ. ਐੱਸ. ਪੀ.**

"ਸਮੱਗਲਿੰਗ ਨਾਲ ਨਾਜਾਇਜ਼ ਰੂਪ ਨਾਲ ਕੀਤੀ ਗਈ ਕਮਾਈ ਨਾਲ ਖਰੀਦੀ ਗਈ ਸੰਪਤੀ ਨੂੰ ਫੜੇ ਜਾਣ 'ਤੇ ਮਾਮਲੇ ਵਿਚ ਨਹੀਂ ਲਿਖਿਆ ਜਾਂਦਾ ਹੈ।

ਪੁਲਸ ਪੁਰਾਣੇ ਮਾਮਲਿਆਂ ਦੀ ਛਾਣਬੀਣ ਕਰ ਕੇ ਉਸ ਦੀ ਸੂਚੀ ਵੀ ਤਿਆਰ ਕਰ ਰਹੀ ਹੈ, ਜਿਸ ਨੂੰ ਜਲਦੀ ਹੀ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਜ਼ਰੂਰੀ ਕਾਰਵਾਈ ਲਈ ਭੇਜਿਆ ਜਾਵੇਗਾ, ਜੇਕਰ ਸਮੱਗਲਰਾਂ ਦੀ ਸੰਪਤੀ ਕੁਰਕ ਹੁੰਦੀ ਹੈ ਤਾਂ ਇਸ ਨਾਲ ਨਸ਼ੇ ਦੇ ਸੌਦਾਗਰ ਇਸ ਦਲਦਲ ਵਿਚ ਫਸਣ ਲਈ ਕਦੇ ਵੀ ਤਿਆਰ ਨਹੀਂ ਹੋਣਗੇ।'

**ਫੌਜਦਾਰੀ ਮਾਮਲਿਆਂ ਵਿਚ ਸਿਰਫ 30.86 ਮੁਲਜ਼ਮਾਂ ਨੂੰ ਸਜ਼ਾ**

ਭਾਰਤੀ ਦੰਡ ਸੰਹਿਤਾ ਦੇ ਤਹਿਤ ਦਰਜ ਕੀਤੇ ਗਏ 4478 ਕੇਸਾਂ ਦੇ ਫੈਸਲੇ ਕੀਤੇ ਗਏ। ਇਨ੍ਹਾਂ ਵਿਚ 1344 ਨੂੰ ਅਦਾਲਤਾਂ ਵੱਲੋਂ ਸਜ਼ਾ ਸੁਣਾਈ ਗਈ, ਜਦਕਿ 3134 ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ।

**ਕੀ ਕਹਿੰਦੇ ਹਨ ਵਕੀਲ**

ਪੁਲਸ ਦੀ ਨਾਕਾਮੀ ਕਾਰਨ ਅਦਾਲਤ ਦੇ ਕੋਲ ਪੁਖਤਾ ਸਬੂਤ ਨਹੀਂ ਪਹੁੰਚਦੇ ਅਤੇ ਜ਼ਿਆਦਾਤਰ ਮਾਮਲਿਆਂ ਵਿਚ ਪੁਲਸ ਵੱਲੋਂ ਬਣਾਏ ਗਏ ਗਵਾਹ ਮੁੱਕਰ ਜਾਂਦੇ ਹਨ। ਅਜਿਹੇ ਵਿਚ ਅਦਾਲਤ ਸਬੂਤਾਂ ਦੀ ਘਾਟ ਕਾਰਨ ਮੁਲਜ਼ਮ ਨੂੰ ਬਰੀ ਕਰ ਦਿੰਦੀ ਹੈ। ਇਸ ਲਈ ਪੁਲੀਸ ਦੀਆਂ ਝੂਠੀਆਂ ਕਹਾਣੀਆਂ ਤੇ ਤੱਥ ਜ਼ਿੰਮੇਵਾਰ ਹਨ।


Sir Speedy Tustin Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਆਰਥਿਕ ਨਾਬਰਾਬਰੀ, ਮਨੁੱਖੀ ਅਧਿਕਾਰ ਅਤੇ ਸਮਾਜਿਕ ਸੁਰੱਖਿਆ

**ਡਾ. ਸ ਸ ਛੀਨਾ***



ਕਿਸੇ ਦੇਸ਼ ਦਾ ਮਿਆਰ ਉਸ ਦੀ ਆਰਥਿਕਤਾ ਤੋਂ ਹੀ ਨਹੀਂ ਸਗੋਂ ਉਸ ਦੇ ਸ਼ਹਿਰੀਆਂ ਦੇ ਮਨੁੱਖੀ ਅਧਿਕਾਰਾਂ ਅਤੇ ਉਨ੍ਹਾਂ ਨੂੰ ਮਿਲਣ ਵਾਲੀ ਸਮਾਜਿਕ ਸੁਰੱਖਿਆ ਤੋਂ ਮਾਪਿਆ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਅੱਜ ਕੱਲ੍ਹ ਦੁਨੀਆਂ ਦੇ ਵਿਕਸਤ ਦੇਸ਼, ਜਿੱਥੇ ਪ੍ਰਤੀ ਵਿਅਕਤੀ ਆਮਦਨ ਜ਼ਿਆਦਾ ਹੈ, ਉੱਥੇ ਮਨੁੱਖੀ ਅਧਿਕਾਰ ਤੇ ਸਮਾਜਿਕ ਸੁਰੱਖਿਆ ਵੀ ਜ਼ਿਆਦਾ ਹੈ। ਭਾਰਤ ਤੋਂ ਯੂਰੋਪ, ਅਮਰੀਕਾ ਅਤੇ ਆਸਟਰੇਲੀਆ ਗਏ ਪਰਵਾਸੀਆਂ ਨੂੰ ਸਭ ਤੋਂ ਜ਼ਿਆਦਾ ਜਿਹੀਆਂ ਦੋ ਵਿਸ਼ੇਸ਼ਤਾਈਆਂ ਪ੍ਰਭਾਵਿਤ ਕਰਦੀਆਂ ਹਨ, ਉਹ ਉਨ੍ਹਾਂ ਦੇਸ਼ਾਂ ਵਿੱਚ ਮਿਲਣ ਵਾਲੇ ਮਨੁੱਖੀ ਅਧਿਕਾਰ ਅਤੇ ਸ਼ਹਿਰੀਆਂ ਦੀ ਸਮਾਜਿਕ ਭਲਾਈ ਜਾਂ ਦੇਖ ਭਾਲ ਦੀ ਸਰਕਾਰ ਦੀ ਵਚਨਬਧਤਾ ਹੈ। ਵਿਕਸਤ ਦੇਸ਼ਾਂ ਵਿੱਚ ਅੱਜ ਤੋਂ 200 ਸਾਲ ਪਹਿਲਾਂ ਜਿਹੜੀ ਗੁਲਾਮੀ ਪ੍ਰਥਾ ਕਾਨੂੰਨ ਨਾਲ ਚਲਾਇਆ ਜਾਂਦਾ ਸੀ, ਉਸ ਨੂੰ ਖਤਮ ਕਰ ਕੇ, ਹੁਣ ਇਸ ਹੱਦ ਤੱਕ ਪਹੁੰਚਣਾ ਉਸ ਦੇ ਸਮਾਜਿਕ ਸੁਰੱਖਿਆ ਵਿਕਾਸ ਦਾ ਹੀ ਸਿੱਟਾ ਹੈ।

ਅੱਜ ਕੱਲ੍ਹ ਦੁਨੀਆਂ ਦੇ ਵਿਕਸਤ ਦੇਸ਼ ਭਾਵੇਂ ਅਧਿਕਾਰਾਂ ਅਤੇ ਸਮਾਜਿਕ ਸੁਰੱਖਿਆ ਦੇ ਮੋਹਰੀ ਹਨ, ਪਰ ਇਨ੍ਹਾਂ ਦੀ ਸ਼ੁਰੂਆਤ 1897 ਵਿੱਚ ਫਰਾਂਸ ਦੇ ਇਨਕਲਾਬ ਤੋਂ ਸ਼ੁਰੂ ਹੋਈ ਸੀ, ਜਦੋਂ ਇੱਕ ਪਾਸੇ ਵੱਡੇ ਜ਼ਿਮੀਂਦਾਰ ਅਤੇ ਦੂਜੇ ਪਾਸੇ ਖੇਤੀ ਕਿਰਤੀ ਸਨ। ਖੇਤੀ ਕਿਰਤੀਆਂ ਨੂੰ ਸਮਾਜਿਕ ਸੁਰੱਖਿਆ ਨਹੀਂ ਸੀ। ਉਨ੍ਹਾਂ ਨੂੰ ਕਿਰਤ ਲਈ ਵੱਡੇ ਜ਼ਿਮੀਂਦਾਰਾਂ ’ਤੇ ਨਿਰਭਰ ਕਰਨਾ ਪੈਂਦਾ ਸੀ ਅਤੇ ਕਾਨੂੰਨ ਵੀ ਉਨ੍ਹਾਂ ਦੀ ਹਿਫਾਜ਼ਤ ਨਹੀਂ ਸੀ ਕਰਦਾ। ਫਰਾਂਸ ਦੀ ਕ੍ਰਾਂਤੀ ਆਧੁਨਿਕ ਸਮਾਜ ਵਿੱਚ ਮਨੁੱਖੀ ਅਧਿਕਾਰ ਪ੍ਰਾਪਤ ਕਰਨ ਦੀ ਪਹਿਲੀ ਕੋਸ਼ਿਸ਼ ਵਜੋਂ ਜਾਣੀ ਜਾਂਦੀ ਹੈ। ਉਸ ਤੋਂ ਬਾਅਦ 1917 ਵਿੱਚ ਰੂਸ ਦੇ ਇਨਕਲਾਬ ਨੇ ਦੁਨੀਆਂ ਦੀ ਸਿਆਸਤ ਨੂੰ ਪ੍ਰਭਾਵਿਤ ਕੀਤਾ। ਜ਼ਾਰ ਦੇ ਰਾਜ ਨੂੰ ਖਤਮ ਕਰ ਕੇ ਜਿਹੜਾ ਕਿਰਤੀਆਂ ਅਤੇ ਕਿਸਾਨਾਂ ਦਾ ਰਾਜ ਸ਼ੁਰੂ ਕੀਤਾ ਗਿਆ, ਉਸ ਵਿੱਚ ਹਰ ਇੱਕ ਲਈ ਬਰਾਬਰੀ ਨੂੰ ਆਧਾਰ ਬਣਾਇਆ ਗਿਆ। ਇਹ ਬਰਾਬਰੀ ਆਰਥਿਕ ਵੀ ਸੀ ਅਤੇ ਸਮਾਜਿਕ ਵੀ। ਰੂਸ ਦੇ ਇਨਕਲਾਬ ਤੋਂ ਪ੍ਰਭਾਵਿਤ ਹੋ ਕੇ ਹੋਰ ਦੇਸ਼ਾਂ ਨੇ ਵੀ ਸਮਾਜਵਾਦ ਅਪਨਾਇਆ। ਕੋਈ ਵਕਤ ਸੀ, 1969 ਤੱਕ ਦੁਨੀਆਂ ਦੀ ਜ਼ਿਆਦਾਤਰ ਵਸੋਂ ਅਤੇ ਜ਼ਿਆਦਾਤਰ ਖੇਤਰਾਂ ਵਿੱਚ ਸਮਾਜਵਾਦੀ ਹਾਕਮ ਸਨ, ਜਿੱਥੇ ਹਰ ਇੱਕ ਲਈ ਬਰਾਬਰੀ ਤੋਂ ਇਲਾਵਾ ਕਿਰਤ ਤੇ ਰੁਜ਼ਗਾਰ ਦਾ ਅਧਿਕਾਰ, ਮੁਢਲਾ ਅਧਿਕਾਰ ਮੰਨਿਆ ਗਿਆ। ਜੇ ਕਿਸੇ ਨੂੰ ਰੁਜ਼ਗਾਰ ਨਹੀਂ ਮਿਲਦਾ ਤਾਂ ਉਹ ਅਦਾਲਤ ਵਿੱਚ ਜਾ ਕੇ ਆਪਣਾ ਹੱਕ ਲੈ ਸਕਦਾ ਹੈ। ਇਹ ਸਚਾਈ ਹੈ ਕਿ ਸੋਵੀਅਤ ਯੂਨੀਅਨ ਵਿੱਚ ਪ੍ਰਾਪਤ ਹੋਏ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਸੁਰੱਖਿਆ ਨੇ ਦੁਨੀਆਂ ਭਰ ਦੀ ਸਿਆਸਤ ’ਤੇ ਅਸਰ ਪਾਇਆ। ਪੂੰਜੀਵਾਦੀ ਦੇਸ਼ਾਂ ਨੇ ਵੀ ਸਮਾਜਵਾਦ ਨੂੰ ਰੋਕਣ ਲਈ ਆਪੋ-ਆਪਣੇ ਦੇਸ਼ ਵਿੱਚ ਵੱਧ ਤੋਂ ਵੱਧ ਮਨੁੱਖੀ ਅਧਿਕਾਰਾਂ ਦੀ ਵਿਵਸਥਾ ਤੇ ਪੈਨਸ਼ਨ, ਪ੍ਰਾਵੀਡੈਂਟ ਫੰਡ, ਭੱਤੇ ਅਤੇ ਬੇਰੁਜ਼ਗਾਰੀ ਭੱਤੇ ਸ਼ੁਰੂ ਕੀਤੇ। ਅੱਜ ਕੱਲ੍ਹ ਕੈਨੇਡਾ, ਅਮਰੀਕਾ, ਇੰਗਲੈਂਡ, ਜਰਮਨੀ, ਫਰਾਂਸ, ਆਸਟਰੇਲੀਆ ਆਦਿ ਵਿੱਚ ਜਿਸ ਤਰ੍ਹਾਂ ਦੀ ਸਮਾਜਿਕ ਸੁਰੱਖਿਆ ਦੀ ਵਿਵਸਥਾ ਹੈ, ਇਹ ਕੋਈ ਇਕਦਮ ਛਾਲ ਮਾਰ ਕੇ ਨਹੀਂ, ਸਗੋਂ ਪੱਧਰ-ਦਰ-ਪੱਧਰ ਵਧਦੀ ਗਈ ਹੈ।

ਆਰਥਿਕ ਖ਼ੁਸ਼ਹਾਲੀ, ਆਰਥਿਕ ਬਰਾਬਰੀ ਅਤੇ ਵਿਦਿਆ ਉਹ ਵਿਸ਼ੇਸ਼ਤਾਈਆਂ ਹਨ, ਜੋ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਸੁਰੱਖਿਆ ਨੂੰ ਪ੍ਰਭਾਵਿਤ ਕਰਦੀਆਂ ਹਨ। ਇਨ੍ਹਾਂ ਦੀ ਅਣਹੋਂਦ ਇਨ੍ਹਾਂ ਦੋਵਾਂ ਦੀ ਹੋਂਦ ਨੂੰ ਘਟਾਉਂਦੀ ਹੈ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਕਾਨੂੰਨੀ ਵਿਵਸਥਾ ਤਾਂ ਹਰ ਵਿਕਸਤ ਦੇਸ਼ ਦੇ ਬਰਾਬਰ ਕੀਤੀ ਗਈ ਹੈ, ਪਰ ਹਰ ਦਿਨ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਹੋਣ ਦੀਆਂ ਖਬਰਾਂ ਦੇਸ਼ ਦੇ ਹਰ ਹਿੱਸੇ ਵਿਚੋਂ ਆਉਂਦੀਆਂ ਹਨ। ਕਾਨੂੰਨ ਵਿਵਸਥਾ ਹੋਣ ਦੇ ਬਾਵਜੂਦ ਇਨ੍ਹਾਂ ਅਧਿਕਾਰਾਂ ਦਾ ਨਾ ਮਿਲਣਾ, ਇਸ ਗੱਲ ਦੀ ਮੰਗ ਕਰਦਾ ਹੈ ਕਿ ਇਹ ਰੁਕਾਵਟਾਂ ਪਛਾਣੀਆਂ ਜਾਣ ਅਤੇ ਦੂਰ ਕੀਤੀਆਂ ਜਾਣ। ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਇਨ੍ਹਾਂ ਉਲੰਘਣਾਵਾਂ ਦੀ ਆਲੋਚਨਾ ਤਾਂ ਕੀਤੀ ਜਾਂਦੀ ਹੈ, ਪਰ ਰੁਕਾਵਟਾਂ ਦੂਰ ਕਰਨ ਲਈ



ਉਸ ਵਿਵਸਥਾ ਲਈ ਕੁਝ ਨਹੀਂ ਕੀਤਾ ਜਾਂਦਾ, ਜਿਨ੍ਹਾਂ ਦੇ ਆਧਾਰ ’ਤੇ ਇਹ ਉਲੰਘਣਾਵਾਂ ਰੁਕ ਸਕਦੀਆਂ ਹਨ।

ਭਾਰਤ ਵੱਡੀ ਆਰਥਿਕ ਨਾਬਰਾਬਰੀ ਵਾਲਾ ਦੇਸ਼ ਹੈ। ਇੱਥੇ ਆਮਦਨ ਨਾਬਰਾਬਰੀ ਦਿਨ-ਬਦਿਨ ਘਟਣ ਦੀ ਬਜਾਏ ਵਧ ਰਹੀ ਹੈ। ਭਾਰਤ ਦੀ ਸੁਤੰਤਰਤਾ ਵੇਲੇ ਆਰਥਿਕਤਾ ਦਾ ਆਧਾਰ ਖੇਤੀਬਾੜੀ ਸੀ। ਜ਼ਿਮੀਂਦਾਰੀ ਪ੍ਰਣਾਲੀ ਇਸ ਨਾਬਰਾਬਰੀ ਦਾ ਵੱਡਾ ਆਧਾਰ ਮੰਨ ਕੇ ਖਤਮ ਕੀਤੀ ਗਈ। ਜ਼ਿਮੀਂਦਾਰੀ ਖਤਮ ਕਰਨ ਅਤੇ ਭੂਮੀ ਦੀ ਉਪਰਲੀ ਸੀਮਾ ਬਣਾਉਣ ਦੇ ਆਰਥਿਕ ਕਾਰਨ ਵੀ ਸਨ, ਤਾਂ ਕਿ ਭੂਮੀ ਦੀ ਜ਼ਿਆਦਾ ਤੋਂ ਜ਼ਿਆਦਾ ਅਤੇ ਚੰਗੀ ਵਰਤੋਂ ਸੰਭਵ ਹੋ ਸਕੇ, ਪਰ ਇਸ ਦੇ ਮਗਰ ਸਮਾਜਿਕ ਬਰਾਬਰੀ ਕਾਇਮ ਕਰਨਾ ਵੀ ਇਕ ਉਦੇਸ਼ ਸੀ; ਪਰ ਜਿਉਂ ਜਿਉਂ ਦੇਸ਼ ਦਾ ਆਰਥਿਕ ਵਿਕਾਸ ਹੁੰਦਾ ਗਿਆ, ਇਸ ਨਾਲ ਇਹ ਨਾਬਰਾਬਰੀ ਵਧਦੀ ਗਈ। 1991 ਤੱਕ ਭਾਰਤ ਵਿੱਚ ਸਿਰਫ ਇਕ ਅਰਬਪਤੀ ਦੀ ਪਛਾਣ ਕੀਤੀ ਗਈ ਸੀ ਜਿਸ ਕੋਲ ਇਕ ਅਰਬ ਡਾਲਰ ਦੀ ਜਾਇਦਾਦ ਸੀ, ਪਰ 2017 ਵਿੱਚ ਅਜਿਹੇ ਅਰਬਪਤੀਆਂ ਦੀ ਗਿਣਤੀ ਵਧ ਕੇ 84 ਹੋ ਗਈ ਜਿਨ੍ਹਾਂ ਕੋਲ ਕੁੱਲ 24800 ਕਰੋੜ ਡਾਲਰ ਸਨ।

ਗਲੋਬਲ ਆਊਟਲੁਕ 2014 ਅਨੁਸਾਰ, ਦੇਸ਼ ਦੇ ਇੱਕ ਫੀਸਦੀ ਲੋਕਾਂ ਕੋਲ ਦੇਸ਼ ਦਾ 37 ਫੀਸਦੀ ਧਨ ਸੀ ਜਿਹੜਾ 2016 ਵਿੱਚ ਵਧ ਕੇ 53 ਫੀਸਦੀ ਹੋ ਗਿਆ। ਗਰੀਬੀ ਦੀ ਰੇਖਾ ਦੀ ਪ੍ਰੀਭਾਸ਼ਾ ਅਨੁਸਾਰ, ਭਾਵੇਂ ਉਸ ਧਨ ਨਾਲ ਸਿਰਫ ਦੋ ਵਕਤ ਦਾ ਖਾਣਾ ਹੀ ਮਿਲ ਸਕਦਾ ਹੈ, ਫਿਰ ਵੀ 22 ਫੀਸਦੀ ਲੋਕ ਗਰੀਬੀ ਰੇਖਾ ਤੋਂ ਥੱਲੇ ਰਹਿਣ ਲਈ ਮਜਬੂਰ ਹਨ। ਕੁਝ ਰਿਪੋਰਟਾਂ ਵਿੱਚ ਇਹ ਗਿਣਤੀ 35 ਕਰੋੜ ਦੱਸੀ ਗਈ ਹੈ। ਦੇਸ਼ ਦੇ 3 ਕਰੋੜ ਬੱਚੇ ਇਸ ਲਈ ਕਿਰਤ ਕਰਨ ਲਈ ਮਜਬੂਰ ਹਨ ਕਿਉਂ ਜੋ ਉਨ੍ਹਾਂ ਦੇ ਮਾਂ-ਬਾਪ ਕੋਲ ਰੁਜ਼ਗਾਰ ਨਹੀਂ। 100 ਵਿੱਚੋਂ 26 ਬੱਚੇ ਅਜੇ ਵੀ 8ਵੀਂ ਜਮਾਤ ਤੋਂ ਪਹਿਲਾਂ ਸਕੂਲ ਛੱਡ ਜਾਂਦੇ ਹਨ। ਇਹ ਰਿਪੋਰਟਾਂ ਇਸ ਗੱਲ ਵੱਲ ਵੀ ਇਸ਼ਾਰਾ ਕਰਦੀਆਂ ਹਨ ਕਿ ਆਮਦਨ ਨਾਬਰਾਬਰੀ ਉਹ ਸਮਜਿਕ ਬੁਰਾਈ ਹੈ ਜਿਸ ਤੋਂ ਹੋਰ ਬੁਰਾਈਆਂ ਜਨਮ ਲੈਂਦੀਆਂ ਹਨ ਅਤੇ ਜਿਸ ਕਰ ਕੇ ਨਾ ਮਨੁੱਖੀ ਅਧਿਕਾਰ ਮਾਣੇ ਜਾ ਸਕਦੇ ਹਨ ਅਤੇ ਨਾ ਹੀ ਸਮਾਜਿਕ ਸੁਰੱਖਿਆ ਮੁਹੱਈਆ ਕੀਤੀ ਜਾ ਸਕਦੀ ਹੈ।

ਇਹ ਗੱਲ ਆਮ ਦੇਖੀ ਗਈ ਹੈ ਕਿ ਜਦੋਂ ਕਿਸੇ ਨੂੰ ਮਨੁੱਖੀ ਅਧਿਕਾਰ ਨਹੀਂ ਮਿਲਦੇ ਤਾਂ ਕੁਝ ਸਮਾਜ ਸੇਵੀ ਸੰਸਥਾਵਾਂ ਦੀ ਮਦਦ ਨਾਲ ਕਾਨੂੰਨੀ ਚਾਰਾਜੋਈ ਕੀਤੀ ਤਾਂ ਜਾਂਦੀ ਹੈ, ਪਰ ਇਸ ਨੂੰ ਅਧਵਾਟੇ ਛੱਡ ਦਿੱਤਾ ਜਾਂਦਾ ਹੈ ਜਿਸ ਦਾ ਕਾਰਨ ਬੰਦੇ ਦੀ ਗਰੀਬੀ ਅਤੇ ਉਸ ਵੱਲੋਂ ਇਸ ਲਈ ਸਮਾਂ ਨਾ ਦਿੱਤਾ ਜਾ ਸਕਣਾ ਮੁੱਖ ਰੁਕਾਵਟ ਬਣ ਜਾਂਦੀ ਹੈ ਅਤੇ ਉਸ ਹੋਈ ਬੇਇਨਸਾਫੀ ਨੂੰ ਮਜਬੂਰੀਵਸ ਜਰ ਜਾਂਦਾ ਹੈ।

ਦੁਨੀਆਂ ਦੇ ਵਿਕਸਤ ਦੇਸ਼ਾਂ ਵਿੱਚ ਭਾਵੇਂ ਧਨ ਦੀ ਵੱਡੀ ਨਾਬਰਾਬਰੀ ਹੈ, ਪਰ ਆਮਦਨ ਦੀ ਇੰਨੀ ਵੱਡੀ ਨਾਬਰਾਬਰੀ ਨਹੀਂ। ਕਿਰਤੀ, ਮੈਨੇਜਰ ਅਤੇ ਫੈਕਟਰੀ ਦੇ ਮਾਲਕ ਦੀ ਜਾਇਦਾਦ ਵਿੱਚ ਤਾਂ ਵੱਡਾ ਫਰਕ ਹੈ, ਪਰ ਉਨ੍ਹਾਂ ਦੀ ਆਮਦਨ ਵਿੱਚ ਜ਼ਿਆਦਾ ਫਰਕ ਨਹੀਂ। ਉਨ੍ਹਾਂ ਦੇਸ਼ਾਂ ਦੀ ਟੈਕਸ ਪ੍ਰਣਾਲੀ ਇਸ ਪ੍ਰਕਾਰ ਹੈ ਕਿ ਉਪਰਲੀ ਸਲੈਬ ਦੀ ਆਮਦਨ ਤੇ ਕੁੱਲ ਆਮਦਨ ਵਿੱਚੋਂ 97 ਫੀਸਦੀ ਟੈਕਸ ਦੇ ਰੂਪ ਵਿੱਚ ਸਰਕਾਰ ਲੈ ਲੈਂਦੀ ਹੈ। ਸਰਕਾਰ ਦੀ ਆਮਦਨ ਵਿੱਚ ਟੈਕਸ ਮੁੱਖ ਸਾਧਨ ਹਨ ਅਤੇ ਉਸ ਟੈਕਸ ਰਾਹੀਂ ਕਮਾਈ ਸਰਕਾਰੀ ਆਮਦਨ ਨਾਲ ਬੰਦੇ ਨੂੰ ਰੁਜ਼ਗਾਰ, ਪੈਨਸ਼ਨ, ਇਲਾਜ, ਵਿੱਦਿਅਕ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਆਮਦਨ ਦੀ ਪੱਧਰ ਨੂੰ ਹਰ ਇਕ ਲਈ ਘੱਟੋ-ਘੱਟ ਇੰਨਾ ਬਣਾਉਣਾ ਯਕੀਨੀ ਬਣਾਇਆ ਜਾਂਦਾ ਹੈ ਜਿਸ ਨਾਲ ਉਸ ਦਾ ਰਹਿਣ-ਸਹਿਣ ਚੰਗਾ ਬਣਿਆ ਰਹੇ ਅਤੇ ਉਸ ਦੀ ਬੇਰੁਜ਼ਗਾਰੀ ਦੀ ਹਾਲਤ ਵਿੱਚ ਵੀ ਉਸ ਦੇ ਰਹਿਣ-ਸਹਿਣ ’ਤੇ ਅਸਰ ਨਾ ਪਵੇ।

ਭਾਰਤ ਵਿੱਚ ਜਿੱਥੇ ਆਮਦਨ ਦੀ ਨਾਬਰਾਬਰੀ ਵਧ ਰਹੀ ਹੈ, ਉਥੇ ਗੈਰ ਜਥੇਬੰਦਕ ਖੇਤਰ ਵਿੱਚ ਵੀ ਵਾਧਾ ਹੋ ਰਿਹਾ ਹੈ। ਦੇਸ਼ ਦਾ 93 ਫੀਸਦੀ ਖੇਤਰ ਗੈਰ ਜਥੇਬੰਦਕ ਹੈ ਜਿਸ ਵਿੱਚ ਨਾ ਪੈਨਸ਼ਨ, ਨਾ ਪ੍ਰਾਵੀਡੈਂਟ ਫੰਡ, ਨਾ ਡਾਕਟਰੀ ਜਾਂ ਵਿੱਦਿਅਕ ਸਹੂਲਤਾਂ ਆਦਿ ਹਨ। ਆਮਦਨ ਦੀ ਨਾਬਰਾਬਰੀ ਕਰ ਕੇ ਸਿਰਫ 3 ਕਰੋੜ ਲੋਕ ਸਿੱਧੇ ਟੈਕਸ ਦਿੰਦੇ ਹਨ। ਸਰਕਾਰ ਦੀ ਆਮਦਨ ਜਿਹੜੀ ਟੈਕਸਾਂ ਨਾਲ ਇਕੱਠੀ ਕੀਤੀ ਜਾਂਦੀ ਹੈ, ਉਸ ਦੀ ਮਾਤਰਾ ਘੱਟ ਹੋਣ ਕਰ ਕੇ ਸਮਾਜਿਕ ਸਹੂਲਤ ਮੁਹੱਈਆ ਨਹੀਂ ਕੀਤੀ ਜਾ ਸਕਦੀ। 60 ਸਾਲ ਤੋਂ ਵੱਧ ਉਮਰ ਦੇ ਬੰਦੇ ਆਮ ਹੀ ਰਿਕਸ਼ਾ ਚਲਾਉਣ ਅਤੇ ਕਿਰਤ ਕਰਨ ਲਈ ਮਜਬੂਰ ਹਨ, ਦੂਜੇ ਪਾਸੇ 5 ਸਾਲ ਤੋਂ ਘੱਟ ਉਮਰ ਦੇ ਬੱਚੇ ਭੱਠਿਆਂ, ਢਾਬਿਆਂ ਅਤੇ ਘਰਾਂ ਵਿੱਚ ਕੰਮ ਕਰਦੇ ਹਨ ਅਤੇ ਇਨ੍ਹਾਂ ਦੀ ਗਿਣਤੀ ਵਧ ਰਹੀ ਹੈ। ਮਨੁੱਖੀ ਅਧਿਕਾਰਾਂ ਲਈ ਵੱਡੀ ਢਾਂਚਾਗਤ ਤਬਦੀਲੀ ਦੀ ਲੋੜ ਹੈ ਜਿਸ ਵਿੱਚ ਸਭ ਤੋਂ ਪਹਿਲਾਂ ਆਮਦਨ ਦੀ ਨਾਬਰਾਬਰੀ ਨੂੰ ਖਤਮ ਕਰਨਾ ਹੈ, ਜਿਹੜੀ ਆਰਥਿਕ ਵਿਕਾਸ ਵਿੱਚ ਵੀ ਰੁਕਾਵਟ ਹੈ ਅਤੇ ਸਮਾਜਿਕ ਸੁਰੱਖਿਆ ਵਿੱਚ ਵੀ। ਜਿੰਨਾ ਚਿਰ ਇਸ ਨਾਬਰਾਬਰੀ ਨੂੰ ਖਤਮ ਨਹੀਂ ਕੀਤਾ ਜਾਂਦਾ, ਦੋਵਾਂ ਫਰੰਟਾਂ ਮਨੁੱਖੀ ਅਧਿਕਾਰ ਅਤੇ ਸਮਾਜਿਕ ਸੁਰੱਖਿਆ ਵਿੱਚ ਪ੍ਰਾਪਤੀਆਂ ਨਹੀਂ ਹੋ ਸਕਦੀਆਂ।

***ਲੇਖਕ ਜਾਣਿਆ ਪਛਾਣਿਆ ਅਰਥ ਸ਼ਾਸ਼ਤਰੀ ਹੈ**

## ਅਮਰਿੰਦਰ ਸਰਕਾਰ: ਕੋਈ ਤੀਰ ਨਿਸ਼ਾਨੇ ਬਹਿੰਦਾ ਨਹੀਂ...

**ਕੁਲਜੀਤ ਬੈਂਸ**



ਲੰਘਿਆ ਹਫ਼ਤਾ ਪੰਜਾਬ ਦੀ ਕਾਂਗਰਸ ਸਰਕਾਰ ਲਈ ਬੜਾ ਡਾਢਾ ਹੋ ਕੇ ਟੱਕਰਿਆ ਹੈ। ਇਸ ਹਫ਼ਤੇ ਦੋ ਵੱਡੀਆਂ ਤਬਦੀਲੀਆਂ ਹੋਈਆਂ- ਇਕ ਤਾਂ ਮੰਤਰੀ ਦੀ ਛੁੱਟੀ ਹੋ ਗਈ, ਤੇ ਦੂਜੇ, ਚੋਟੀ ਦੇ ਅਫ਼ਸਰ ਨੂੰ ਅਹੁਦੇ ਤੋਂ ਲਾਂਭੇ ਹੋਣ ਪਿਆ। ਇਸ ਘਟਨਾਕ੍ਰਮ ਤੋਂ ਕਿਸੇ ਨੂੰ ਕਿੰਨਾ ਚਾਅ ਚੜ੍ਹਿਆ ਜਾਂ ਕਿੰਨਾ ਕੁ ਫ਼ਿਕਰ ਹੋਇਆ, ਇਹ ਤਾਂ ਮਾਮਲੇ ਨੂੰ ਘੋਖਣ ਵਾਲੇ ਦੀ ਸੋਚ ’ਤੇ ਨਿਰਭਰ ਕਰਦਾ ਹੈ; ਪਰ ਇਸ ਘਟਨਾਕ੍ਰਮ ਨੇ ਕਈ ਕਿਆਸਆਰਾਈਆਂ ਨੂੰ ਜਨਮ ਦਿੱਤਾ ਹੈ; ਜਿਵੇਂ ਭ੍ਰਿਸ਼ਟਾਚਾਰ ਖ਼ਿਲਾਫ਼ ਭਰੋਸੇਯੋਗਤਾ ਬਣੀ ਹੈ ਜਾਂ ਬਿਖ਼ਰੀ ਹੈ; ਸਰਕਾਰ ਦੀ ਕਾਰਗੁਜ਼ਾਰੀ ਹਲੂਣੀ ਗਈ ਹੈ; ਕੈਪਟਨ ਅਮਰਿੰਦਰ ਸਿੰਘ ਕਮਜ਼ੋਰ ਪੈ ਗਏ ਹਨ; ਹੁਣ ਅੰਦਰੂਨੀ ਲੜਾਈ ਹੋਰ ਤਿੱਖੀ ਹੋਵੇਗੀ।

ਕੁਝ ਕਿਆਸਆਰਾਈਆਂ ਤਾਂ ਕੁਝ ਹੱਦ ਤੱਕ ਜਾਇਜ਼ ਹੋ ਸਕਦੀਆਂ ਹਨ, ਪਰ ਸਾਰੀਆਂ ਬਾਰੇ ਅਜਿਹਾ ਕਹਿਣ ਦਾ ਕੋਈ ਹਕੀਕੀ ਆਧਾਰ ਨਹੀਂ ਹੈ। ਰਾਣਾ ਗੁਰਜੀਤ ਸਿੰਘ ਨੂੰ ਲਾਂਭੇ ਕਰਨ ਦਾ ਕੈਪਟਨ ਅਮਰਿੰਦਰ ਸਿੰਘ ਨੂੰ ਨਿੱਜੀ ਘਾਟਾ ਤਾਂ ਪਿਆ ਹੋ ਸਕਦਾ ਹੈ, ਪਰ ਮੰਤਰੀ ਦੇ ਜਾਣ ਨਾਲ ਅਜਿਹਾ ਕੋਈ ਘਾਟਾ ਨਹੀਂ ਪਿਆ, ਜਿਸ ਨੂੰ ਪੂਰਿਆ ਨਾ ਜਾ ਸਕੇ। ਸਿਆਸੀ ਤੌਰ ’ਤੇ ਜੋਖੀਏ ਤਾਂ ਉਹ ਬਹੁਤੇ ਮਕਬੂਲ ਆਗੂ ਨਹੀਂ ਹਨ। ਹਾਂ, ਪੈਸੇ-ਧੇਲੇ ਵਾਲੇ ਪੱਖ ਤੋਂ ਉਹ ਲੋਕਾਂ ਨਾਲ ਰਾਬਤਾ ਜ਼ਰੂਰ ਬਣਾ ਕੇ ਰੱਖਦੇ ਹਨ। ਪੈਂਦੀ ਸੱਟੇ ਸਰਕਾਰ ਉਤੇ ਜਿਹੜਾ ਦਬਾਅ ਪਿਆ ਹੈ, ਉਹ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਨੂੰ ਹਟਾਉਣ ਦਾ ਹੈ, ਕਿਉਂਕਿ ਉਹ ਇਕ ਤਰ੍ਹਾਂ ਨਾਲ ਮੁੱਖ ਮੰਤਰੀ ਵਜੋਂ ਹੀ ਵਿਚਰ ਰਹੇ ਸਨ। ਫਿਰ ਵੀ, ਉਨ੍ਹਾਂ ਦੀ ਯੋਗਤਾ, ਨੈਤਿਕਤਾ ਅਤੇ ਇਮਾਨਦਾਰੀ ਦੇ ਬਾਵਜੂਦ, ਉਹ ਸਰਕਾਰੀ ਪੱਧਰ ’ਤੇ ਲੋੜੀਂਦੇ ਸੰਵਿਧਾਨਿਕ ਨੇਮਾਂ ਤੋਂ ਬਾਹਰ ਹੀ ਸਨ। ਤੇ ਸਰਕਾਰ ਚਲਾਉਣ ਲਈ ਸਦਾ ਕਾਨੂੰਨ ਮੁਤਾਬਕ ਤਾਂ ਚੱਲਣਾ ਹੀ ਪੈਂਦਾ ਹੈ। ਖ਼ੈਰ, ਜਦੋਂ ਮੁੱਖ ਮੰਤਰੀ ਆਪਣੇ ਅਹੁਦੇ ’ਤੇ ਹਨ ਤਾਂ ਉਨ੍ਹਾਂ ਦੀ ਅਗਵਾਈ ਹੇਠ ਸੂਬਾਈ ਰਾਜ ਪ੍ਰਬੰਧ ਵਿੱਚ ਕੋਈ ਅੜਿੱਕਾ ਨਹੀਂ ਆਉਣਾ ਚਾਹੀਦਾ।

ਉਂਜ, ਇਹ ਸਾਰਾ ਕੁਝ ਇਨ੍ਹਾਂ ਅਨੁਮਾਨਾਂ ਉਤੇ ਹੀ ਨਿਰਭਰ ਹੈ ਕਿ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਸਮੁੱਚੀ ਸਰਕਾਰ ਕਾਨੂੰਨ ਅਤੇ ਸੰਵਿਧਾਨ ਮੁਤਾਬਕ ਕੰਮ ਕਰਨਗੇ। ਬਦਕਿਸਮਤੀ ਨੂੰ, ਹੁਣ ਤੱਕ ਦੀ ਪੁਣ-ਛਾਣ ਦੱਸਦੀ ਹੈ ਕਿ ਅਜਿਹਾ ਹੋ ਨਹੀਂ ਰਿਹਾ। ਮੰਡਲੀ-ਕਲਚਰ ਦਸਾਂ ਮਹੀਨਿਆਂ ਤੋਂ ਇਸ ਸਰਕਾਰ ਉਤੇ ਭਾਰੂ ਰਹੀ ਹੈ। ਏ.ਜੀ. ਦਫ਼ਤਰ, ਜਿੱਥੇ ਮੁੱਖ ਮੰਤਰੀ ਦੇ ਦੋਸਤਾਂ-ਮਿੱਤਰਾਂ, ਪਰਿਵਾਰ ਦੇ ਮੈਂਬਰਾਂ ਅਤੇ ਨੇੜਲਿਆਂ ਦੀਆਂ ਡਾਰਾਂ ਲੱਗੀਆਂ ਹੋਈਆਂ ਹਨ, ਮੁੱਖ ਮੰਤਰੀ ਦਫ਼ਤਰ ਦੇ ਬਰਾਬਰ ਹੀ ਵਿਚੋਲਿਆਂ ਦਾ ਅੱਡਾ ਬਣ ਗਿਆ ਹੋਇਆ ਹੈ।



ਦਰਬਾਰੀਆਂ ਅਤੇ ਵਿਸ਼ਵਾਸਪਾਤਰਾਂ ਦੀ ਪੂਰੀ ਜੁੰਡਲੀ ਵੀ ਸੰਵਿਧਾਨਿਕ ਪੁਜ਼ੀਸ਼ਨਾਂ ਮੱਲਣ ਲਈ ਤਿਆਰੀ ਕੱਸੀ ਬੈਠੀ ਹੈ। ਇਸ ਸਬੰਧ ਵਿਚ ਕਿਸੇ ਤਜਰਬੇ, ਯੋਗਤਾ ਜਾਂ ਮੈਰਿਟ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਸੂਚਨਾ ਕਮਿਸ਼ਨ ਨੂੰ ਹੀ ਲੈ ਲਓ: ਜਿਸ ਕਿਸੇ ਨੂੰ ਵੀ ਇਨਾਮ ਨਾਲ ਨਵਾਜਣਾ ਹੁੰਦਾ ਹੈ, ਉਸ ਨੂੰ ਇੱਥੇ ਪਹੁੰਚਾ ਦਿੱਤਾ ਜਾਂਦਾ ਹੈ। ਇਹ ਸਿਲਸਿਲਾ ਚਿਰਾਂ ਤੋਂ ਚੱਲ ਰਿਹਾ ਹੈ। ਇਸ ਦੀ ਅਹਿਮੀਅਤ ਰਾਜ ਪ੍ਰਬੰਧ ਵਿੱਚ ਪਾਰਦਰਸ਼ਤਾ ਲਿਆਉਣ ਨਾਲ ਜੁੜੀ ਹੋਈ ਹੈ, ਪਰ ਬਦਕਿਸਮਤੀ ਨੂੰ, ਇਸ ਕਮਿਸ਼ਨ ਨੂੰ ਕਦੀ ਵੀ ਗੰਭੀਰਤਾ ਨਾਲ ਲਿਆ ਹੀ ਨਹੀਂ ਗਿਆ। ਇਕ ਹੋਰ ਅਦਾਰਾ-ਪੰਜਾਬ ਲੋਕ ਸੇਵਾ ਕਮਿਸ਼ਨ (ਪੀਪੀਐੱਸਸੀ) ਹੈ, ਜਿਹੜਾ ਹਰ ਕਿਸੇ ਵੱਲੋਂ ਮਰਜ਼ੀ ਨਾਲ ਚਲਾਇਆ ਜਾਂਦਾ ਹੈ। ਫਿਰ ਵੀ, ਇੱਥੇ ਵੀ ਜੇ ਜ਼ਿਆਦਾ ਝਟਕਾ ਦੇਣ ਵਾਲੀ ਨਹੀਂ ਤਾਂ ਹੈਰਾਨ ਕਰਨ ਵਾਲੀ ਕੋਈ ਨਿਯੁਕਤੀ ਹੋ ਸਕਦੀ ਹੈ। ਇਹ ਕੰਮ ਨੇਪਰੇ ਚੜ੍ਹਨ ਤੋਂ ਪਹਿਲਾਂ, ਕੈਪਟਨ ਅਮਰਿੰਦਰ ਸਿੰਘ ਨੂੰ ਆਪਣੀ ਪਹਿਲੀ ਸਰਕਾਰ ਦੌਰਾਨ ਕੀਤੇ ਕੰਮਾਂ ’ਤੇ ਨਿਗ੍ਹਾ ਮਾਰਨ ਨਾਲ ਕੋਈ ਫਾਇਦਾ ਹੋ ਸਕਦਾ ਹੈ ਕਿ ਉਨ੍ਹਾਂ ਕਮਿਸ਼ਨ ਦੇ ਕੰਮ ਨੂੰ ਕਿੰਨੀ ਕੁ ਗੰਭੀਰਤਾ ਨਾਲ ਲਿਆ ਹੈ, ਅਤੇ ਨੌਕਰੀਆਂ ਵੱਟੇ ਪੈਸੇ ਲੈਣ ਦੇ ਦੋਸ਼ ਵਿੱਚ ਇਸ ਦੇ ਚੇਅਰਮੈਨ (ਰਵੀ ਸਿੱਧੂ) ਨੂੰ ਜੇਲ੍ਹ ਭਿਜਵਾਇਆ ਹੈ।

ਮੰਡਲੀਆਂ ਜਾਂ ਜੁੰਡਲੀਆਂ ਕਿਸੇ ਨੂੰ ਸੁਰੱਖਿਆ ਤਾਂ ਮੁਹੱਈਆ ਕਰਵਾ ਸਕਦੀਆਂ ਹਨ, ਪਰ ਸੁੱਖ-ਆਰਾਮ ਵਾਲਾ ਰਾਹ ਧੋਖੇ ਵੱਲ ਵੀ ਤਾਂ ਖੁੱਲ੍ਹਦਾ ਹੈ। ਇਹ ਮਿਲਣ ਵਾਲੀਆਂ ਉਨ੍ਹਾਂ ਵੰਨ-ਸੁਵੰਨੀਆਂ ਰਾਵਾਂ ਅਤੇ ਸਲਾਹਾਂ ਨੂੰ ਵੀ ਨੱਕਾ ਮਾਰ ਲੈਂਦਾ ਹੈ ਜਿਹੜੀਆਂ ਅਗਾਂਹ, ਕੋਈ ਵੀ ਫ਼ੈਸਲਾ ਕਰਨ ਉਤੇ ਵੀ ਅਸਰ-ਅੰਦਾਜ਼ ਹੁੰਦੀਆਂ ਹਨ। ਇਸ ਲਈ ਸੂਚਨਾ ਲੈਣ-ਦੇਣ ਦੇ ਮੋਕਲੇ ਰਾਹ ਬੇਹੱਦ ਜ਼ਰੂਰੀ ਹਨ। ਕੈਬਨਿਟ ਸਿਸਟਮ ਇਹੀ ਰਾਹ ਹੀ ਤਾਂ ਖੋਲ੍ਹਦਾ ਹੈ, ਬਸ਼ਰਤੇ ਇਹ ਸਹੀ ਜਜ਼ਬਾਤ ਨਾਲ ਸਹੀ ਦਿਸ਼ਾ ਵੱਲ ਹੋਣ। ਸਭ ਵਜ਼ੀਰਾਂ ਨੂੰ ਆਪੋ-ਆਪਣੀ ਗੱਲ ਕਹਿਣ ਦਿਓ ਅਤੇ ਸਭ ਦੇ ਵਿਚਾਰਾਂ ਦੀ ਕਦਰ ਕਰੋ। ਇਸੇ ਤਰ੍ਹਾਂ ਮੁੱਖ ਸਕੱਤਰ ਦੇ ਮਾਰਗਦਰਸ਼ਨ ਤਹਿਤ ਵੱਖ ਵੱਖ ਵਿਭਾਗਾਂ ਦੀ ਅਗਵਾਈ ਕਰ ਰਹੇ ਸਭ ਅਫ਼ਸਰਾਂ ਨੂੰ ਖ਼ੁਦ ਸੋਚਣ-ਸਮਝਣ ਅਤੇ ਕੰਮ ਕਰਨ ਦਾ ਮੌਕਾ ਦਿਓ। ਇਉਂ ਕਿਸੇ ਇੱਕ ਦੇ ਹੱਥ ਹੀ ਸਾਰੀ ਤਾਕਤ ਨਹੀਂ ਲਗਦੀ।

ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਨੂੰ ਸਿਆਸੀ ਤੌਰ ’ਤੇ ਤਾਂ ਕੋਈ ਖ਼ਤਰਾ ਨਹੀਂ ਹੈ, ਨੂੰ ਹੁਣ ਇਕ ਹੋਰ ਮੌਕਾ ਮਿਲਿਆ ਹੈ ਕਿ ਉਹ ਸਰਕਾਰ ਵਿੱਚ ਕਾਂਗਰਸ ਦੀ ਚੋਟੀ ਦੀ ਲੀਡਰਸ਼ਿਪ ਦਾ ਠੁੱਕ ਬੰਨ੍ਹਣ, ਤੇ ਸਹੀ ਅਫ਼ਸਰਾਂ ਨੂੰ ਸ਼ਕਤੀਆਂ ਦੇਣ ਅਤੇ ਇਨ੍ਹਾਂ ਸਾਰਿਆਂ ਨੂੰ ਆਪੋ-ਆਪਣੇ ਕੰਮਾਂ-ਕਾਰਾਂ ਲਈ ਜ਼ਿੰਮੇਵਾਰ ਕਰਾਰ ਦੇਣ। ਇਸ ਨਾਲ ਉਨ੍ਹਾਂ ਕੋਲ ਖ਼ੁਦ ਲਈ ਵੀ ਸਮਾਂ ਨਿਕਲੇਗਾ ਅਤੇ ਉਹ ਵਡੇਰੀ ਸਿਆਸੀ ਪਾਰੀ ਲਈ ਕੰਮ ਕਰ ਸਕਣਗੇ ਅਤੇ ਨਾਲ ਹੀ ਯੋਜਨਾਵਾਂ ਵੀ ਤਿਆਰ ਕਰ ਸਕਣਗੇ।

ਜੋ ਹੋਇਆ, ਸੋ ਹੋਇਆ। ਕਾਂਗਰਸ ਸਰਕਾਰ ਲਈ ਹੁਣ ਸਮਝੋ ਨਵਾਂ ਦਿਨ ਹੀ ਚੜ੍ਹਿਆ ਹੈ ਅਤੇ ਹੁਣ ਸਾਰਾ ਕੁਝ ਨਵੇਂ ਸਿਰਿਓਂ ਕੀਤਾ ਜਾ ਸਕਦਾ ਹੈ। ਆਖ਼ਿਰਕਾਰ, ਨਤੀਜੇ ਤਾਂ ਕੰਮਾਂ ਦੇ ਹਿਸਾਬ ਨਾਲ ਹੀ ਆਉਣੇ ਹੁੰਦੇ ਹਨ।

**(ਪੰਜਾਬੀ ਟ੍ਰਿਬਿਊਨ ’ਚੋਂ ਧੰਨਵਾਦ ਸਹਿਤ)**

## ਭਾਰਤ ਵਲੋਂ ਪਰਵਾਸੀ ਸਿੱਖਾਂ ਖਿਲਾਫ਼ ਕੂੜ ਪ੍ਰਚਾਰ ਤੇਜ

ਪਿਛਲੇ ਮਹੀਨੇ ਪੰਜਵਾਂ ਸਾਲਾਨਾ ਫੰਡ ਰੇਜ਼ਿੰਗਗ ਪ੍ਰੋਗਰਾਮ ਕਰਵਾਇਆ ਸੀ। ਇਸ ਆਯੋਜਨ ਵਿਚ ਲੱਗਭੱਗ 200 ਲੋਕਾਂ ਨੇ ਸ਼ਿਰਕਤ ਕੀਤੀ, ਜਿਸ ਵਿਚ ਖਾਲਿਸਤਾਨੀ ਸਮੱਰਥਕ ਆਗੂ ਵੀ ਸਨ। ਇਸ ਤੋਂ ਇਲਾਵਾ ਪਾਕਿਸਤਾਨ-ਅਮਰੀਕਨ ਥਿੰਕ ਟੈਂਕ ਦੇ ਬਹੁਤ ਸਾਰੇ ਮੈਂਬਰਾਂ ਨੇ ਵੀ ਇਸ ਵਿਚ ਹਿੱਸਾ ਲਿਆ। ਖੁਫ਼ੀਆ ਜਾਣਕਾਰੀ ਮਿਲੀ ਹੈ ਕਿ ਪਾਕਿਸਤਾਨ-ਅਮਰੀਕਨ ਥਿੰਕ ਟੈਂਕ ਨੂੰ ਆਈ. ਐੱਸ. ਆਈ. ਵੱਲੋਂ ਭਾਰਤ ਵਿਰੋਧੀ ਸਰਗਰਮੀਆਂ ਕਰਨ ਲਈ ਫੰਡਿੰਗ ਕੀਤੀ ਗਈ ਹੈ।

ਗ੍ਰਹਿ ਮੰਤਰਾਲੇ ਨੇ ਇੱਕ ਹੋਰ ਗੱਪ ਮਾਰਦਿਆਂ ਕਿਹਾ ਕਿ ਹਾਲਾਂ ਕਿ ਅਜਿਹਾ ਪਹਿਲੀ ਵਾਰ ਨਹੀਂ ਹੈ, ਜਦੋਂ ਵਿਦੇਸ਼ੀ ਧਰਤੀ ’ਤੇ ਪਾਕਿਸਤਾਨ ਭਾਰਤ ਦੇ ਖ਼ਿਲਾਫ਼ ਸਾਜ਼ਿਸ਼ ਰਚ ਰਿਹਾ ਹੈ। ਇਸ ਤੋਂ ਪਹਿਲਾਂ ਬ੍ਰਿਟੇਨ ਵਿਚ ਭਾਰਤ ਦੇ ਖ਼ਿਲਾਫ਼ ਪ੍ਰਚਾਰ ਕਰਨ ਦੇ ਪਿੱਛੇ ਵੀ. ਆਈ. ਐੱਸ. ਆਈ. ਦੀ ਭੂਮਿਕਾ ਦਾ ਖੁਲਾਸਾ ਹੋਇਆ ਸੀ। 23 ਨਵੰਬਰ ਨੂੰ ਆਈ. ਐੱਸ. ਆਈ. ਨੇ ਇੱਕ ਸੰਵੇਦਨਾ ਪ੍ਰੋਗਰਾਮ ਦਾ ਆਯੋਜਨ ਕੀਤਾ ਸੀ, ਜਿਸ ਵਿਚ ਮੂਵਮੈਂਟ ਨਾਲ ਜੁੜੇ ਲੱਗਭੱਗ 60 ਲੋਕਾਂ ਨੇ ਹਿੱਸਾ ਲਿਆ ਸੀ ਭਾਰਤੀ ਖੁਫੀਆ ਸੂਤਰਾਂ ਮੁਤਾਬਕ ਆਈ. ਐੱਸ. ਆਈ. ਕੈਨੇਡਾ ਵਿਚ ਰਹਿੰਦੇ ਖਾਲਿਸਤਾਨੀ ਹਮਾਇਤੀਆਂ ਦੀ ਭਾਰਤ ਵਿਰੋਧੀ ਸਰਗਰਮੀਆਂ ਲਈ ਇਸਤੇਮਾਲ ਕਰਦੀ ਰਹਿੰਦੀ ਹੈ।

ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਰਣਜੀਤ ਸਿੰਘ ਨੀਟਾ ਨੇ ਕੈਨੇਡਾ ਵਿਚ ਵੱਡੇ ਪੱਧਰ ’ਤੇ ਆਪਣਾ ਨੈੱਟਵਰਕ ਬਣਾ ਰੱਖਿਆ ਹੈ। ਨੀਟਾ ਵੱਲੋਂ ਆਪਣੇ ਨੈੱਟਵਰਕ ਰਾਹੀਂ ਕੈਨੇਡਾ ਤੋਂ ਖਾੜਕੂ ਸਰਗਰਮੀਆਂ ਨੂੰ ਅੰਜਾਮ ਦੇਣ ਲਈ ਫੰਡ ਇਕੱਠਾ ਕੀਤਾ ਜਾਂਦਾ ਹੈ।

ਇਸ ਤੋਂ ਇਲਾਵਾ ਪਾਕਿਸਤਾਨ ਵਿਚ ਰਹਿ ਰਹੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਵਧਾਵਾ ਸਿੰਘ ਨੇ ਵੀ ਕੈਨੇਡਾ ਵਿਚ ਤੇ ਬ੍ਰੈਂਪਟਨ ਵਿਚ ਆਪਣਾ ਨੈੱਟਵਰਕ ਬਣਾ ਰੱਖਿਆ ਹੈ। ਰਣਜੀਤ ਸਿੰਘ ਨੀਟਾ ਤੇ ਵਧਾਵਾ ਸਿੰਘ ਦੇ ਨਿਰਦੇਸ਼ ’ਤੇ ਕੈਨੇਡਾ, ਬ੍ਰਿਟੇਨ ਤੇ ਅਮਰੀਕਾ ਵਿਚ ਬਣਾਏ ਗਏ ਨੈੱਟਵਰਕ ਦਾ ਫੰਡ ਇਕੱਠਾ ਕਰਨ ਵਿਚ ਇਸਤੇਮਾਲ ਕੀਤਾ ਜਾਂਦਾ ਹੈ।

## ਭਾਰਤ ਸਰਕਾਰ ਸਿੱਖਾਂ ਨੂੰ ਕਰ ਰਹੀ ਏ ਬਦਨਾਮ : ਗੁਰਤੇਜ ਸਿੰਘ

ਬੋਕਾਰੋ ਅਤੇ ਉੱਤਰੀ ਭਾਰਤ ਦੇ ਕਈ ਹੋਰ ਸ਼ਹਿਰਾਂ ਵਿੱਚ ਹਜ਼ਾਰਾਂ ਸਿੱਖਾਂ ਨੂੰ ਸ਼ਰੇਆਮ ਮਾਰ-ਕੁੱਟ ਕੇ ਜਿੰਦਾ ਜਲਾ ਦਿੱਤਾ ਗਿਆ। ਖ਼ਾਸਕਰ ਦਿੱਲੀ ਵਿੱਚ ਤਾਂ ਬਹੁਤ ਹੀ ਵੱਡੀ ਪੱਧਰ ਤੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਉਨ੍ਹਾਂ ਦਾ ਮਾਲ-ਅਸਬਾਬ ਲੁੱਟ ਲਿਆ ਗਿਆ ਅਤੇ ਗੁਰਦੁਆਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਬੇਅਦਬੀ ਕਰਨ ਉਪਰੰਤ ਸਾੜ-ਫੂਕ ਕੀਤੀ ਗਈ। ਕਿਉਂਕਿ ਇਹ ਸਭ ਦੇਸ਼ ਦੀ ਰਾਜਧਾਨੀ ਵਿੱਚ ਹੋਇਆ ਸੀ, ਜਿੱਥੇ ਕਾਨੂੰਨ ਸਭ ਤੋਂ ਵੱਧ ਸਖ਼ਤੀ ਨਾਲ ਲਾਗੂ ਹੋਣਾ ਚਾਹੀਦਾ ਹੈ, ਇਸ ਲਈ ਮਨ ਵਿੱਚ ਸਜਿਹੇ ਹੀ ਇਹ ਵਿਚਾਰ ਉਠਦਾ ਹੈ ਕਿ ਘੱਟੋ-ਘੱਟ ਦਿੱਲੀ ਵਿੱਚ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਲੋਕਾਂ ਨੂੰ ਤਾਂ ਯੋਗ ਸਜ਼ਾਵਾਂ ਮਿਲ ਜਾਣੀਆਂ ਚਾਹੀਦੀਆਂ ਸਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਆਪਣੀ ਅਜ਼ਾਦ ਹਸਤੀ ਲਈ ਜੂਝ ਰਹੀ ਹੈ, ਜੋ ਕਿ ਭਾਰਤ ਸਰਕਾਰ ਨੂੰ ਚੰਗਾ ਨਹੀਂ ਲਗ ਰਿਹਾ, ਕਿਉਂਕਿ ਉਹ ਦਲਿਤਾਂ, ਘੱਟ ਗਿਣਤੀਆਂ, ਪੱਛੜਿਆਂ ਨੂੰ ਹਿੰਦੂਤਵ ਦੇ ਝੰਡੇ ਹੇਠ ਲਿਆਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਬੈਠੇ ਮੂਲ ਨਿਵਾਸੀ ਵੀ ਮੋਦੀ ਸਰਕਾਰ ਦਾ ਵਿਰੋਧ ਕਰ ਰਹੇ ਹਨ। ਕੱਲ ਨੂੰ ਇਨ੍ਹਾਂ ਨੂੰ ਵੀ ਬਦਨਾਮ ਕਰ ਦਿੱਤਾ ਜਾਵੇਗਾ। ਚਾਣਕਿਆ ਨੀਤੀ ਇਹੀ ਰਹੀ ਹੈ ਕਿ ਕਿਸੇ ਨੂੰ ਮਾਰਨਾ ਹੋਵੇ ਤਾਂ ਉਸ ਨੂੰ ਬਦਨਾਮ ਕਰ ਦਿਓ ਤੇ ਭਗਵੇਂਵਾਦੀ ਤੰਤਰ ਇਨ੍ਹਾਂ ਲੀਹਾਂ ’ਤੇ ਚਲ ਰਿਹਾ ਹੈ।

## ਡੈਮੋਕਰੇਟਾਂ ਦੀ ਹਮਾਇਤ ਬਾਅਦ ਹੀ ਖੁਲ੍ਹ ਸਕਿਆ ਅਮਰੀਕੀ ਖਜ਼ਾਨੇ ਦਾ ਜਿੰਦਰਾ

ਰਿਪਬਲਿਕਨਾਂ ਦਾ ਇਸ ਸਮਝੌਤੇ ’ਤੇ ਸਾਥ ਦਿੱਤਾ ਕਿ ਸਰਕਾਰ ਉਚਿਤ ਦਸਤਾਵੇਜ਼ਾਂ ਦੇ ਬਿਨਾਂ ਅਮਰੀਕਾ ਵਿੱਚ ਰਹਿ ਰਹੇ ਨੌਜਵਾਨ ਪਰਵਾਸੀਆਂ ਦੇ ਭਵਿੱਖ ਨੂੰ ਲੈ ਕੇ ਬਹਿਸ ਕਰਾਏਗੀ।

ਅਮਰੀਕੀ ਕਾਂਗਰਸ ਨੇ ਦੋਵਾਂ ਸਦਨਾਂ (ਸੈਨੇਟ ਤੇ ਪ੍ਰਤੀਨਿਧ ਸਭਾ) ਨੇ ਸੋਮਵਾਰ ਰਾਤੀਂ ਬਹੁਮਤ ਦੇ ਨਾਲ ਬਿੱਲ ਪਾਸ ਕਰ ਦਿੱਤਾ। ਵਿਰੋਧੀ ਖੇਮੇ ਨੇ ਰਿਪਬਲਿਕਨਾਂ ਤੋਂ ਅਮਰੀਕਾ ਵਿੱਚ ਬਚਪਨ ਤੋਂ ਨਜਾਇਜ਼ ਤਰੀਕੇ ਨਾਲ ਲਿਆਂਦੇ ਗਏ ਹਜ਼ਾਰਾਂ ਲੋਕਾਂ (ਜਿਨ੍ਹਾਂ ਨੂੰ ਡਰੀਮਰਜ਼ ਵੀ ਕਿਹਾ ਜਾਂਦਾ ਹੈ) ਦਾ ਭਵਿੱਖ ਸੁਰੱਖਿਅਤ ਕੀਤੇ ਜਾਣ ਨੂੰ ਲੈ ਕੇ ਮਿਲੇ ਭਰੋਸੇ ਮਗਰੋਂ ਬਿੱਲ ਪਾਸ ਕਰ ਦਿੱਤਾ। ਸੈਨੇਟ ਵਿੱਚ ਇਹ ਖਰਚਾ ਬਿੱਲ 81-18 ਜਦਕਿ ਪ੍ਰਤੀਨਿਧ ਸਭਾ ਵਿੱਚ 266-150 ਨਾਲ ਪਾਸ ਹੋਇਆ। ਉਂਜ ਇਸ ਬਿੱਲ ਤਹਿਤ ਸਰਕਾਰ ਨੂੰ ਆਪਣਾ ਖਰਚਾ ਚਲਾਉਣ ਲਈ 8 ਫਰਵਰੀ ਤਕ ਹੀ ਫੰਡ ਮਿਲਣਗੇ ਤੇ ਇਸ ਤਰੀਕ ਤੋਂ ਪਹਿਲਾਂ ਡੈਮੋਕਰੈਟਾਂ ਤੇ ਰਿਪਬਲਿਕਨਾਂ ਨੂੰ ਇਕ ਦੂਜੇ ਨਾਲ ਸਹਿਮਤੀ ਬਣਾਉਂਦਿਆਂ ਸਮੱਸਿਆ ਦਾ ਕੋਈ ਚਿਰਕਾਲੀ ਹੱਲ ਕੱਢਣਾ ਹੋਵੇਗਾ।

ਟਰੰਪ ਨੇ ਇਕ ਬਿਆਨ ਵਿੱਚ ਕਿਹਾ, ’ ਮੈਨੂੰ ਖ਼ੁਸ਼ੀ ਹੈ ਕਿ ਕਾਂਗਰਸ ਵਿੱਚ ਸ਼ਾਮਲ ਡੈਮੋਕਰੈਟਿਕ ਪਾਰਟੀ ਦੇ ਮੈਂਬਰਾਂ ਨੂੰ ਸੱਦਬੁੱਧੀ ਆਈ ਹੈ ਤੇ ਉਹ ਮਹਾਨ ਫ਼ੌਜੀ, ਸਰਹੱਦ ’ਤੇ ਗਸ਼ਤ ਕਰਦੇ ਫ਼ੌਜੀਆਂ ਦੀਆਂ ਤਨਖਾਹਾਂ ਤੇ ਕਮਜ਼ੋਰ ਬੱਚਿਆਂ ਦੀ ਇੰਸ਼ੋਰੈਂਸ ਲਈ ਫੰਡ ਦੇਣ ਲਈ ਤਿਆਰ ਹਨ।’

ਟਰੰਪ ਨੇ ਕਿਹਾ ਕਿ ਹੁਣ ਉਨ੍ਹਾਂ ਦੀ ਸਰਕਾਰ ਗੈਰਕਾਨੂੰਨੀ ਆਵਾਸ ਦੀ ਸਮੱਸਿਆ ਸੁਲਝਾਉਣ ਲਈ ਕੰਮ ਕਰੇਗੀ ਅਤੇ ਜੇਕਰ ਮੁਲਕ ਲਈ ਚੰਗਾ ਹੋਇਆ ਤਾਂ ਉਹ ਆਵਾਸ ਨੂੰ ਲੈ ਕੇ ਲੰਮੇ ਸਮੇਂ ਦਾ ਸਮਝੌਤਾ ਕਰਨਗੇ। ਕਾਬਿਲੇਗੌਰ ਹੈ ਕਿ ਖਰਚਾ ਬਿੱਲ ਪਾਸ ਹੋਣ ਨਾਲ ਹਜ਼ਾਰਾ ਸੰਘੀ ਮੁਲਾਜ਼ਮਾਂ ਨੇ ਵੀ ਸੁੱਖ ਦਾ ਸਾਹ ਲਿਆ ਹੈ। ਇਨ੍ਹਾਂ ਸਰਕਾਰੀ ਮੁਲਾਜ਼ਮਾਂ ਨੂੰ ਸਰਕਾਰੀ ਖ਼ਜ਼ਾਨੇ ਦੀ ਤਾਲਾਬੰਦੀ ਕਰਕੇ ਘਰਾਂ ’ਚ ਬੈਠਣ ਲਈ ਮਜਬੂਰ ਹੋਣਾ ਪਿਆ ਸੀ। ਸਾਲ 1990 ਤੋਂ ਬਾਅਦ ਇਹ ਚੌਥੀ ਵਾਰ ਹੈ ਜਦੋਂ ਖਰਚਾ ਬਿੱਲ ਖਾਰਜ ਹੋਣ ਕਰਕੇ ਅਮਰੀਕੀ ਸਰਕਾਰ ਦਾ ਕੰਮਕਾਜ ਅਧਿਕਾਰਤ ਤੌਰ ’ਤੇ ਠੱਪ ਹੋਇਆ ਹੈ।

## ਆਲਮੀ ਆਰਥਿਕ ਸੰਮੇਲਨ ਮੌਕੇ ਮੋਦੀ ਨੇ ਕੀਤੀ ‘ਵਿਸ਼ਵ ਇਕ ਪਰਿਵਾਰ’ ਦੇ ਫਲਸਫ਼ੇ ਦੀ ਵਕਾਲਤ

ਨੂੰ ਕੱਟੜਪੰਥੀ ਬਣਦੇ ਦੇਖ ਕੇ ਬਹੁਤ ਦੁੱਖ ਹੁੰਦਾ ਹੈ। ਇਸ ਖ਼ਤਰੇ ਬਾਰੇ ਭਾਰਤ ਦਾ ਸਟੈਂਡ ਸਾਰਿਆਂ ਨੂੰ ਪਤਾ ਹੀ ਹੈ ਅਤੇ ਉਹ ਇਸ ਬਾਰੇ ਵਿਸਥਾਰ ’ਚ ਗੱਲ ਨਹੀਂ ਕਰਨਾ ਚਾਹੁੰਦੇ। ਸ੍ਰੀ ਮੋਦੀ ਨੇ ਕਿਹਾ, ’ਆਓ ’ਸੁਤੰਤਰਤਾ ਦਾ ਸਵਰਗ’ ਬਣਾਈਏ, ਜਿਥੇ ਸਹਿਯੋਗ ਹੋਵੇ ਅਤੇ ਕੋਈ ਪਾੜਾ ਜਾਂ ਫੁੱਟ ਨਾ ਹੋਵੇ।’ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਬੇਯਕੀਨੀ ਵਾਲੇ ਆਲਮੀ ਵਾਤਾਵਰਨ ਵਿੱਚ ਸਥਿਰ, ਪਾਰਦਰਸ਼ੀ ਅਤੇ ਪ੍ਰਗਤੀਸ਼ੀਲ ਭਾਰਤ ਇਕ ਚੰਗੀ ਖ਼ਬਰ ਹੈ। ਕੱਲ੍ਹ ਇਥੇ ਪੁੱਜੇ ਸ੍ਰੀ ਮੋਦੀ ਨੇ ਕਿਹਾ ਕਿ ਸ਼ਾਂਤੀ, ਸੁਰੱਖਿਆ ਤੇ ਸਥਿਰਤਾ ਦੇ ਮੁੱਦੇ ਗੰਭੀਰ ਆਲਮੀ ਚੁਣੌਤੀਆਂ ਵਜੋਂ ਉਭਰੇ ਹਨ। ਉਨ੍ਹਾਂ ਕਿਹਾ ਕਿ ਪਿਛਲੀ ਵਾਰ 1997 ’ਚ ਜਦੋਂ ਭਾਰਤੀ ਪ੍ਰਧਾਨ ਮੰਤਰੀ ਇਥੇ ਆਏ ਸਨ ਤਾਂ ਭਾਰਤ ਦੀ ਜੀਡੀਪੀ 400 ਅਰਬ ਅਮਰੀਕੀ ਡਾਲਰ ਤੋਂ ਥੋੜ੍ਹੀ ਵੱਧ ਸੀ ਪਰ ਹੁਣ ਇਹ ਛੇ ਗੁਣਾ ਤੋਂ ਵੀ ਵੱਧ ਹੈ।

ਡਬਲਿਊਈਐਫ ਦੇ ਵਿਸ਼ਾ-ਵਸਤੂ ’ਵੰਡੇ ਵਿਸ਼ਵ ’ਚ ਸਾਂਝਾ ਭਵਿੱਖ ਸਿਰਜੀਏ’ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤ ਦਾ ’ਵਿਸ਼ਵ ਇਕ ਪਰਿਵਾਰ’ ਦਾ ਫਲਸਫ਼ਾ ਅੱਜ ਦੇ ਵੰਡ ਤੇ ਪਾੜੇ ਵਾਲੇ ਸਮੇਂ ’ਚ ਹੋਰ ਵੀ ਢੁਕਵੀਂ ਹੋ ਗਈ ਹੈ।

ਭਾਰਤ ਨੂੰ ਆਪਣੀ ਜਮਹੂਰੀਅਤ ਤੇ ਬਹੁਲਵਾਦ ’ਤੇ ਮਾਣ ਹੈ। ਇਸ ਮੁਲਕ ਨੇ ਹਮੇਸ਼ਾ ਆਲਮੀ ਸ਼ਾਂਤੀ ’ਚ ਯੋਗਦਾਨ ਪਾਇਆ ਹੈ ਅਤੇ ਉਨ੍ਹਾਂ ਦਾ ਏਕਤਾ ਤੇ ਏਕੀਕਰਨ ਵਾਲੀਆਂ ਕਦਰਾਂ-ਕੀਮਤਾਂ ’ਚ ਦ੍ਰਿੜ ਵਿਸ਼ਵਾਸ ਹੈ। ਉਨ੍ਹਾਂ ਨੇ ਜਲਵਾਯੂ ਤਬਦੀਲੀ ਦੇ ਖ਼ਤਰੇ ਨੂੰ ਠੱਲ੍ਹਣ ਲਈ ਵਿਸ਼ਵ ਨੂੰ ਵਿਚਾਰ ਕਰਨ ਲਈ ਬੇਨਤੀ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਾਤਾਵਰਨ ਨਾਲ ਪਿਆਰ ਭਾਰਤੀ ਸੱਭਿਆਚਾਰ ਦਾ ਹਿੱਸਾ ਹੈ।

## ਮੋਦੀ ਦਾਵੋਸ ਨੂੰ ਦੱਸੇ 1 ਫ਼ੀਸਦ ਭਾਰਤੀਆਂ ਕੋਲ ਕਿਉਂ 73 ਫ਼ੀਸਦ ਧਨ: ਰਾਹੁਲ

ਨਵੀਂ ਦਿੱਲੀ: ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕਿਹਾ ਕਿ ਉਹ ਦਾਵੋਸ ’ਚ ਲੋਕਾਂ ਨੂੰ ਦੱਸਣ ਕਿ ਭਾਰਤੀ ਆਬਾਦੀ ਦੇ ਇਕ ਫ਼ੀਸਦ ਹਿੱਸੇ ਕੋਲ ਕੁੱਲ ਪੂੰਜੀ ਦਾ 73 ਫ਼ੀਸਦ ਹਿੱਸਾ ਕਿਉਂ ਹੈ। ਉਨ੍ਹਾਂ ਨੇ ਟਵੀਟ ਕੀਤਾ, ’ਪਿਆਰੇ ਪ੍ਰਧਾਨ ਮੰਤਰੀ, ਸਵਿੱਟਜ਼ਰਲੈਂਡ ’ਚ ਸਵਾਗਤ ਹੈ! ਕ੍ਰਿਪਾ ਕਰਕੇ ਦਾਵੋਸ ਨੂੰ ਦੱਸੋ ਕਿ ਭਾਰਤੀ ਆਬਾਦੀ ਦੇ ਇਕ ਫ਼ੀਸਦ ਧਨ-ਕੁਬੇਰਾਂ ਕੋਲ ਦੇਸ਼ ਦੀ ਕੁੱਲ ਪੂੰਜੀ ਦਾ 73 ਫ਼ੀਸਦ ਕਿਉਂ ਹੈ? ਮੈਂ ਤੁਹਾਡੇ ਦੇਖਣ ਲਈ ਇਕ ਰਿਪੋਰਟ ਵੀ ਨੱਥੀ ਕਰ ਰਿਹਾ ਹਾਂ।’




## Classified

### ਵਰ ਦੀ ਲੋੜ

ਜੱਟ ਸਿੱਖ 25 ਸਾਲਾ 5'11" ਲੰਬੀ ਲੜਕੀ ਲਈ ਯੋਗ ਦਸਤਾਰਧਾਰੀ। ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਲੜਕੀ ਨੇ ਨਵੀਂ ਦਿੱਲੀ 'ਚ ਕਾਨਵੈਂਟ ਸਕੂਲ ਤੋਂ ਪੜ੍ਹਾਈ ਕਰਕੇ ਐਮ ਕਾਮ ਕੀਤੀ ਹੈ ਅਤੇ ਚਾਰਟਡ ਅਕਾਊਂਟੈਂਟ ਹੈ ਆਈਲਟਸ 6.5 ਬੈਂਡਜ਼ ਨਾਲ ਪਾਸ। ਪਰਿਵਾਰ ਅਮਰੀਕਾ ਅਤੇ ਕੈਨੇਡਾ ਵਿਚ ਸੈੱਟ ਹੈ। ਇਨ੍ਹਾਂ ਨੰਬਰ ਦੇ ਫੋਨ ਜਾਂ ਵਟਸਐਪ ਕਰ ਸਕਦੇ ਹੋ: 530-300-5115 ਜਾਂ +919958919217

### Groom WANTED

California based Jatt Sikh family seek an equally qualified match for U.S. citizen girl. 27 years old, 5'2", Software Engineer. Boy must be U.S. citizen from California or willing to move to California.
Contact: bsinghs408@gmail.com

Seeking a Nanny/Babysitter
Call : Aman
510-938-7195

ਨੈਨੀ/ਬੇਬੀ ਸਿਟਰ (ਖਿਡਾਵੀ)
ਦੀ ਜ਼ਰੂਰਤ ਹੈ।
ਸੰਪਰਕ ਕਰੋ :
ਅਮਨ 510-938-7195

### Indian Restaurant for Rent

Highly profitable Indian restaurant in Glendale with consistent Sales and profit grossing over 600K yearly. Low rent Current owners for 13 years retiring.
Contact : 818-472-3927

# ਬਾਬਾ ਦੀਪ ਸਿੰਘ ਜੀ



ਸ਼ੇਰ ਸਿੰਘ ਕੰਵਲ
(ਫੋਨ 001-602-482-2276)

ਧੰਨ ਧੰਨ ਬਾਬਾ ਦੀਪ ਸਿੰਘ ਯੋਧਾ ਵੱਡ ਭਾਰਾ।
ਉਹਦਾ ਸੀਸ ਤਲੀ ਧਰ ਲੜਨ ਦਾ ਜੱਗ ਅਜਬ ਨਜ਼ਾਰਾ।

ਉਹ ਮਾਂ ਜਿਉਣੀ ਪਿਓ ਭਗਤੇ ਦੀਆਂ ਅੱਖਾਂ ਦਾ ਤਾਰਾ।
ਉਹ 'ਦੀਪ' ਪੋਹੂਵਿੰਡ ਪਿੰਡ ਦਾ ਸਭਨਾਂ ਦਾ ਪਿਆਰਾ।

ਉਹਨੂੰ ਨਿੱਕੀ ਉਮਰ ਅਨੰਦਪੁਰੋਂ ਕੋਈ ਹੋਇਆ ਇਸ਼ਾਰਾ।
ਉਹ ਹੋਇਆ ਗੁਰੂ ਤੇ ਪੰਥ ਦਾ ਘਰ ਕਰ ਦੁਪਿਆਰਾ।

ਉਸ ਸੋਹਣੇ ਛਿੰਦੇ ਬਾਲ ਮਿਲ ਗਿਆ ਜਨਮ ਦੁਬਾਰਾ।
ਦਸਮੇਂ ਪਾਰਸ ਛੋਹ ਹੋਇਆ ਸੋਨਾ ਸੁਚਿਆਰਾ।

ਪਾ ਹੁਕਮ ਗੁਰਾਂ ਦਾ ਚੁੱਕ ਲਿਆ ਉਸ ਚੱਕਣ ਭਾਰਾ।
ਗੁਰ ਮੇਲਿਆ ਉਸ ਨੂੰ ਮਨੀ ਸਿੰਘ ਭਾਈ ਉਜਿਆਰਾ।

ਉਹ ਗੁਰੂ ਦਿੱਤੇ ਸਿਰ ਜੋੜ ਕੇ ਪਏ ਕਰਨ 'ਉਤਾਰਾ'।
ਗੁਰ ਗੁੰਝਲਾਂ ਅਰਥਾਂ ਖੋਲ੍ਹਦੇ ਅਰਸ਼ੀ ਚਮਕਾਰਾ।

ਉਸ ਸਾਬੋ ਕੀ ਤਲਵੰਡੀਏਂ ਇਹ ਕਾਜ ਸੰਭਾਰਾ।
ਜੋ ਦਸਮੇਂ ਗੁਰੂ ਜੀ ਸੌਂਪਿਆ ਉਹ ਹੁਕਮ ਨਿਭਾਰਾ।

ਇੰਞ ਬਣਿਆ ਭਾਈ ਦੀਪ ਸਿੰਘ ਟਕਸਾਲ ਸਿਤਾਰਾ।
ਉਹਦਾ ਰੋਮ ਰੋਮ ਗੁਰ ਪੰਥ ਦਾ ਸਿੱਖੀ ਸਰਸ਼ਾਰਾ।

ਫਿਰ ਹੋਇਆ ਮਿਸਲ ਸ਼ਹੀਦ ਦਾ ਉਹ ਜੱਥੇਦਾਰਾ।
ਉਹ ਚੰਭਿਆ ਗੁਰੂ ਗੋਬਿੰਦ ਦਾ ਖੰਡਾ ਦੋ ਧਾਰਾ।

ਉਹਦੀ ਇੱਕਾ ਧਾਰ ਗਿਆਨ ਦੀ ਰੱਜ ਕੇ ਰੁਸ਼ਨਾਰਾ।
ਉਹਦੀ ਧਾਰ ਦੂਜੀ ਬਲਵਾਨਤਾ ਪੁੱਜ ਕੇ ਬਲਕਾਰਾ।

ਸ਼ਾਹ ਅਹਿਮਦ ਆਇਆ ਹਲਕਿਆ ਲੈ ਲਸ਼ਕਰ ਭਾਰਾ।
ਉਸ ਢਾਹ ਹਰਿਮੰਦਰ ਪੂਰਿਓ ਨੇ ਸਰਵਰ ਸਾਰਾ।

ਗੁਰ ਨਗਰੀ ਜਾਂ ਵੱਜਿਆ ਅੱਲਾ ਹੂ ਅਕਬਰ ਨਾਅਰਾ।
ਤਲਵੰਡੀ ਝੱਬ ਦੇ ਪਹੁੰਚਿਆ ਇਕ ਸਿੱਖ ਹਲਕਾਰਾ।



ਸੁਣ ਕੇ ਬਾਬਾ ਫਰਕਿਆ ਰੋਹਿਆ ਲਲਕਾਰਾ।
ਕਹੇ- ਕੀ ਔਕਾਤ ਹੈ ਖਾਨ ਦੀ ਜਿਸ ਪੰਥ ਵੰਗਾਰਾ ?

ਉਹਨੇ ਪੰਜ ਸੌ ਸਿੰਘਾਂ ਜੋੜ ਕੇ ਛੱਡਿਆ ਜੈਕਾਰਾ।
ਖੰਡੇ ਨਾਲ ਲਕੀਰ ਖਿੱਚ ਇਉਂ ਬਚਨ ਉਚਾਰਾ।

ਜੇ ਗੁਰੂ ਘਰ ਚੜ੍ਹਿਆ ਛੱਡੀਏ ਸਾਨੂੰ ਮਿਹਣਾ ਭਾਰਾ।
ਜੀਹਨੇ ਡਰਨੈ ਮੌਤ ਵਿਆਹੁਣ ਤੋਂ ਲਏ ਸੋਚ ਦੁਬਾਰਾ।

ਫਿਰ ਹੜ੍ਹ ਬਣ ਵਗਿਆ ਸੂਰਮਾ ਹੋ ਤੇਜ਼ ਤਰਾਰਾ।
ਗੁਰਮੁੱਖ ਬੁੱਢੇ ਕਦੇ ਨਾਹਿ ਜਿਹਨਾਂ ਪੰਥ ਪਿਆਰਾ।

ਤਰਨ ਤਾਰਨ ਤੱਕ ਸਿੰਘਾਂ ਦਾ ਹੁੰਦਾ ਗਿਆ ਸ਼ੁਮਾਰਾ।
ਸਿੰਘ ਕੱਲਾ ਭਿੜ ਪਏ ਲੱਖ ਨਾਲ ਏਥੇ ਪੰਜਾ ਹਜ਼ਾਰਾ।

ਮੋਹਰੀ ਦਲ ਦਾ ਬਾਬਾ ਸੂਰਮਾ ਹੱਥ ਖੰਡਾ ਅਠ੍ਹਾਰਾ।
ਭਰ ਵੱਟੇ ਚਿੱਟੇ ਮਹਿਰਾਬ ਕਰ ਉਹ ਇਓਂ ਭਬਕਾਰਾ।

ਆ ਜਾ ਬੱਚੂ ਜਹਾਨ ਖਾਂ ਉਏ ਵੀਹ ਹਜ਼ਾਰਾ।
ਸੁੱਕਾ ਸਿੰਘ ਨਾ ਛੱਡਦੇ ਚੜ੍ਹਿਆ ਦਰਬਾਰਾ।

ਬਾਬੇ ਵਲ਼ ਵਲ਼ ਵੱਢੇ ਖਾਨ ਜਿਓਂ ਕਰ ਖੀਰਾ ਖਾਰਾ।
ਬਾਝੋਂ ਭੱਜਣ ਜਹਾਨ ਖਾਨ ਕੋਈ ਰਿਹਾ ਨਾ ਚਾਰਾ।

ਆਪਣੇ ਜਾਣੇ ਅਤਾਈ ਖਾਨ ਫਿਰ ਆਇਆ ਕਰਾਰਾ।
ਅੱਗੋਂ ਝੱਪਦਿਆ ਬਾਬਾ ਬੱਬਰ ਸ਼ੇਰ ਹੋ ਸਵਾ ਸੇਰਾਰਾ।

ਐਸੀ ਕੀਤੀ ਖੰਡੇ ਵਾਢ ਪਾ ਦਿੱਤਾ ਖਿਲ੍ਹਾਰਾ।
ਉਹ ਇਕ ਇਕ ਖੱਬੀ ਖਾਨ ਮਾਰ ਛੱਡੇ ਜੈਕਾਰਾ।
ਬੰਦੇ ਟਾਂਡਿਆਂ ਵਾਂਗੂੰ ਵੱਢਦਾ ਬਾਬਾ ਜਾਂ ਡਿੱਠਿਆਰਾ।
ਖਾਨ ਭੱਜਿਆ ਸਿਰ ਤੇ ਪੈਰ ਰੱਖ ਹੋਇ ਬਹੁੰ ਡਰਿਆਰਾ।

ਵਧ ਸੱਬਰ ਲਾਹੁੰਦੇ ਜਾਂਵਦੇ ਕਰ ਕੁਤਰ ਕਤਾਰਾ।
ਸਿੰਘ ਥੋੜ੍ਹੇ ਫੌਜਾਂ ਬਹੁਤੀਆਂ ਕੋਈ ਯੁੱਧ ਕਰਾਰਾ।

ਗਿਆ ਫੱਟੀਂ ਬਾਬਾ ਵਿੰਨ੍ਹਿਆਂ ਸਾਰੇ ਦਾ ਸਾਰਾ।
ਵਾਹੁੰਦਾ ਜਾਵੇ ਫੇਰ ਵੀ ਖੰਡਾ ਦੋ ਧਾਰਾ।

ਉਹਨੂੰ ਟੁੱਟ ਪਿਆ ਦਲ ਦੁਸ਼ਮਣਾ ਫਿਰ ਰਲ ਕੇ ਭਾਰਾ।
ਤੇ ਆਖਰ ਬਾਬਾ ਘਿਰ ਗਿਆ ਜਿਉਂ ਚੰਨ ਪ੍ਵਾਰਾ।

ਉਹਦੀ ਟੁੱਟ ਪਿਆ ਦਲ ਦੁਸ਼ਮਣਾ ਫਿਰ ਰਲ ਕੇ ਭਾਰਾ।
ਤੇ ਆਖਣ ਬਾਬਾ ਘਿਰ ਗਿਆ ਜਿਉਂ ਚੰਨ ਪ੍ਵਾਰਾ।

ਉਹਦੀ ਧੌਣ ਤੇ ਲੱਗਾ ਫੱਟ ਫੇਰ ਇਕ ਜ਼ੋਰ ਜ਼ੋਰਾਰਾ।
ਫੁੱਟਿਆ ਉਹਦੀ ਧੌਣ 'ਚੋਂ ਇਕ ਖ਼ੂੰਨ ਫੁਹਾਰਾ।

ਉਹਦੇ ਮਨ ਵਿਚ ਪਿਆ ਅਰਦਾਸ ਦਾ ਜੀਕੂੰ ਝਲਕਾਰਾ।
ਉਹਨੇ ਖੱਬੇ ਹੱਥ ਨਾਲ ਡਿੱਗ ਰਿਹਾ ਫਿਰ ਸੀਸ ਸੰਭਾਰਾ।

ਉਹ ਹਰਿਮੰਦਰ ਵੱਲ ਅਹੁਲਿਆ ਟੁੱਟਦਰਾ ਧਰੂੰ ਤਾਰਾ।
ਉਹਨੇ ਹੱਥ ਜੋੜੇ ਹਰਿਮੰਦਰ ਵੱਲ ਇਥੁੰ ਮੁੱਖੋਂ ਪੁਕਾਰਾ।

ਮੇਰੀ ਤੋੜ ਨਿਭਾਈ ਪ੍ਰੀਤ ਤੂੰ ਸੱਚ ਸਿਰਜਣਹਾਰਾ।
ਮੈਂ ਫੇਰ ਮਰਾਂ ਤੇਰੇ ਪੰਥ ਲਈ ਜੇ ਘੱਲੋਂ ਦੁਬਾਰਾ।

ਖਬਰੇ ਤਾਹੀਂ ਚੁਰਾਸੀਏ ਉਸ ਆਪ ਉਤਾਰਾ।
ਆਇਆ ਬਣ ਜਰਨੈਲੀ ਫਿਰ ਯੋਧਾ ਵੱਡ ਭਾਰਾ।

ਰਾਮਸਰ ਆ ਡਿੱਗਿਆ ਉਹ ਸਤਿਗੁਰ ਪਿਆਰਾ।
ਅਰਦਾਸ ਨਿਭਾਅ ਗਿਆ ਸੂਰਮਾ ਪਾ ਗਿਆ ਚੁਬਾਰਾ।

ਉਹ ਲੜਿਆ ਇਉਂ ਕਰ ਪੰਥ ਲਈ ਯੋਧਾ ਬਲਕਾਰਾ।
ਗੱਲਾਂ ਹੋਈਆਂ ਸ਼ੇਰ ਸਿੰਘ ਵਈ ਹਸ਼ਰ ਹਸ਼ਾਰਾ।।

# 'ਮਹਿਫਲ ਮਿੱਤਰਾਂ ਦੀ' ਬੈਨਰ ਹੇਠ ਪੰਜਾਬੀਅਤ ਨੂੰ ਪ੍ਰਣਾਏ ਕਲਾਕਾਰਾਂ ਨੇ ਲਾਈਆਂ ਰੌਣਕਾਂ

**ਫਰਿਜ਼ਨੋ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਵਿਦੇਸ਼ਾਂ ਵਿੱਚ ਪੰਜਾਬੀ ਮਾਂ ਬੋਲੀ ਅਤੇ ਗੁਰਮੁੱਖੀ ਨੂੰ ਸੱਭਿਆਚਾਰ ਨਾਲ ਜੋੜਦੇ ਹੋਏ, ਲੱਚਰਤਾ ਤੋਂ ਦੂਰ ਪੀੜੀ ਦਰ ਪੀੜੀ ਜਿੰਦਾ ਰੱਖਣ ਦੇ ਸੁਹਿਰਦ ਯਤਨ ਵਜੋਂ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਉੱਭਰ ਰਹੇ ਗੀਤਕਾਰ ਗੈਰੀ ਢੇਸੀ ਦੇ ਯਤਨਾਂ ਸਦਕਾ ਇਕ ਸ਼ਾਨਦਾਰ ਮਹਿਫਲ ਦਾ ਆਗਾਜ਼ ਸ਼ੁਭ ਸ਼ਗਨ ਸੀ। ਪੰਜਾਬੀਅਤ ਨੂੰ ਸਮਰਪਿਤ ਇਸ ਮਿਲਣੀ ਦੌਰਾਨ ਪੰਜਾਬੀ ਨੂੰ ਪ੍ਰਫੁਲਤ ਕਰਨ ਅਤੇ ਅਜੋਕੇ ਯੁੱਗ ਵਿੱਚ ਲੱਚਰਤਾ ਤੋਂ ਬਚਾਉਣ ਲਈ ਗੰਭੀਰ ਵਿਚਾਰਾਂ ਹੋਈਆਂ। ਇਸ ਮੌਕੇ ਚੰਗੇ ਗੀਤਾਂ ਦੀ ਹੋ ਰਹੀ ਚੋਰੀ ਅਤੇ ਉਨ੍ਹਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ 'ਤੇ ਵੀ ਚਿੰਤਾ ਪ੍ਰਗਟਾਈ ਗਈ। ਇਸ ਸਬੰਧੀ ਪੰਜਾਬ ਵਿੱਚ ਬਣੀਆਂ ਸੰਸਥਾਵਾਂ ਕੋਈ ਚੰਗਾ ਹੁੰਗਾਰਾ ਅਤੇ ਅੱਗੇ ਨਹੀਂ ਆ ਰਹੀਆਂ। ਅੱਜ-ਕੱਲ੍ਹ ਦੇ ਨਵੇਂ ਗਾਇਕਾਂ ਦੇ ਗੀਤ ਅਤੇ ਵੀਡੀਓ ਨਵੀਂ ਪੀੜ੍ਹੀ ਨੂੰ ਸੇਧ ਦੇਣ ਦੀ ਬਜਾਏ, ਗੁੰਮਰਾਹ



ਕਰਕੇ ਸੱਭਿਆਚਾਰ ਤੋਂ ਦੂਰ ਕਰ ਰਹੇ ਹਨ। ਸਮੁੱਚੇ ਪ੍ਰੋਗਰਾਮ ਦੌਰਾਨ ਗੱਲਬਾਤ ਤੋਂ ਇਲਾਵਾ ਇਕ ਸ਼ਾਨਦਾਰ ਮਹਿਫਲ ਵੀ ਮੰਨੋਰੰਜਨ ਦਾ ਕੇਂਦਰ ਰਹੀ। ਇਸ ਮਹਿਫ਼ਲ ਵਿੱਚ ਅਮਰੀਕਾ ਦੇ ਪ੍ਰਸਿੱਧ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ ਨੇ ਪੁਰਾਤਨ ਸੱਭਿਆਚਾਰ ਨੂੰ ਦਰਸਾਉਂਦੇ ਗੀਤਾਂ ਰਾਹੀਂ ਖ਼ੂਬ ਰੰਗ ਬੰਨਿਆਂ। ਇਸ ਤੋਂ ਇਲਾਵਾ ਨਵੇਂ-ਪੁਰਾਣੇ ਗੀਤਾਂ ਰਾਹੀਂ ਸਭ ਨੇ ਮਹਿਫ਼ਲ ਨੂੰ ਰੰਗੀਨ ਬਣਾਇਆ। ਹੋਰਨਾਂ ਤੋਂ ਇਲਾਵਾ ਗਾਇਕ ਅਵਤਾਰ ਗਰੇਵਾਲ ਦਿਲਦਾਰ ਮਿਊਜ਼ੀਕਲ ਗਰੁੱਪ, ਗੈਰੀ ਢੇਸ਼ੀ, ਗੁੱਲੂ ਸਿੱਧੂ ਬਰਾੜ, ਗੀਤਕਾਰ ਸਤਵੀਰ ਹੀਰ, ਗੀਤਕਾਰ ਪਾਲਾ ਢੇਸੀ, ਅਮਰੀਕ ਢਾਂਡਾ, ਕਮਲਜੀਤ ਬਾਸੀ ਸਮੇਤ ਪੰਜਾਬੀਅਤ ਨੂੰ ਪ੍ਰਣਾਏ ਸਾਹਿੱਤ ਪ੍ਰੇਮੀਆਂ ਨੇ ਹਾਜ਼ਰੀ ਭਰੀ।

# ਪੰਜਾਬੀ ਕਲਚਰਲ ਸੋਸਾਇਟੀ ਵਰਕਿੰਗ ਬੋਰਡ ਦੇ ਅਹੁਦੇਦਾਰਾਂ ਚੋਣ ਸੁਰਿੰਦਰ ਸਿੰਘ ਪਾਲੀਆ ਸਰਬ ਸੰਮਤੀ ਨਾਲ ਬਣਾਏ ਪ੍ਰਧਾਨ

**ਪੈਲਾਟਾਈਨ/ਬਿਊਰੋ ਨਿਊਜ਼:** ਪੰਜਾਬੀ ਕਲਚਰਲ ਸੋਸਾਇਟੀ (ਪੀ.ਸੀ.ਐਸ.) ਸ਼ਿਕਾਗੋ ਦੇ ਅਹੁਦੇਦਾਰਾਂ ਨੇ ਸਾਲ 2018 ਲਈ ਸੋਸਾਇਟੀ ਦਾ ਵਰਕਿੰਗ ਬੋਰਡ ਕਾਇਮ ਕੀਤਾ ਹੈ। ਪੀ.ਸੀ.ਐਸ.ਇਕ ਸਮਾਜਸੇਵੀ, ਗੈਰ ਮੁਨਾਫ਼ਾਕਾਰੀ ਅਤੇ ਕਮਿਊਨਿਟੀ ਦੀ ਸੇਵਾ ਕਰਨ ਵਾਲੀ ਸੰਸਥਾ ਹੈ ਜਿਸ ਦਾ ਮਕਸਦ ਭਾਰਤੀ ਭਾਈਚਾਰੇ ਵਿਚ ਪੰਜਾਬੀ ਸਭਿਆਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਅਮਰੀਕਾ ਵਾਸੀਆਂ ਨਾਲ ਇਸ ਨੂੰ ਸਾਂਝਾ ਕਰਨਾ ਹੈ। ਸੁਰਿੰਦਰ ਸਿੰਘ ਪਾਲੀਆ ਸਰਬ ਸੰਮਤੀ ਨਾਲ ਸਾਲ 2018 ਲਈ ਬੋਰਡ ਦੇ ਪ੍ਰਧਾਨ ਚੁਣੇ ਗਏ ਹਨ। ਸ੍ਰੀ ਪਾਲੀਆ ਪਹਿਲਾਂ ਵੀ ਕਈ ਵਾਰ ਬੋਰਡ 'ਚ ਕਈ ਆਹੁਦਿਆਂ 'ਤੇ ਰਹੇ ਹਨ। ਉਹ ਮਕੈਨੀਕਲ ਇੰਜਨੀਅਰਿੰਗ ਵਿਚ ਬੀ.ਈ. ਹਨ ਅਤੇ ਉਨਾਂ ਨੇ ਆਟੋ ਕੈਡ ਅਤੇ ਕੈਟੀਆ ਵੀ-5 ਡਿਪਲੋਮਾ ਕੀਤਾ ਹੋਇਆ ਹੈ। ਉਹ ਸਾਲ 1998 ਤੋਂ 2007 ਤੱਕ ਡੈਟਰੀਓਟ ਅਤੇ ਸ਼ਿਕਾਗੋ 'ਚ ਡਿਜ਼ਾਈਨ ਇੰਜਨੀਅਰ ਅਤੇ ਕੁਆਲਟੀ ਇੰਜੀਨੀਅਰ ਰਹੇ ਹਨ। ਹੁਣ ਉਨ੍ਹਾਂ ਦਾ ਆਪਣਾ ਕਾਰੋਬਾਰ ਹੈ। ਭੁਪਿੰਦਰ ਸਿੰਘ ਧਾਲੀਵਾਲ ਪੀ.ਸੀ.ਐਸ. ਦੇ 2018 ਲਈ ਆਨਰੇਰੀ ਚੇਅਰਮੈਨ ਚੁਣੇ ਗਏ ਹਨ। ਉਹ ਵੀ ਇੰਜਨੀਅਰ ਹਨ ਅਤੇ ਹੁਣ ਕਾਰੋਬਾਰ ਕਰ ਰਹੇ ਹਨ। ਭੁਪਿੰਦਰ ਸਿੰਘ ਧਾਲੀਵਾਲ ਭਾਰਤ ਵਿਚ ਰਕਬਾ ਪਿੰਡ ਦੇ ਜੰਮਪਲ ਹਨ। ਕਿਸਾਨਪਰਿਵਾਰ ਨਾਲ ਸਬੰਧਤ ਸ੍ਰੀ ਧਾਲੀਵਾਲ ਨੇ ਸਾਲ 1991 ਵਿਚ ਇਲੈਕਟ੍ਰਾਨਿਕ ਇੰਜਨੀਅਰਿੰਗ ਵਿਚ ਪੂਣੇ ਤੋ ਬੀ.ਈ. ਕੀਤੀ ਅਤੇ ਉਹ ਪੂਣੇ ਦੇ





ਇੰਜੀਨੀਅਰਿੰਗ ਕਾਲਜ ਵਿਚ ਸਟੂਡੈਂਟ ਕੌਂਸਲ ਦੇ ਪਹਿਲੇ ਸਿੱਖ ਪ੍ਰਧਾਨ ਚੁਣੇ ਗਏ। ਉਨ੍ਹਾਂ ਨੇ ਪੁਣੇ 'ਚ ਭਾਰਤ ਫੋਰਜ ਇੰਡਸਟਰੀਜ਼ ਵਿਚ ਇਕ ਸਾਲ ਲਈ ਬਤੌਰ ਇੰਜਨੀਅਰ ਕੰਮ ਕੀਤਾ।
ਬੋਰਡ ਦੇ ਹੋਰਨਾਂ ਡਾਇਰੈਕਟਰਾਂ ਵਿਚ ਬਿਕਰਮ ਸਿੰਘ ਚੌਹਾਨ, ਪਰਵਿੰਦਰ ਸਿੰਘ ਨਨੂਆ ਐਗਜ਼ੈਕਟਿਵ ਸਕੱਤਰ, ਮਨਜੀਤ ਸਿੰਘ ਭੱਲਾ ਵਿੱਤ ਸਕੱਤਰ, ਸੁਰਿੰਦਰ ਸਿੰਘ ਸੰਘਾ ਅੰਤਰ ਕਮਿਊਨਿਟੀ ਡਾਇਰੈਕਟਰ, ਰਾਏ ਬਰਿੰਦਰ ਸਿੰਘ ਘੋਤੜਾ ਖੇਡ ਡਾਇਰੈਕਟਰ ਚੁਣੇ ਗਏ ਹਨ।
ਪੀ.ਸੀ.ਐਸ. ਸ਼ਿਕਾਗੋ ਵਲੋਂ "ਰੰਗਲਾ ਪੰਜਾਬ 2018" ਲਈ ਐਸ.ਆਰ.ਐਸ. ਪੈਲਾਈਨ ਵਿਖੇ ਭੰਗੜੇ ਗਿੱਧੇ ਦੀ ਰਿਹਰਸਲ 28 ਜਨਵਰੀ ਤੋਂ ਸ਼ੁਰੂ ਕੀਤੀ ਜਾ ਰਹੀ ਹੈ।

# ਫੀਨਿਕਸ ਸਕੌਰਪੀਅਨ ਫੀਲਡ ਹਾਕੀ ਕਲੱਬ ਵਲੋਂ 11ਵਾਂ ਸਲਾਨਾ ਟੂਰਨਾਮੈਂਟ 20 ਤੇ 21 ਜਨਵਰੀ ਨੂੰ

**ਫੀਨਿਕਸ (ਐਰੀਜ਼ੋਨਾ)/ਹੁਸਨ ਲੜੋਆ ਬੰਗਾ:** ਫੀਨਿਕਸ ਸਕੌਰਪੀਅਨ ਫੀਲਡ ਹਾਕੀ ਕਲੱਬ ਵਲੋਂ 11ਵਾਂ ਸਲਾਨਾ ਫੀਲਡ ਹਾਕੀ ਟੂਰਨਾਮੈਂਟ 20 ਅਤੇ 21 ਜਨਵਰੀ ਨੂੰ ਵਿੱਚ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਭਾਰਤ,ਅਮਰੀਕਾ ਅਤੇ ਕੈਨੇਡਾ ਚੋਂ ਖਿਡਾਰੀ ਭਾਗ ਲੈਣਗੇ। ਇਸ ਟੂਰਨਾਮੈਂਟ ਵਿੱਚ 31 ਟੀਮਾਂ ਭਾਗ ਲੈਣਗੀਆਂ। ਟੂਰਨਾਮੈਂਟ ਦੌਰਾਨ ਚਾਰ ਵਰਗਾਂ ਵਿੱਚ ਮੈਚ ਖੇਡੇ ਜਾਣਗੇ। ਪੁਰਸ਼ ਵਰਗ ਵਿੱਚ ਚਾਰ, ਮਹਿਲਾ ਵਰਗ ਵਿੱਚ ਪੰਜ, ਅੰਡਰ-17 ਉਮਰ ਵਰਗ ਵਿੱਚ ਪੰਜ ਅਤੇ ਮਿਕਸ ਵਰਗ ਵਿੱਚ 17 ਟੀਮਾਂ ਭਾਗ ਲੈਣਗੀਆਂ।
ਟੂਰਨਾਮੈਂਟ ਬਾਰੇ ਜਾਣਕਾਰੀ ਦਿੰਦਿਆਂ ਕਲੱਬ ਦੇ ਮੈਂਬਰਾਂ ਸਿਮਰਜੀਤ ਸਿੰਘ, ਬਲਜੀਤ ਹੁੰਦਲ, ਬਲਜਿੰਦਰ ਖੋਸਲਾ ਅਤੇ ਮਨਮੋਹਨ ਬਰਾੜ ਨੇ ਦੱਸਿਆ ਕਿ ਹਰ ਸਾਲ ਇਸ ਟੂਰਨਾਮੈਂਟ ਨੂੰ ਭਰਵਾਂ ਹੁੰਗਾਰਾ ਮਿਲਦਾ ਹੈ ਤੇ ਇਸ ਸਾਲ ਵੀ ਪੂਰੇ ਉਤਰੀ ਅਮਰੀਕਾ ਅਤੇ ਭਾਰਤ ਤੋਂ ਖਿਡਾਰੀ ਇਸ ਟੂਰਨਾਮੈਂਟ ਦੀ ਸ਼ਾਨ ਬਣਨਗੇ। ਉਨ੍ਹਾਂ ਦੱਸਿਆ ਕਿ ਮਿਕਸ ਵਰਗ ਨੂੰ ਸਭ ਤੋਂ ਵੱਧ ਹੁੰਗਾਰਾ ਮਿਲਿਆ ਹੈ ਜਿਸ ਵਿੱਚ ਇੱਕ ਟੀਮ ਵਿੱਚ 9 ਖਿਡਾਰੀ ਇੱਕ ਟੀਮ ਵਲੋਂ ਖੇਡਦੇ ਹਨ। 9 ਖਿਡਾਰੀਆਂ ਦੀ ਟੀਮ ਵਿੱਚ 3 ਕੁੜੀਆਂ ਦਾ ਖੇਡਣਾ ਲਾਜ਼ਮੀ ਹੁੰਦਾ ਹੈ। ਭਾਰਤ ਤੋਂ ਸਾਬਕਾ ਉਲੰਪੀਅਨ ਦੀਪਕ ਠਾਕੁਰ, ਸਾਬਕਾ ਉਲੰਪੀਅਨ ਪ੍ਰਭਜੋਤ ਸਿੰਘ ਅਤੇ ਕੌਮਾਂਤਰੀ ਖਿਡਾਰੀ ਬਲਜੀਤ ਸਿੰਘ ਇਸ ਟੂਰਨਾਮੈਂਟ ਵਿੱਚ ਭਾਗ ਲੈਣ ਲਈ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ। ਦੱਸਣਯੋਗ ਹੈ ਕਿ ਐਰੀਜ਼ੋਨਾ (ਅਮਰੀਕਾ) ਸੂਬੇ ਦੇ ਸ਼ਹਿਰ ਫੀਨਿਕਸ ਵਿੱਚ ਫੀਲਡ ਹਾਕੀ ਦਾ ਬੂਟਾ ਲਾਉਣ ਦਾ ਸਿਹਰਾ ਪੰਜਾਬੀਆਂ ਨੂੰ ਜਾਂਦਾ ਹੈ ਜਿਹੜੇ ਪਿਛਲੇ 20 ਸਾਲਾਂ ਤੋਂ ਨਵੀਂ ਪੀੜ੍ਹੀ ਨੂੰ ਫੀਲਡ ਹਾਕੀ ਦੇ ਜ਼ਰੀਏ ਸਹੀ ਪਾਸੇ ਤੋਰਨ ਦਾ ਉਪਰਾਲਾ ਕਰ ਰਹੇ ਹਨ। ਇਸ ਕਲੱਬ ਅਤੇ ਟੂਰਨਾਮੈਂਟ ਦੀ ਖਾਸੀਅਤ ਇਹ ਹੈ ਕਿ ਇਸ ਸ਼ਹਿਰ ਵਿੱਚ ਪੰਜਾਬੀਆਂ ਦੇ ਇਸ ਹੰਭਲ਼ੇ ਤੋਂ ਪਹਿਲਾਂ ਫੀਲਡ ਹਾਕੀ ਦਾ ਨਾਮੋ-ਨਿਸ਼ਾਨ ਵੀ ਨਹੀਂ ਸੀ ਪਰ ਕਲੱਬ ਦੇ ਮੋਹਰੀ ਮੈਂਬਰਾਂ ਵਿੱਚੋਂ ਇੱਕ ਸਿਮਰਜੀਤ ਸਿੰਘ ਦਾ ਖੇਡ ਪਿਛੋਕੜ ਫੀਲਡ ਹਾਕੀ ਨਾਲ਼ ਹੋਣ ਕਰਕੇ ਉਨ੍ਹਾਂ ਇਸ ਖੇਡ ਦਾ ਬੂਟਾ ਇਸ ਰੇਗਸਤਾਨੀ ਸ਼ਹਿਰ ਵਿੱਚ ਲਾਉਣ ਦਾ ਬੀੜਾ ਚੁੱਕਿਆ।ਸਿਮਰਜੀਤ ਸਿੰਘ ਦਾ ਪਰਿਵਾਰ ਨਾਭਾ ਦੇ ਲਿਬਰਲਜ਼ ਹਾਕੀ ਟੂਰਨਾਮੈਂਟ ਨਾਲ਼ ਜੁੜਿਆ ਰਿਹਾ ਹੈ ।

## ਮੋਦੀ ਦਾ ਕੇਜਰੀਵਾਲ ਸਰਕਾਰ ਉੱਤੇ ਕੋਝਾ ਵਾਰ

'ਆਪ' ਨੂੰ ਤੁਰੰਤ ਕੋਈ ਰਾਹਤ ਦੇਣ ਤੋਂ ਇਨਕਾਰ ਕਰਦਿਆਂ ਮਾਮਲੇ ਦੀ ਸੁਣਵਾਈ 22 ਜਨਵਰੀ 'ਤੇ ਪਾ ਦਿੱਤੀ ਸੀ। ਜਿਨ੍ਹਾਂ ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤਾ ਗਿਆ ਉਨ੍ਹਾਂ ਵਿਚ ਸ਼ਰਦ ਕੁਮਾਰ (ਨਰੇਲਾ ਵਿਧਾਨ ਸਭਾ), ਸੋਮ ਦੱਤ (ਸਦਰ ਬਾਜ਼ਾਰ), ਆਦਰਸ਼ ਸ਼ਾਸਤਰੀ (ਦਵਾਰਕਾ), ਅਵਤਾਰ ਸਿੰਘ (ਕਾਲਕਾਜੀ), ਨਿਤਿਨ ਤਿਆਗੀ (ਲਕਸ਼ਮੀ), ਅਨਿਲ ਕੁਮਾਰ ਵਾਜਪੇਈ (ਗਾਂਧੀ ਨਗਰ), ਮਦਨ ਲਾਲ (ਕਸਤੂਰਬਾ ਨਗਰ), ਵਿਜੇਂਦਰ ਗਰਗ ਵਿਜੇ (ਰਾਜੇਂਦਰ ਨਗਰ), ਸ਼ਿਵਚਰਨ ਗੋਇਲ (ਮੋਤੀ ਨਗਰ), ਸੰਜੀਵ ਝਾਅ (ਬੁਰਾੜੀ), ਕੈਲਾਸ਼ ਗਹਿਲੋਤ (ਨਜ਼ਫ਼ਗੜ੍ਹ) ਸਰਿਤਾ ਸਿੰਘ (ਰੋਹਤਾਸ਼ ਨਗਰ), ਅਲਕਾ ਲਾਂਬਾ (ਚਾਂਦਨੀ ਚੌਕ), ਨਰੇਸ਼ ਯਾਦਵ (ਮਹਿਰੌਲੀ), ਮਨੋਜ ਕੁਮਾਰ (ਕੌਂਡਲੀ), ਰਾਜੇਸ਼ ਗੁਪਤਾ (ਵਜ਼ੀਰਪੁਰ) ਰਾਜੇਸ਼ ਰਿਸ਼ੀ (ਜਨਕਪੁਰੀ), ਸੁਖਬੀਰ ਸਿੰਘ ਦਲਾਲ (ਮੁੰਡਕਾ), ਜਰਨੈਲ ਸਿੰਘ (ਤਿਲਕ ਨਗਰ) ਅਤੇ ਪ੍ਰਵੀਣ ਕੁਮਾਰ (ਜੰਗਪੁਰਾ) ਸ਼ਾਮਲ ਹਨ।

### ਲਾਭ ਵਾਲੇ ਅਹਿਦਿਆਂ ਦਾ ਮਾਮਲਾ

ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਨੇ ਮਾਰਚ 2015 ਨੂੰ ਉਪ ਰਾਜਪਾਲ ਦੀ ਮਨਜ਼ੂਰੀ ਬਿਨਾਂ 21 ਵਿਧਾਇਕਾਂ ਨੂੰ ਸੰਸਦੀ ਸਕੱਤਰ ਨਿਯੁਕਤ ਕੀਤਾ ਸੀ। ਇਨ੍ਹਾਂ ਨਿਯੁਕਤੀਆਂ ਨੂੰ ਲਾਭ ਵਾਲਾ ਅਹੁਦਾ ਦੱਸਦੇ ਹੋਏ ਪ੍ਰਸ਼ਾਂਤ ਪਟੇਲ ਨਾਂਅ ਦੇ ਇਕ ਵਕੀਲ ਨੇ ਰਾਸ਼ਟਰਪਤੀ ਕੋਲ ਸ਼ਿਕਾਇਤ ਕਰਕੇ ਇਨ੍ਹਾਂ ਵਿਧਾਇਕਾਂ ਦੀ ਮੈਂਬਰਸ਼ਿਪ ਖਤਮ ਕਰਨ ਦੀ ਮੰਗ ਕੀਤੀ ਸੀ। ਰਾਜੌਰੀ ਗਾਰਡਨ ਤੋਂ 'ਆਪ' ਦੇ ਵਿਧਾਇਕ ਜਰਨੈਲ ਸਿੰਘ ਵਲੋਂ ਪੰਜਾਬ ਤੋਂ ਚੋਣ ਲੜਨ ਕਰਕੇ ਪਿਛਲੇ ਸਾਲ ਦਿੱਲੀ ਵਿਧਾਨ ਸਭਾ ਤੋਂ ਅਸਤੀਫਾ ਦੇਣ ਕਾਰਨ ਇਸ ਮਾਮਲੇ ਵਿਚ ਫਸੇ ਵਿਧਾਇਕਾਂ ਦੀ ਗਿਣਤੀ ਘਟ ਕੇ 20 ਰਹਿ ਗਈ ਸੀ।

### ਮੋਦੀ ਸਰਕਾਰ ਦੀਆਂ ਸਾਜ਼ਿਸ਼ਾਂ

ਜਦੋਂ ਦੀ ਕੇਜਰੀਵਾਲ ਦੀ ਸਰਕਾਰ ਦਿੱਲੀ ਵਿਚ ਬਣੀ ਹੈ, ਮੋਦੀ ਸਰਕਾਰ ਨੇ ਉਸ ਨੂੰ ਚੈਨ ਨਾਲ ਰਾਜ ਨਹੀਂ ਕਰਨ ਦਿੱਤਾ ਤੇ ਉਸ ਦੀ ਸਰਕਾਰ ਨੂੰ ਡੇਗਣ ਦੀਆਂ ਸਾਜ਼ਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ ਹਨ। ਰਾਜਨੀਤਕ ਮਾਹਿਰਾਂ ਅਨੁਸਾਰ ਚੋਣ ਕਮਿਸ਼ਨ ਵਾਲਾ ਇਹ ਕਦਮ ਵੀ ਇਸੇ ਸਾਜ਼ਿਸ਼ ਦਾ ਹਿੱਸਾ ਹੈ। ਇਸ ਮਸਲੇ ਉੱਤੇ ਭਾਜਪਾ ਅਤੇ ਕਾਂਗਰਸ ਇੱਕ ਪਾਲੇ ਵਿੱਚ ਖੜੀਆਂ ਨਜ਼ਰ ਆਉਂਦੀਆਂ ਹਨ।

ਆਮ ਆਦਮੀ ਪਾਰਟੀ ਮੋਦੀ ਸਰਕਾਰ ਦੀ ਸ਼ਹਿ ਉੱਤੇ ਚੋਣ ਕਮਿਸ਼ਨ ਉੱਤੇ ਧੱਕੇਸ਼ਾਹੀ ਦਾ ਇਲਜ਼ਾਮ ਲਾ ਰਹੀ ਹੈ, ਜਦੋਂ ਕਿ ਭਾਰਤ ਵਿੱਚ ਵੱਖ-ਵੱਖ ਸੂਬਿਆਂ ਵਿੱਚ ਸੰਸਦੀ ਸਕੱਤਰਾਂ ਦੀ ਨਿਯੁਕਤੀ ਹੋਈ ਹੈ। ਆਮ ਆਦਮੀ ਪਾਰਟੀ ਦਾ ਤਰਕ ਹੈ ਕਿ ਉਨ੍ਹਾਂ ਨੇ ਸੰਸਦੀ ਸਕੱਤਰਾਂ ਦੀ ਨਿਯੁਕਤੀ ਤਾਂ ਕਰ ਦਿੱਤੀ, ਪ੍ਰੰਤੂ ਉਨ੍ਹਾਂ ਦੇ ਨਿਯੁਕਤੀ ਪੱਤਰ ਵਿੱਚ ਹੀ ਸਾਫ਼ ਲਿਖਿਆ ਹੋਇਆ ਸੀ ਕਿ ਉਨ੍ਹਾਂ ਨੂੰ ਕੋਈ ਮਾਇਕ ਲਾਭ, ਅਰਥਾਤ ਤਨਖ਼ਾਹ, ਘਰ ਅਤੇ ਬਾਕੀ ਸਹੂਲਤਾਂ ਨਹੀਂ ਮਿਲਣਗੀਆਂ ਅਤੇ ਇਸ ਤਰ੍ਹਾਂ ਇਹ ਲਾਭ ਦਾ ਪਦ ਬਣਦਾ ਹੀ ਨਹੀਂ। ਇਸ ਲਈ ਇਸ ਨੂੰ ਲਾਭ ਦੇ ਦਾਇਰੇ ਵਿੱਚ ਨਹੀਂ ਰੱਖਿਆ ਜਾ ਸਕਦਾ। ਆਮ ਆਦਮੀ ਪਾਰਟੀ ਦਿੱਲੀ ਦੀਆਂ ਪਿਛਲੀਆਂ ਸਰਕਾਰਾਂ ਦਾ ਹਵਾਲਾ ਦੇ ਰਹੀ ਹੈ ਕਿ ਉਨ੍ਹਾਂ ਨੇ ਵੀ ਸੰਸਦੀ ਸਕੱਤਰ ਬਣਾਏ ਸਨ, ਪਰ ਕਾਰਵਾਈ ਕਿਉਂ ਨਹੀਂ ਹੋਈ ਤੇ ਹੁਣ 'ਆਪ' ਸਰਕਾਰ 'ਤੇ ਕਿੰਞ ਹੋ ਗਈ?

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 'ਆਪ' ਦੇ 20 ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤੇ ਜਾਣ ਪਿੱਛੋਂ ਕੇਂਦਰ 'ਤੇ ਹਮਲਾ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਉਨ੍ਹਾਂ ਦੀ ਸਰਕਾਰ ਨੂੰ ਜਾਣ ਬੁਝ ਕੇ ਪ੍ਰੇਸ਼ਾਨ ਕਰ ਰਹੀ ਹੈ। ਬੀਜੇਪੀ ਅਤੇ ਕਾਂਗਰਸ ਉਸ ਤੋਂ ਵਿਧਾਨ ਸਭਾ ਦੀ ਚੋਣ ਵਿੱਚ ਹੋਈ ਨਮੋਸ਼ੀ ਭਰੀ ਹਾਰ ਦਾ ਬਦਲਾ ਲੈ ਰਹੀਆਂ ਹਨ। ਉਨ੍ਹਾਂ ਨੇ ਸਾਡੇ ਉੱਪਰ ਤੇ ਸਾਡੇ ਵਿਧਾਇਕਾਂ 'ਤੇ ਝੂਠੇ ਕੇਸ ਠੋਸੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਮੇਰੇ ਦਫ਼ਤਰ 'ਤੇ ਸੀ. ਬੀ. ਆਈ. ਦਾ ਛਾਪਾ ਮਰਵਾਇਆ ਪਰ 24 ਘੰਟੇ ਦੀ ਛਾਣਬੀਣ ਪਿੱਛੋਂ ਉਨ੍ਹਾਂ ਨੂੰ ਮੇਰੇ ਸਿਰਫ ਚਾਰ ਮੱਫਲਰ ਲੱਭੇ। ਸਾਡੇ ਵਿਧਾਇਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਕੇਜਰੀਵਾਲ ਨੇ ਦੱਸਿਆ ਕਿ ਪਿਛਲੇ ਦੋ ਸਾਲਾਂ ਵਿਚ ਉਪ ਰਾਜਪਾਲ ਨੇ ਦਿੱਲੀ ਸਰਕਾਰ ਦੀਆਂ ਫ਼ੈਸਲਿਆਂ ਨਾਲ ਸਬੰਧਿਤ 400 ਫਾਈਲਾਂ ਮੰਗਵਾਈਆਂ ਹਨ ਪਰ ਉਨ੍ਹਾਂ ਨੂੰ ਸਾਡੇ ਖਿਲਾਫ ਕੁਝ ਨਹੀਂ ਲੱਭਾ। ਉਨ੍ਹਾਂ ਨੂੰ ਜਦੋਂ ਸਾਡੇ ਖਿਲਾਫ ਕੁਝ ਵੀ ਨਹੀਂ ਲੱਭਾ ਤਾਂ ਅੱਜ ਉਨ੍ਹਾਂ ਨੇ ਸਾਡੇ 20 ਵਿਧਾਇਕਾਂ ਨੂੰ ਅਯੋਗ ਕਰਾਰ ਦੇ ਦਿੱਤਾ। 'ਆਪ' ਦੇ ਸੀਨੀਅਰ ਆਗੂ ਆਸ਼ੂਤੋਸ਼ ਨੇ ਕਿਹਾ ਕਿ ਰਾਸ਼ਟਰਪਤੀ ਦਾ 'ਆਪ' ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦਾ ਹੁਕਮ ਗੈਰ-ਸੰਵਿਧਾਨਕ ਅਤੇ ਲੋਕਤੰਤਰ ਲਈ ਖਤਰਨਾਕ ਹੈ। ਅਲਕਾ ਲਾਂਬਾ ਜਿਸ ਨੂੰ ਵੀ ਅਯੋਗ ਕਰਾਰ ਦਿੱਤਾ ਗਿਆ ਹੈ ਨੇ ਕਿਹਾ ਕਿ ਫ਼ੈਸਲਾ ਦੁੱਖਦਾਇਕ ਹੈ ਅਤੇ ਰਾਸ਼ਟਰਪਤੀ ਨੂੰ ਕਿਸੇ ਸਿੱਟੇ 'ਤੇ ਪੁੱਜਣ ਤੋਂ ਪਹਿਲਾਂ ਉਨ੍ਹਾਂ ਦਾ ਪੱਖ ਸੁਣਨਾ ਚਾਹੀਦਾ ਸੀ।

'ਆਪ' ਦੇ 20 ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤੇ ਜਾਣ ਦੇ ਬਾਵਜੂਦ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਸਰਕਾਰ ਨੂੰ ਕੋਈ ਖਤਰਾ ਨਹੀਂ। 70 ਮੈਂਬਰੀ ਵਿਧਾਨ ਸਭਾ ਵਿਚ ਆਮ ਆਦਮੀ ਪਾਰਟੀ ਦੇ 67 ਵਿਧਾਇਕ ਸਨ ਪਰ ਪਿਛਲੇ ਸਾਲ ਰਾਜੌਰੀ ਗਾਰਡਨ ਤੋਂ 'ਆਪ' ਦੇ ਵਿਧਾਇਕ ਜਰਨੈਲ ਸਿੰਘ ਵਲੋਂ ਵਿਧਾਨ ਸਭਾ ਤੋਂ ਅਸਤੀਫਾ ਦਿੱਤੇ ਜਾਣ ਕਾਰਨ ਇਸ ਦੇ ਮੈਂਬਰਾਂ ਦੀ ਗਿਣਤੀ ਘਟ ਕੇ 66 ਰਹਿ ਗਈ ਸੀ। ਹੁਣ 20 ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤੇ ਜਾਣ ਕਾਰਨ 'ਆਪ' ਦੇ ਵਿਧਾਇਕਾਂ ਦੀ ਗਿਣਤੀ 46 ਰਹਿ ਗਈ ਹੈ ਜਦਕਿ ਵਿਧਾਨ ਸਭਾ ਵਿਚ ਬਹੁਮਤ ਸਾਬਤ ਕਰਨ ਲਈ 36 ਮੈਂਬਰਾਂ ਦੀ ਲੋੜ ਹੈ।

'ਆਪ' ਦੇ 20 ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦੇ ਮਾਮਲੇ 'ਤੇ ਪਾਰਟੀ ਦੇ ਸੀਨੀਅਰ ਆਗੂ ਅਤੇ ਦਿੱਲੀ ਸਰਕਾਰ ਦੇ ਮੰਤਰੀ ਗੋਪਾਲ ਰਾਏ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਫ਼ੈਸਲੇ ਖਿਲਾਫ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਵੇਗੀ।

ਲਾਭ ਵਾਲੇ ਅਹੁਦੇ ਕਾਰਨ ਅਯੋਗ ਠਹਿਰਾਏ ਗਏ 'ਆਪ' ਦੇ 20 ਵਿਧਾਇਕਾਂ ਨੇ ਚੋਣ ਕਮਿਸ਼ਨ ਦੀ ਸਿਫ਼ਾਰਸ਼, ਜਿਸ ਦੇ ਆਧਾਰ 'ਤੇ ਰਾਸ਼ਟਰਪਤੀ ਨੇ ਇਨ੍ਹਾਂ ਨੂੰ ਬਰਖ਼ਾਸਤ ਕਰਨ 'ਤੇ ਮੋਹਰ ਲਾਈ ਹੈ, ਖ਼ਿਲਾਫ਼ ਪਾਈਆਂ ਅਰਜ਼ੀਆਂ ਦਿੱਲੀ ਹਾਈ ਕੋਰਟ ਵਿੱਚੋਂ ਵਾਪਸ ਲੈ ਲਈਆਂ ਹਨ। ਇਨ੍ਹਾਂ 20 ਵਿਧਾਇਕਾਂ, ਜਿਨ੍ਹਾਂ ਦੀ ਸੰਸਦੀ ਸਕੱਤਰ ਵਜੋਂ ਨਿਯੁਕਤੀ 'ਤੇ ਸਵਾਲ ਉੱਠੇ ਸਨ, ਨੇ ਹਾਈ ਕੋਰਟ ਨੂੰ ਦੱਸਿਆ ਕਿ ਅਸੈਂਬਲੀ ਸੀਟਾਂ ਤੋਂ ਲਾਂਭੇ ਕੀਤੇ ਜਾਣ ਖ਼ਿਲਾਫ਼ ਉਨ੍ਹਾਂ ਵੱਲੋਂ ਨਵੀਆਂ ਪਟੀਸ਼ਨਾਂ ਦਾਖ਼ਲ ਕੀਤੀਆਂ ਜਾਣਗੀਆਂ ਕਿਉਂਕਿ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਚੋਣ ਕਮਿਸ਼ਨ ਦੀ ਸਿਫ਼ਾਰਿਸ਼ 'ਤੇ ਮੋਹਰ ਲਾਏ ਜਾਣ ਬਾਅਦ ਇਹ ਪਟੀਸ਼ਨਾਂ ਨਿਹਫਲ ਹੋ ਗਈਆਂ ਹਨ। ਜਸਟਿਸ ਰੇਖਾ ਪੱਲੀ ਨੇ ਇਨ੍ਹਾਂ ਵਿਧਾਇਕਾਂ ਨੂੰ ਪਟੀਸ਼ਨਾਂ ਵਾਪਸ ਲੈਣ ਦੀ ਆਗਿਆ ਦੇ ਦਿੱਤੀ।

### ਯਸ਼ਵੰਤ ਤੇ ਸ਼ਤਰੂ ਬਣੇ 'ਆਪ' ਦੇ ਦੋਸਤ

'ਆਪ' ਦੇ 20 ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤੇ ਜਾਣ ਬਾਅਦ ਭਾਜਪਾ ਦੇ ਬਾਗੀ ਆਗੂ ਯਸ਼ਵੰਤ ਸਿਨਹਾ ਅਤੇ ਸ਼ਤਰੂਘਨ ਸਿਨਹਾ ਆਮ ਆਦਮੀ ਪਾਰਟੀ ਦੇ ਸਮਰਥਨ 'ਤੇ ਆ ਗਏ ਹਨ। ਯਸ਼ਵੰਤ ਸਿਨਹਾ ਨੇ ਤਾਂ ਰਾਸ਼ਟਰਪਤੀ ਦੇ ਇਸ ਫ਼ੈਸਲੇ ਨੂੰ 'ਤੁਗਲਕਸ਼ਾਹੀ' ਫ਼ੁਰਮਾਨ ਕਰਾਰ ਦਿੱਤਾ ਹੈ। ਯਸ਼ਵੰਤ ਸਿਨਹਾ ਨੇ ਟਵੀਟ ਕੀਤਾ, 'ਰਾਸ਼ਟਰਪਤੀ ਦਾ ਹੁਕਮ ਪੂਰੀ ਤਰ੍ਹਾਂ ਕੁਦਰਤੀ ਨਿਆਂ ਦੇ ਉਲਟ ਹੈ। ਕੋਈ ਸੁਣਵਾਈ ਨਹੀਂ, ਹਾਈ ਕੋਰਟ ਦੇ ਫ਼ੈਸਲਾ ਦਾ ਇੰਤਜ਼ਾਰ ਨਹੀਂ। ਇਹ ਤੁਗਲਕਸ਼ਾਹੀ ਫ਼ਰਮਾਨ ਹੈ।' ਭਾਜਪਾ ਦੇ ਸੰਸਦ ਮੈਂਬਰ ਸ਼ਤਰੂਘਨ ਨੇ ਕਿਹਾ ਕਿ 'ਆਪ' ਪਾਰਟੀ ਖ਼ਿਲਾਫ਼ 'ਬਦਲੇ ਵਾਲੀ ਸਿਆਸਤ' ਜ਼ਿਆਦਾ ਸਮਾਂ ਨਹੀਂ ਚੱਲੇਗੀ। ਉਨ੍ਹਾਂ ਨੇ ਟਵੀਟ ਕੀਤਾ, 'ਵੈਰ ਵਾਲੀ ਜਾਂ ਨਿੱਜੀ ਹਿੱਤਾਂ ਵਾਲੀ ਸਿਆਸਤ ਜ਼ਿਆਦਾ ਦੇਰ ਨਹੀਂ ਚੱਲਦੀ। ਫਿਕਰ ਨਾ ਕਰੋ, ਖੁਸ਼ ਰਹੋ।'

### ਕੇਜਰੀਵਾਲ ਮੁੱਖ ਮੰਤਰੀ ਦਾ ਅਹੁਦਾ ਛੱਡੇ : ਬਾਦਲ ਦਲ

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਹੈ ਕਿ ਭਾਰਤ ਦੇ ਰਾਸ਼ਟਰਪਤੀ ਵਲੋਂ 'ਆਪ' ਦੇ 20 ਵਿਧਾਇਕਾਂ ਨੂੰ ਆਯੋਗ ਕਰਾਰ ਦਿੱਤੇ ਜਾਣ ਦੇ ਫ਼ੈਸਲੇ 'ਤੇ ਲਾਈ ਮੋਹਰ ਨੇ ਇਸ ਦਾ ਗੱਲ ਦਾ ਖੁਲਾਸਾ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਸੰਸਦੀ ਸਕੱਤਰਾਂ ਵਜੋਂ ਨਿਯੁਕਤੀ ਗ਼ੈਰ-ਕਾਨੂੰਨੀ ਅਤੇ ਗ਼ੈਰ-ਸੰਵਿਧਾਨਿਕ ਸੀ, ਇਸ ਲਈ ਹੁਣ ਕੇਜਰੀਵਾਲ ਨੂੰ ਇਸ ਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ।

## ਸਿੱਖ ਯੂਥ ਆਫ ਅਮਰੀਕਾ ਨੂੰ ਹੋਰ ਸਰਗਰਮ ਕਰਨ ਦਾ ਅਹਿਦ

ਉਪਰੰਤ ਭਾਈ ਜਸਵੰਤ ਸਿੰਘ ਹੋਠੀ ਨੇ ਨਵੀਂ ਤਜਵੀਜ਼ ਪੇਸ਼ ਕਰਦਿਆਂ ਕਿਹਾ ਕਿ ਭਾਈ ਜਸਵਿੰਦਰ ਸਿੰਘ ਜੰਡੀ ਜਥੇਬੰਦੀ ਦੇ ਪੱਛਮੀ ਤੱਟ (West Coast) ਦੀ ਅਗਵਾਈ ਕਰਦੇ ਰਹੇ ਹਨ ਤੇ ਉਨਾਂ ਦੀ ਅਗਵਾਈ ਵਿਚ ਜਥੇਬੰਦੀ ਨੇ ਪੰਥ ਦੀ ਬਹੁਤ ਸੇਵਾ ਕੀਤੀ ਹੈ ਤੇ ਇਕ ਵਾਰ ਫਿਰ ਉਨਾਂ ਦੀ ਅਗਵਾਈ ਵਿਚ ਅੱਗੇ ਵਧਣ ਦੀ ਲੋੜ ਹੈ ਤਾਂ ਕਿ ਮਿੱਥੇ ਸਮੇਂ ਵਿਚ ਪੂਰੇ ਕੀਤੇ ਜਾਣ ਵਾਲੇ ਸੇਵਾ ਦੇ ਕਾਰਜ ਅੱਗੇ ਵਧਾਏ ਜਾਣ। ਸਭਨਾਂ ਵਲੋਂ ਜੈਕਾਰੇ ਬੁਲਾ ਕੇ ਭਾਈ ਜਸਵਿੰਦਰ ਸਿੰਘ ਜੰਡੀ ਨੂੰ ਜ਼ਿਮੇਵਾਰੀ ਸੌਂਪਕੇ ਜਥੇਬੰਦੀ ਵਿਚ ਨਵੀਂ ਰੂਹ ਫੂਕਣ ਲਈ ਅਰਦਾਸ ਬੇਨਤੀ ਕੀਤੀ ਗਈ। ਭਾਈ ਜੰਡੀ ਨੇ ਉਨਾਂ ਉਪਰ ਪਾਈ ਗਈ ਨਵੀਂ ਸੇਵਾ ਤੇ ਜ਼ਿੰਮੇਵਾਰੀ ਲਈ ਸਭ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਸਭ ਨਾਲ ਮਿਲ ਕੇ ਚਲਦਿਆਂ ਸੇਵਾ ਦੇ ਕਾਰਜ ਨੂੰ ਨੇਪਰੇ ਚਾੜਨ ਲਈ ਪੁਰਜ਼ੋਰ ਯਤਨ ਕਰਨਗੇ।

ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਮਨਜੀਤ ਸਿੰਘ ਬਰਾੜ ਨੇ ਵਿਸ਼ੇਸ਼ ਤੌਰ ਤੇ ਇਸ ਵਿਚਾਰ ਵਟਾਂਦਰੇ ਵਿਚ ਹਿੱਸਾ ਲੈਂਦਿਆਂ ਸਭ ਨੂੰ ਸਹਿਯੋਗ ਦੇਣ ਲਈ ਬੇਨਤੀਆਂ ਕੀਤੀਆਂ। ਇਸ ਭਰੇ ਹੋਏ ਇਕੱਠ ਵਿਚ ਹੇਅਵਰਡ, ਫਰੀਮਾਂਟ, ਯੂਨੀਅਨ ਸਿਟੀ, ਸੈਨਹੋਜ਼ੇ, ਟਰੇਸੀ, ਮਨਟੀਕਾ, ਟਰਲਕ, ਮੋਡੈਸਟੋ, ਲੈਥਰੋਪ,ਸਟਾਕਟਨ ਤੇ ਹੋਰਨਾਂ ਥਾਂਵਾਂ ਤੋਂ ਜਥੇਬੰਦੀ ਦੇ ਮੈਂਬਰ ਸ਼ਾਮਲ ਹੋਏ।

## ਸੀਬੀਆਈ ਦੇ ਵਿਸ਼ੇਸ਼ ਜੱਜ ਬੀ ਐਚ ਲੋਯਾ ਦੀ ਸ਼ੱਕੀ ਮੌਤ ਸਬੰਧੀ ਸਵਾਲਾਂ ਦੀਆਂ ਗੁੰਝਲਾਂ ਸੁਲਝਾਏਗਾ ਸੁਪਰੀਮ ਕੋਰਟ

ਦੋਸ਼ ਲਾਇਆ ਕਿ ਉਨ੍ਹਾਂ (ਅਮਿਤ ਸ਼ਾਹ) ਨੂੰ ਬਚਾਉਣ ਦਾ ਹਰਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਮਹਾਰਾਸ਼ਟਰ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਹਰੀਸ਼ ਸਾਲਵੇ ਵੱਲੋਂ ਤਿੱਖਾ ਵਿਰੋਧ ਜਤਾਏ ਜਾਣ ਮਗਰੋਂ ਬੈਂਚ ਨੇ ਕਿਹਾ,"ਅੱਜ ਤਕ ਤਾਂ ਇਹ ਕੁਦਰਤੀ ਮੌਤ ਜਾਪਦੀ ਹੈ। ਤੁਸੀਂ ਇਲਜ਼ਾਮਤਰਾਸ਼ੀ ਨਾ ਕਰੋ।" ਸੁਣਵਾਈ ਦੌਰਾਨ ਚੀਫ਼ ਜਸਟਿਸ ਉਸ ਸਮੇਂ ਗੁੱਸੇ 'ਚ ਆ ਗਏ ਜਦੋਂ ਵਕੀਲ ਇੰਦਰਾ ਜੈਸਿੰਘ ਨੇ ਦਲੀਲ ਦਿੱਤੀ ਕਿ ਭਵਿੱਖ 'ਚ ਸਿਖਰਲੀ ਅਦਾਲਤ ਵੱਲੋਂ ਕੇਸ 'ਚ ਮੀਡੀਆ ਦੀ ਆਵਾਜ਼ ਦਬਾਈ ਜਾ ਸਕਦੀ ਹੈ। ਉਨ੍ਹਾਂ ਕਿਹਾ,"ਇਹ ਠੀਕ ਨਹੀਂ ਹੈ। ਤੁਸੀਂ ਮੇਰੇ ਨਾਲ ਇੰਜ ਨਹੀਂ ਕਰ ਸਕਦੇ।" ਜੈਸਿੰਘ ਨੇ ਤੁਰੰਤ ਆਪਣੇ ਬਿਆਨ ਤੋਂ ਪਾਸਾ ਵੱਟਿਆ ਅਤੇ ਬਿਆਨ ਲਈ ਮੁਆਫ਼ੀ ਮੰਗੀ।

ਇਸ ਤੋਂ ਪਹਿਲਾਂ ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਹੇਠਲਾ ਬੈਂਚ, ਕਾਂਗਰਸ ਆਗੂ ਤਹਿਸੀਨ ਪੂਨਾਵਾਲਾ ਅਤੇ ਮਹਾਰਾਸ਼ਟਰ ਦੇ ਪੱਤਰਕਾਰ ਬੀ ਐਸ ਲੋਨੇ ਵੱਲੋਂ ਦਾਖ਼ਲ ਕੀਤੀਆਂ ਦੋ ਪਟੀਸ਼ਨਾਂ ਦੀ ਸੁਣਵਾਈ ਤੋਂ ਲਾਂਭੇ ਹੋ ਗਿਆ ਸੀ ਅਤੇ ਕਿਹਾ ਸੀ ਕਿ ਢੁਕਵੇਂ ਬੈਂਚ ਮੂਹਰੇ ਇਹ ਮਾਮਲਾ ਉਠਾਇਆ ਜਾਣਾ ਚਾਹੀਦਾ ਹੈ। ਇਸ ਮਗਰੋਂ ਇਨ੍ਹਾਂ ਦੋ ਕੇਸਾਂ ਨੂੰ ਅੱਜ ਚੀਫ਼ ਜਸਟਿਸ ਦੀ ਅਗਵਾਈ ਹੇਠਲੇ ਬੈਂਚ ਮੂਹਰੇ ਸੂਚੀਬੱਧ ਕੀਤਾ ਗਿਆ ਸੀ। ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਜਸਟਿਸ ਜੇ ਚੇਲਾਮੇਸ਼ਵਰ, ਰੰਜਨ ਗੋਗੋਈ, ਐਮ ਬੀ ਲੋਕੁਰ ਅਤੇ ਕੁਰੀਅਨ ਜੋਜ਼ੇਫ਼ ਨੇ ਕੁਝ ਦਿਨ ਪਹਿਲਾਂ ਪ੍ਰੈੱਸ ਕਾਨਫਰੰਸ ਕਰਕੇ ਲੋਯਾ ਦੀ ਮੌਤ ਸਬੰਧੀ ਕੇਸ ਸਮੇਤ ਹੋਰ ਸੰਜੀਦਾ ਕੇਸਾਂ ਦੀ ਵੰਡ ਬਾਰੇ ਸਵਾਲ ਉਠਾਏ ਸਨ।

## ਮਨੁੱਖੀ ਅਧਿਕਾਰ ਕਮਿਸ਼ਨ ਹੁਣ ਵਟਸਐਪ ਰਾਹੀਂ ਭੇਜੀਆਂ ਸ਼ਿਕਾਇਤਾਂ ਉੱਤੇ ਵੀ ਕਰਿਆ ਕਰੇਗਾ ਗੌਰ

ਆਮ ਲੋਕਾਂ ਨੂੰ ਪੰਜਾਬੀ ਵਿੱਚ ਸ਼ਿਕਾਇਤਾਂ ਦੇਣ ਦੀ ਸਹੂਲਤ ਵੀ ਰੱਖੀ ਹੈ, ਪਰ ਕਮਿਸ਼ਨ ਆਪਣਾ ਕੰਮ ਅਜੇ ਵੀ ਅੰਗਰੇਜ਼ੀ ਵਿੱਚ ਕਰ ਰਿਹਾ ਹੈ।

ਕਮਿਸ਼ਨ ਨੂੰ ਹਰ ਰੋਜ਼ ਦੋ ਸੌ ਤੋਂ ਢਾਈ ਸੌ ਤੱਕ ਦਰਖ਼ਾਸਤਾਂ ਮਿਲਦੀਆਂ ਹਨ। ਇਨ੍ਹਾਂ ਵਿੱਚੋਂ ਅੱਸੀ ਫ਼ੀਸਦ ਤੋਂ ਵੱਧ ਅਜੇ ਵੀ ਡਾਕ ਰਾਹੀਂ ਮਿਲ ਰਹੀਆਂ ਹਨ ਤੇ ਬਾਕੀ ਆਨਲਾਈਨ ਮਿਲਦੀਆਂ ਹਨ। ਡਾਕ ਰਾਹੀਂ ਮਿਲਣ ਵਾਲੀਆਂ ਦਰਖ਼ਾਸਤਾਂ ਨੂੰ ਲਿਫ਼ਾਫ਼ਿਆਂ 'ਚੋਂ ਕੱਢਣ ਵਾਸਤੇ ਤਿੰਨ ਤੋਂ ਚਾਰ ਦਿਨਾਂ ਦਾ ਸਮਾਂ ਰੱਖਿਆ ਗਿਆ ਹੈ ਅਤੇ ਕਮਿਸ਼ਨ ਅੱਗੇ ਕਾਰਵਾਈ ਵਾਸਤੇ ਪੇਸ਼ ਕਰਨ ਲਈ ਇਸ ਨੂੰ ਹਫ਼ਤੇ ਦਾ ਸਮਾਂ ਲੱਗ ਜਾਂਦਾ ਹੈ। ਆਨਲਾਈਨ ਸ਼ਿਕਾਇਤਾਂ 'ਤੇ ਸੁਣਵਾਈ ਲਈ ਵੀ ਤਿੰਨ ਤੋਂ ਚਾਰ ਦਿਨ ਦਾ ਸਮਾਂ ਲੱਗ ਰਿਹਾ ਹੈ।

ਕਮਿਸ਼ਨ ਦੇ ਚੇਅਰਮੈਨ ਜਸਟਿਸ ਇਕਬਾਲ ਅਹਿਮਦ ਅੰਸਾਰੀ ਅਤੇ ਮੈਂਬਰ ਜਸਟਿਸ ਆਸ਼ੂਤੋਸ਼ ਮੋਹੰਤਾ ਦਾ ਕਹਿਣਾ ਹੈ ਕਿ ਕੇਂਦਰ ਅਤੇ ਰਾਜ ਸਰਕਾਰ ਸਾਰੇ ਕੰਮਾਂ ਵਿੱਚ ਪਾਰਦਰਸ਼ਤਾ ਤੇ ਤੇਜ਼ੀ ਲਿਆ ਰਹੀ ਹੈ। ਕਮਿਸ਼ਨ ਵੀ ਇਸ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ। ਕਮਿਸ਼ਨ ਮੈਂਬਰ ਅਵਿਨਾਸ਼ ਕੌਰ ਨੇ ਕਿਹਾ ਕਿ ਲੋਕਾਂ ਦਾ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਭਰੋਸਾ ਵਧਿਆ ਹੈ।

## ਸਹਿਜ਼ਾਦੀ ਸੋਫੀਆ ਦਲੀਪ ਸਿੰਘ ਦੀ ਡਾਕ ਟਿਕਟ ਜਾਰੀ ਕਰੇਗੀ ਇੰਗਲੈਂਡ ਦੀ ਰਾਇਲ ਮੇਲ ਕੰਪਨੀ

ਹੈ ਅਤੇ ਇਸ ਨੇ ਸੰਨ 1967 ਵਿਚ ਵਿਰਾਸਤੀ ਡਾਕ ਟਿਕਟਾਂ ਜਾਰੀ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਸੀ.

ਉੱਘੀ ਪੱਤਰਕਾਰ ਨਿਰੂਪਮਾ ਦੱਤ ਦੀ ਵਿਸ਼ੇਸ਼ ਰਿਪੋਰਟ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਅਤੇ ਸਿੱਖਾਂ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਬੇਟੀ ਸੋਫੀਆ ਦਲੀਪ ਸਿੰਘ (ਸਾਲ 1876-1948) ਦੇ ਨਾਂਅ ਉੱਤੇ ਬ੍ਰਿਟੇਨ ਵਿਚ ਡਾਕ ਟਿਕਟ ਜਾਰੀ ਕੀਤੀ ਜਾ ਰਹੀ ਹੈ। ਇਹ ਡਾਕ ਟਿਕਟ ਸਹਿਜ਼ਾਦੀ ਸੋਫੀਆ ਦਲੀਪ ਸਿੰਘ ਵੱਲੋਂ ਔਰਤਾਂ ਦੇ ਹੱਕਾਂ ਲਈ ਲੜੀ ਲੜਾਈ ਬਦਲੇ 15 ਫਰਵਰੀ ਨੂੰ ਜਾਰੀ ਕੀਤੀ ਜਾਣੀ ਹੈ। ਸੋਫੀਆ ਦਲੀਪ ਸਿੰਘ ਔਰਤਾਂ ਦੇ ਵੋਟ ਪਾਉਣ ਦੇ ਅਧਿਕਾਰ ਵਾਲੇ ਬ੍ਰਿਟੇਨ ਦੇ ਉਸ ਅੰਦੋਲਨ ਦੀ ਅਹਿਮ ਹਿੱਸਾ ਸੀ, ਜਿਸ ਤੋਂ ਬਾਅਦ 30 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਵੋਟ ਪਉਣ ਦਾ ਹੱਕ ਮਿਲਿਆ ਸੀ। ਬ੍ਰਿਟੇਨ ਵਿਚ ਅਗਲੇ ਮਹੀਨੇ ਔਰਤਾਂ ਨੂੰ ਵੋਟ ਪਾਉਣ ਦੇ ਮਿਲੇ ਅਧਿਕਾਰ ਨੂੰ 100 ਵਰ੍ਹੇ ਪੂਰੇ ਹੋ ਰਹੇ ਹਨ।

ਪੰਜਾਬ ਵਿਚ ਖਾਲਸਾ ਰਾਜ ਸਥਾਪਤ ਕਰਨ ਵਾਲੇ ਅਤੇ ਸ਼ੇਰੇ ਪੰਜਾਬ ਦੇ ਨਾਂਅ ਨਾਲ ਜਾਣੇ ਜਾਂਦੇ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਸੋਫੀਆ ਭਾਵੇਂ ਬ੍ਰਿਟਿਸ਼ ਰੰਗ ਵਿਚ ਰੰਗੀ ਹੋਈ ਸੀ, ਪਰ ਉਸ ਵਿੱਚ ਸਿੱਖ ਸਹਿਜ਼ਾਦੀਆਂ ਵਾਲੀ ਚੜ੍ਹਦੀ ਕਲਾ ਮੌਜੂਦ ਸੀ। ਉਹ ਮਹਾਰਾਜਾ ਦਲੀਪ ਸਿੰਘ ਦੀ ਸਪੁੱਤਰੀ ਸੀ, ਜਿਸ ਨੂੰ ਪੰਜਾਬ ਦੇ ਬ੍ਰਿਟਿਸ਼ ਰਾਜ ਵਿੱਚ ਸ਼ਾਮਲ ਕਰਨ ਤੋਂ ਬਾਅਦ ਜਲਾਵਤਨ ਕਰਕੇ ਇੰਗਲੈਂਡ ਭੇਜ ਦਿੱਤਾ ਗਿਆ ਸੀ, ਜਿਥੇ ਉਸਨੇ ਇਸਾਈਅਤ ਤੋਂ ਪ੍ਰਭਾਵਿਤ ਹੋ ਕੇ ਇਸ ਨੂੰ ਆਪਣਾ ਲਿਆ। ਸੋਫੀਆ ਦੀ ਮਾਂ ਮਹਾਰਾਣੀ ਬਾਂਬਾ ਮਿਓਲਰ ਸੀ। ਉਸਦੀ ਧਰਮ ਮਾਤਾ ਮਹਾਰਾਣੀ ਵਿਕਟੋਰੀਆ ਸੀ।

ਸਹਿਜ਼ਾਦੀ ਸੋਫੀਆ ਇੱਕ ਕ੍ਰਾਂਤੀਕਾਰੀ ਨਾਰੀਵਾਦੀ ਸੀ ਅਤੇ ਹੈਂਪਟਨ ਕੋਰਟ ਮਹਿਲ ਦੇ ਇੱਕ ਘਰ ਵਿੱਚ ਰਹਿੰਦੀ ਸੀ ਜੋ ਮਹਾਰਾਣੀ ਵਿਕਟੋਰੀਆ ਨੇ ਉਸਨੂੰ ਸ਼ਾਹੀ ਸਨਮਾਨ ਵਜੋਂ ਦਿੱਤਾ ਹੋਇਆ ਸੀ। ਉਸਦੀਆਂ ਚਾਰ ਭੈਣਾਂ (ਦੋ ਮਤਰੇਈਆਂ ਸਮੇਤ) ਅਤੇ ਚਾਰ ਭਰਾ ਸਨ। ਉਹ ਐਡਵਾਰਡੀਨ ਔਰਤ ਵਜੋਂ ਪੁਸ਼ਾਕ ਪਹਿਨਦੀ ਸੀ ਭਾਵੇਂ ਉਹ ਭੂਰੇ ਰੰਗ ਵਾਲੀ ਸੀ।

ਇਕ ਫੋਟੋਗ੍ਰਾਫੀ ਪ੍ਰਾਜੈਕਟ ਲਈ ਚੰਡੀਗੜ੍ਹ ਸ਼ਹਿਰ ਦੇ ਦੌਰੇ ਉੱਤੇ ਆਈ "ਦਿ ਬਲੈਕ ਕੰਟਰੀ" ਦੇ ਵੋਲਵਰਹੈਂਪਟਨ ਸਥਿਤ ਨਿਰਮਾਤਾ ਨਿਰਮਾਤਾ ਪਰਮਿੰਦਰ ਕੌਰ ਨੇ ਕਿਹਾ, "ਇਹ ਦੇਸ਼ ਦੇ ਠੰਡੇ ਮੌਸਮ ਤੋਂ ਦਿਲ-ਵਾਚਣ ਵਾਲੀ ਖਬਰ ਹੈ ਕਿ ਮੈਂ ਪੰਜਾਬੀ ਭਾਸ਼ਾ ਦੀ ਦੂਜੀ ਪੀੜੀ ਦੇ ਪ੍ਰਵਾਸੀ ਵਜੋਂ ਜਨਮੀ ਸੀ। ਮੂਲ ਇਹ ਦੱਖਣ ਏਸ਼ੀਆਈ ਮੂਲ ਦੇ ਇਕ ਕਾਰਕੁੰਨ ਨੂੰ ਆਈਕੋਨਿਕ ਰੈਂਕ ਦੇਣ ਦਾ ਵੀ ਇਕ ਪ੍ਰਗਤੀਸ਼ੀਲ ਫੈਸਲਾ ਹੈ।"

ਸੋਫੀਆ ਦੀ ਜੀਵਨੀ ਲਿਖਣ ਵਾਲੀ ਬੀਬੀਸੀ ਪੱਤਰਕਾਰ ਅਨੀਤਾ ਅਨੰਦ ਨੇ ਲਿਖਿਆ ਹੈ ਕਿ "ਸੋਫੀਆ: ਪ੍ਰਿੰਸੀਪਲ, ਸਪ੍ਰਰੇਗੇਟ, ਰੈਵੋਲੂਸ਼ਨਰੀ" ਸਹਿਜ਼ਾਦੀ ਨੇ ਉੱਚੀਆਂ ਤੇ ਸੱਚੀਆਂ ਕਦਰਾਂ ਕੀਮਤਾਂ ਉੱਤੇ ਪਹਿਰਾ ਦਿੰਦਿਆਂ ਲੋਕ ਹੱਕਾਂ ਲਈ ਅਵਾਜ਼ ਬੁਲੰਦ ਕਰਦਿਆਂ ਅਪਣੀ ਜ਼ਿੰਦਗੀ ਬਤੀਤ ਕੀਤੀ। ਉਹ ਕਹਿੰਦੀ ਹੈ: "ਸੋਫੀਆ ਨੇ ਅਨਿਆਂ ਤੇ ਬੇਇਨਸਾਫ਼ੀ ਨਾਲ ਜੂਝ ਕੇ ਇਤਿਹਾਸ ਸਿਰਜਿਆ ਹੈ।

ਜ਼ਿਕਰਯੋਗ ਹੈ ਕਿ ਸਹਿਜ਼ਾਦੀ ਸੋਫੀਆ ਦਲੀਪ ਸਿੰਘ ਦਾ ਜਨਮ 8 ਅਗਸਤ 1876 ਨੂੰ ਐਲਵੀਡਨ ਹਾਲ ਸਫਲਕ ਵਿਖੇ ਮਹਾਰਾਜਾ ਦਲੀਪ ਸਿੰਘ ਦੀ ਪਹਿਲੀ ਪਤਨੀ ਬੰਬਾ ਮੂਲਰ ਦੀ ਕੁੱਖੋਂ ਹੋਇਆ ਸੀ, ਜਦ ਕਿ ਉਨ੍ਹਾਂ ਦਾ ਦਿਹਾਂਤ 22 ਅਗਸਤ 1948 ਨੂੰ 72 ਸਾਲ ਦੀ ਉਮਰ ਵਿਚ ਟੇਲਰਸ ਗਰੀਨ, ਬਕਿੰਘਮਸ਼ਾਇਰ ਇੰਗਲੈਂਡ ਵਿਚ ਹੋਇਆ। ਬਰਤਾਨੀਆ ਦੀ ਸੰਸਦ ਵਿਚ ਪਹਿਲੀ ਔਰਤ ਐਮ. ਪੀ. ਕਨਸਟੈਂਸ ਮਾਰਕਵਿਕਜ਼ 1918 ਦੀਆਂ ਆਮ ਚੋਣਾਂ ਮੌਕੇ ਚੁਣੀ ਗਈ ਸੀ, ਪਰ ਉਸ ਨੇ ਸਹੁੰ ਨਾ ਚੁੱਕਣ ਕਰਕੇ ਆਪਣੀ ਸੀਟ ਹਾਸਿਲ ਨਹੀਂ ਕਰ ਸਕੀ।

ਇਸ ਤੋਂ ਬਾਅਦ ਨੈਨਸੀ ਐਸਟਰ ਦਸੰਬਰ 1919 ਵਿਚ ਪਲੈਮਾਊਥ ਸੁਟਨ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਵੱਲੋਂ ਚੁਣੀ ਗਈ, ਜਿਸ ਨੂੰ ਅਧਿਕਾਰਤ ਤੌਰ 'ਤੇ ਪਹਿਲੀ ਬਰਤਾਨਵੀ ਸੰਸਦ ਔਰਤ ਐਮ. ਪੀ. ਵਜੋਂ ਜਾਣਿਆ ਜਾਂਦਾ ਹੈ। ਜਿਥੇ ਇਸ ਸਮੇਂ ਬ੍ਰਿਟੇਨ ਦੀ ਪ੍ਰਧਾਨ ਮੰਤਰੀ ਇਕ ਔਰਤ ਹੈ, ਉਥੇ ਪਹਿਲੀ ਸਿੱਖ ਐਮ ਪੀ ਪ੍ਰੀਤ ਕੌਰ ਸ਼ੇਰਗਿੱਲ ਨੂੰ ਹੁਣੇ-ਹੁਣੇ ਸ਼ੈਡੋ ਮੰਤਰੀ ਦਾ ਰੁਤਬਾ ਦਿੱਤਾ ਗਿਆ ਹੈ। ਖੁਸ਼ੀ ਦੀ ਗੱਲ ਹੈ ਕਿ ਔਰਤਾਂ ਦੇ ਹੱਕਾਂ ਲਈ ਸੰਘਰਸ਼ ਲੜਨ ਵਾਲੀ ਸੋਫੀਆ ਦਲੀਪ ਸਿੰਘ ਦੇ ਸੰਘਰਸ਼ ਤੋਂ 100 ਵਰ੍ਹੇ ਬਾਅਦ ਇਕ ਸਿੱਖ ਔਰਤ ਨੂੰ ਇਹ ਮਾਣ ਪ੍ਰਾਪਤ ਹੋਇਆ ਹੈ। ਇਸ ਸਮੇਂ ਬ੍ਰਿਟੇਨ ਦੀ ਪਾਰਲੀਮੈਂਟ ਵਿੱਚ ਕੰਜ਼ਰਵੇਟਿਵ ਪਾਰਟੀ ਦੀਆਂ 67, ਲੇਬਰ ਪਾਰਟੀ ਦੀਆਂ 119, ਐਸ ਐਨ ਪੀ ਦੀਆਂ 12, ਲਿਬਰਲ ਡੈਮੋਕ੍ਰੇਟਿਕ ਪਾਰਟੀ ਦੀਆਂ ਚਾਰ, ਗਰੀਨ ਪਾਰਟੀ ਦੀ ਇਕ ਮੈਂਬਰ ਹਨ। ਇਸ ਦੇ ਉਪਰਲੇ ਸਦਨ ਹਾਊਸ ਆਫ ਲੌਰਡਜ਼ ਵਿੱਚ ਵੀ 176 ਔਰਤਾਂ ਮੈਂਬਰ ਹਨ।

ਸੋਫੀਆ ਸੁਰਿੰਦਰ ਕੌਰ ਨਾਂ ਦੀ ਇਕ ਔਰਤ ਨੇ ਆਪਣੇ ਟਵੀਟ ਵਿਚ ਲਿਖਿਆ ਹੈ ਕਿ ਇਹ ਮਾਣ ਵਾਲੀ ਗੱਲ ਹੈ ਅਤੇ ਉਨ੍ਹਾਂ ਨੇ ਯੂ ਕੇ ਦੀ ਸਰਦਾਰਨੀ ਕਹਿ ਕੇ ਸੋਫੀਆ ਦਲੀਪ ਸਿੰਘ ਦਾ ਧੰਨਵਾਦ ਵੀ ਕੀਤਾ ਹੈ।

ਇਕ ਹੋਰ ਬਰਤਾਨਵੀ ਔਰਤ ਬਰਿਟ ਨੇ ਲਿਖਿਆ ਹੈ ਕਿ ਉਨ੍ਹਾਂ ਇਸ ਟਵੀਟ ਤੋਂ ਪਹਿਲਾਂ ਕਦੇ ਵੀ ਸੋਫੀਆ ਦਲੀਪ ਸਿੰਘ ਬਾਰੇ ਨਹੀਂ ਸੁਣਿਆ ਸੀ। ਉਨ੍ਹਾਂ ਕਿਹਾ ਕਿ ਇਹ ਸ਼ਰਮ ਵਾਲੀ ਗੱਲ ਹੈ ਕਿ ਸਾਡੇ ਸਕੂਲਾਂ ਵਿਚ ਸਹਿਜ਼ਾਦੀ ਸੋਫੀਆ ਦਲੀਪ ਸਿੰਘ ਦੇ ਕੰਮ ਕਾਜ ਅਤੇ ਪ੍ਰਾਪਤੀਆਂ ਬਾਰੇ ਨਹੀਂ ਪੜ੍ਹਾਇਆ ਜਾਂਦਾ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sadelok.com

SUNPREME
Premium Bifacial Thin Film Solar

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

# KHALSA
## INSURANCE AGENCY, INC.

Khalsa Insurance Agency is among TOP 50 agencies of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com